## A RESEARCH PROPOSAL

**ON**

# ਅਜੋਕੇ ਦੌਰ ਦੇ ਸੰਦਰਭ ਵਿੱਚ 'ਆਸਾ ਦੀ ਵਾਰ'ਵਿੱਚ ਪ੍ਰਸਤੁੱਤ ਵਿਸ਼ਵੀ-ਚੇਤਨਾ

**(AJOKE YUG DAE SANDARBH VICH 'ASA DI VAR' VICH PRASTUT VISHVI-CHETNA)**

## Submitted to

## LOVELY PROFESSIONAL UNIVERSITY

**In partial fulfilment of the requirements for the award of degree of**

## MASTERS OF ARTS in PUNJABI

**Submitted By:** **Supervised By:**

**Narinderpreet Kaur** **Harpreet Singh**

**(11502081)** **(Asst. Prof.)**

**FACULTY OF ARTS and LANGUAGES**

**LOVELY PROFESSIONAL UNIVERSITY**

**PUNJAB**

**2016-2017**

**ਘੋਸ਼ਣਾ-ਪੱਤਰ**

ਮੈਂ ਨਰਿੰਦਰਪ੍ਰੀਤ ਕੌਰ ਇਹ ਬਿਆਨ ਕਰਦੀ ਹਾਂ ਕਿ "ਅਜੋਕੇ ਦੌਰ ਦੇ ਸੰਦਰਭ ਵਿੱਚ 'ਆਸਾ ਦੀ ਵਾਰ'ਵਿੱਚ ਪ੍ਰਸਤੁੱਤ ਵਿਸ਼ਵੀ-ਚੇਤਨਾ" ਵਿਸ਼ੇ ਉੱਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ ਅਤੇ ਇਸ ਵਿਚ ਕੋਈ ਹੋਰ ਹਿੱਸੇਦਾਰ ਨਹੀਂ ਹੈ। ਇਸ ਖੋਜ-ਪ੍ਰਬੰਧ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਿਲ ਨਹੀਂ ਹੈ ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਜਾ ਚੁੱਕਾ ਹੋਵੇ।

ਖੋਜਾਰਥਣ

ਨਰਿੰਦਰਪ੍ਰੀਤ ਕੌਰ

ਰਜਿ. ਨੰ. 11502081

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥਣ ਨਰਿੰਦਰਪ੍ਰੀਤ ਕੌਰ ਨੇ "ਅਜੋਕੇ ਦੌਰ ਦੇ ਸੰਦਰਭ ਵਿੱਚ 'ਆਸਾ ਦੀ ਵਾਰ' ਵਿੱਚ ਪ੍ਰਸਤੁੱਤ ਵਿਸ਼ਵੀ-ਚੇਤਨਾ" ਵਿਸ਼ੇ ਉੱਤੇ ਐਮ.ਏ ਪੰਜਾਬੀ ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ-ਕਾਰਜ ਕੀਤਾ ਹੈ। ਇਹ ਖੋਜਾਰਥੀ ਦਾ ਮੌਲਿਕ ਕਾਰਜ ਹੈ ਅਤੇ ਉਸ ਦੀ ਮਿਹਨਤ ਦਾ ਪ੍ਰਤਿਫ਼ਲ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਐਮ.ਏ ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਹਿੱਤ ਪ੍ਰਸਤੁਤ ਕਰਨ ਦੀ ਸਿਫਾਰਸ਼ ਕਰਦਾ ਹਾਂ। ਇਸ ਤੋਂ ਪਹਿਲਾਂ ਇਹ ਖੋਜ-ਕਾਰਜ ਕਿਸੇ ਵੀ ਡਿਗਰੀ ਲਈ ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ।

ਮਿਤੀ: ਨਿਗਰਾਨ

**ਹਰਪ੍ਰੀਤ ਸਿੰਘ**

ਸਹਾਇਕ ਪ੍ਰੋਫ਼ੈਸਰ,

ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼,

ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਟੀ,
ਫਗਵਾੜਾ (ਪੰਜਾਬ)

# ਤੱਤਕਰਾ

**ਅਧਿਆਇ ਵੰਡ**


**ਅਧਿਆਇ : 1 ਸਿਧਾਂਤਕ ਪਿੱਠ ਭੂਮੀ..............................................7-33**

1.1 ਭੂਮਿਕਾ

1.2 ਖੋਜ ਕਾਰਜ ਦੇ ਉਦੇਸ਼

1.3 ਖੋਜ ਕਾਰਜ ਦੀ ਸਾਰਥਿਕਤਾ

1.4 ਖੋਜ ਕਾਰਜ ਦੀ ਖੋਜ ਵਿਧੀ

1.5 ਖੋਜ ਕਾਰਜ ਦੇ ਪੂਰਵ ਖੋਜ-ਕਾਰਜ

1.6 ਖੋਜ ਕਾਰਜ ਦਾ ਖੇਤਰ

1.7 ਖੋਜ ਕਾਰਜ ਦੀਆਂ ਸੰਭਾਵਨਾਵਾਂ

1.8 ਮੱਧਕਾਲੀ ਸਾਹਿਤ : ਸਰੂਪ ਅਤੇ ਵਿਚਾਰਧਾਰਾ

1.9 ਗੁਰੂ ਨਾਨਕ ਬਾਣੀ : ਚਿੰਤਨ ਤੇ ਚੇਤਨਾ

**ਅਧਿਆਇ : 2** ਆਸਾ ਦੀ ਵਾਰ : ਅਧਿਆਤਮਿਕ ਚੇਤਨਾ..................................34-43

**ਅਧਿਆਇ : 3** ਆਸਾ ਦੀ ਵਾਰ : ਸਮਾਜਿਕ ਚੇਤਨਾ..........................................44-54

**ਅਧਿਆਇ : 4** ਆਸਾ ਦੀ ਵਾਰ : ਸਦਾਚਾਰਕ ਚੇਤਨਾ.........................................55-75

**ਅੀਧਆਇ : 5** ਆਸਾ ਦੀ ਵਾਰ : ਰਾਜਨੀਤਿਕ ਚੇਤਨਾ........................................76-82

**ਸਾਰ.....................................................................................83-90**

**ਪੁਸਤਕ ਸੂਚੀ.......................................................................91**

# ਅਧਿਆਇ : ਪਹਿਲਾ

# ਅਧਿਆਇ : ਪਹਿਲਾ

## 1.1 ਭੂਮਿਕਾ

ਗੁਰਮਤਿ ਕਾਵਿ ਧਾਰਾ ਮੱਧ ਕਾਲ ਵਿੱਚ ਸਿਰਜਿਆ ਇੱਕ ਅਜਿਹਾ ਅਮੀਰ ਸਾਹਿਤਕ ਰੂਪ ਹੈ ਜੋ ਅੱਜ ਵੀ ਪੰਜਾਬੀ ਸਾਹਿਤ ਵਿੱਚ ਵਿਲੱਖਣ ਅਤੇ ਮਹੱਤਵਪੂਰਨ ਸਥਾਨ ਰੱਖਦਾ ਹੈ। ਇਸ ਕਾਵਿ ਧਾਰਾ ਦੇ ਕਾਰਨ ਪੰਜਾਬੀ ਸਾਹਿਤ ਹਰ ਪੱਖ ਤੋਂ ਅਮੀਰ ਹੈ ਜੋ ਸਮੁੱਚੀ ਜਾਤੀ ਦੇ ਜੀਵਨ ਵਿੱਚ ਬੁਰੇ ਅਮਲਾਂ ਨੂੰ ਛੱਡ ਕੇ ਚੰਗੇ ਅਮਲਾਂ ਦੇ ਮਾਰਗ ਤੇ ਚੱਲਣ ਦਾ ਮਾਰਗ ਦਿੰਦਾ ਹੈ। ਜਿਸ ਨਾਲ ਮਨੁੱਖ ਦੇ ਮਨ ਦੀ ਮੈਲ ਆਪਣੇ ਆਪ ਕੱਟੀ ਜਾਂਦੀ ਹੈ। ਗੁਰਮਤਿ ਕਾਵਿ ਧਾਰਾ ਦੀ ਵਿਚਾਰਧਾਰਾ ਵਿਗਿਆਨਕ ਅਧਾਰ ਵਾਲੀ ਹੋਣ ਕਰਕੇ ਪੰਜਾਬੀ ਸਾਹਿਤ ਵਿੱਚ ਇੱਕ ਮਹੱਤਵਪੂਰਨ ਸਥਾਨ ਰੱਖਦੀ ਹੈ। ਇਹ ਕਾਵਿ ਧਾਰਾ ਵਿਅਕਤੀ ਨੂੰ ਆਤਮਾ ਤੋਂ ਪਰਮਾਤਮਾ ਤੱਕ ਲੈ ਕੇ ਜਾਣ ਦਾ ਉਦੇਸ਼ ਦਿੰਦੀ ਹੈ। ਗੁਰਮਤਿਕਾਵਿ ਧਾਰਾ ਨੇ ਪੰਜਾਬੀ ਸਾਹਿਤ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਪਾਇਆ ਹੈ ਅਤੇ ਵਿਸ਼ਵ ਅੰਦਰ ਇੱਕ ਇਨਕਲਾਬੀ ਸੋਚ ਪੈਦਾ ਕੀਤੀ ਹੈ ਜੋ ਹਮੇਸ਼ਾ ਦੂਜਿਆਂ ਦਾ ਭਲਾ ਕਰਨ ਵਿੱਚ ਸਹਾਈ ਹੁੰਦੀ ਹੈ।

ਗੁਰਬਾਣੀ ਵਿਸ਼ਵ ਨੂੰ ਸੱਚ ਦਾ ਮਾਰਗ ਦਿੰਦੀ ਹੋਈ ਕਾਮ, ਕਰੋਧ, ਮੋਹ, ਲਾਲਚ, ਹੰਕਾਰ ਤੋਂ ਛੁਟਕਾਰਾ ਦਿਵਾਉਂਦੀ ਹੈ। ਇਸ ਮਾਰਗ ਦਰਸ਼ਨ ਕਰਕੇ ਹੀ ਅੱਜ ਆਸਾ ਦੀ ਵਾਰ ਨੂੰ ਪੂਰੇ ਸਮਾਜ ਵਿੱਚ ਸਤਿਕਾਰ ਅਤੇ ਵਡਿਆਈ ਮਿਲ ਰਹੀ ਹੈ ਤੇ ਵਿਸ਼ਵ ਦੇ ਵਿਆਪਕ ਅਰਥਾਂ ਦੀ ਮਹੱਤਤਾ ਰੱਖਦੀ ਹੈ।

ਆਸਾ ਦੀ ਵਾਰ ਸਿਰਫ਼ ਪੰਜਾਬ ਅਤੇ ਪੰਜਾਬੀਅਤ ਦੀ ਹੀ ਨਾ ਹੋ ਕੇ ਪੂਰੇ ਵਿਸ਼ਵ ਦੀ ਪ੍ਰਤੀਨਿੱਧਤਾ ਉੱਪਰ ਢੁੱਕਦੀ ਹੈ। ਇਹ ਕਾਵਿ-ਧਾਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਦਰਜ ਹੈ।ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਆਸਾ ਦੀ ਵਾਰ ਸਮੇਂ ਅਤੇ ਸਥਾਨ ਦੀ ਵਿੱਥ ਦੇ ਬਾਵਜੂਦ ਅੱਜ ਵਿਸ਼ਵ ਦ੍ਰਿਸ਼ਟੀ ਅਤੇ ਵਿਚਾਰਧਾਰਾ ਨਾਲ ਮੇਲ ਖਾਂਦੀ ਹੈ।

ਆਸਾ ਦੀ ਵਾਰ ਭਾਰਤ ਦੀ ਵੱਡ ਆਕਾਰੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ਜਿਸ ਦਾ ਸਾਹਿਤ ਅਤੇ ਧਰਮ ਦੋਵਾਂ ਨਾਲ ਡੂੰਘਾ ਸਬੰਧ ਹੈ। ਇਸ ਰਚਨਾ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਹੋਏ ਜਿੰਨ੍ਹਾਂ ਦੇ ਪ੍ਰਵੇਸ਼ ਦੁਆਰਾ ਹੀ ਗੁਰਮਤਿ ਕਾਵਿ ਧਾਰਾ ਦੀ ਸ਼ੁਰੂਆਤ ਹੋਈ ਤੇ ਗੁਰਮਤਿ ਕਾਵਿ ਧਾਰਾ ਨੂੰ ਅੱਗੇ ਤੋਰਨ ਵਿੱਚ ਅਹਿਮ ਯੋਗਦਾਨ ਪਾਇਆ। ਆਸਾ ਦੀ ਵਾਰ ਅਧਿਆਤਮਿਕ, ਸਮਾਜਿਕ, ਸਦਾਚਾਰਤਾ, ਰਾਜਨੀਤੀ ਆਦਿ ਵਿੱਚ ਇੱਕ ਨਵੀਂ ਚੇਤਨਾ ਪੈਦਾ ਕਰਦੀ ਹੈ। ਇਹ ਮਾਨਵਤਾ ਨੂੰ ਜੀਵਨ ਦਾ ਸੱਚਾ ਮਾਰਗ ਸਮਝਾਉਂਦੀ ਹੈ। ਇਸ ਦੇ ਅੰਦਰ ਨਾਮ ਸਿਮਰਨ ਦੀ ਮਹੱਤਤਾ ਦਰਸਾਈ ਗਈ ਹੈ। ਵਿਸ਼ਵ ਨੂੰ ਅੰਧ ਵਿਸ਼ਵਾਸ ਵਰਗੀਆਂ ਕੁਰੀਤੀਆਂ ਵਿੱਚੋਂ ਕੱਢ ਕੇ ਸੱਚ ਨਾਲ ਲੋਕਾਂ ਨੂੰ ਜਾਣੂ ਕਰਵਾਇਆ ਹੈ। ਇਹ ਸਾਡੇ ਜੀਵਨ ਵਿੱਚ ਗੁਰੂ ਦੀ ਮਹੱਤਤਾ ਨੂੰ ਦਰਸਾਉਂਦੀ ਹੈ ਜਿਸ ਰਾਹੀਂ ਮਨੁੱਖ ਪਰਮਾਤਮਾ ਨੂੰ ਜਾਣ ਸਕਦਾ। ਆਸਾ ਦੀ ਵਾਰ ਅਨੁਸਾਰ ਪਰਮਾਤਮਾ ਇੱਕ ਹੈ ਅਤੇ ਉਹ ਸਾਰੀ ਸ੍ਰਿਸ਼ਟੀ ਦਾ ਸਿਰਜਣਹਾਰ ਹੈ। ਪਰਮਾਤਮਾ ਕਣ-ਕਣ ਵਿੱਚ ਵੱਸਦਾ ਹੈ। ਪਰਮਾਤਮਾ ਪ੍ਰਕਾਸ਼ਮਾਨ ਹੈ ਭਾਵ ਪਰਮਾਤਮਾ ਦਾ ਰੂਪ ਮਨੁੱਖੀ ਹਿਰਦੇ ਨੂੰ ਰੁਸ਼ਨਾਉਂਦਾ ਹੈ ਅਤੇ ਗੁਰੂ ਦਾ ਸਿਮਰਨ ਹੀ ਪਰਮਾਤਮਾ ਨੂੰ ਪਾਉਣ ਦਾ ਇੱਕੋ ਇੱਕ ਰਾਹ

ਹੈ।ਆਸਾ ਦੀ ਵਾਰ ਸਾਰੇ ਦੁਨਿਆਵੀ ਕਰਮ ਕਾਡਾਂ ਤੋਂ ਦੂਰ ਕਰਕੇ ਮਨੁੱਖ ਨੂੰ ਪਰਮਾਤਮਾ ਨਾਲ ਜੋੜਨ ਵਿੱਚ ਸਹਾਈ ਹੈ। ਇਸ ਕਰਕੇ ਆਸਾ ਦੀ ਵਾਰ ਅੱਜ ਦੇ ਵਿਸ਼ਵੀਕਰਨ ਯੁੱਗ ਵਿੱਚ ਵੀ ਸਾਰੇ ਸੰਸਾਰ ਨੂੰ ਇੱਕਜੁੱਟ ਕਰਨ ਵਿੱਚ ਸਹਾਈ ਹੈ। ਆਸਾ ਦੀ ਵਾਰ ਸਿਰਫ ਇੱਕ ਸਾਹਤਿਕ ਜਾਂ ਧਾਰਮਿਕ ਰਚਨਾ ਨਾ ਹੋ ਕੇ ਵਿਸ਼ਵ ਨੂੰ ਉਸਾਰੂ ਸੋਚ ਦੇਣ ਵਾਲੀ ਸਾਹਿਤ ਦੀ ਬਹੁਤ ਹੀ ਸਕਤੀਸ਼ਾਲੀ ਕਾਵਿ-ਧਾਰਾ ਹੈ।

ਇਸ-ਕਾਵਿ ਧਾਰਾ ਵਿੱਚ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦਾ ਅਹਿਮ ਯੋਗਦਾਨ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਮੋਢੀ ਸਨ। ਗੁਰੂ ਨਾਨਕ ਦੇਵ ਜੀ ਦਾ ਜਨਮ 15 ਅਪ੍ਰੈਲ 1469 ਈਸਵੀਂ ਵਿੱਚ ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ ਰਾਏ ਭੋਇ ਵਿਖੇ ਹੋਇਆ ਤੇ ਇਸ ਸਥਾਨ ਨੂੰ ਅੱਜ ਕੱਲ ਸ੍ਰੀ ਨਨਕਾਣਾ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਜਨਮ ਦਿਨ ਦੀ ਦਲੀਲ ਭਾਈ ਗੁਰਦਾਸ ਜੀ ਦੀ ਮਹਿਮਾ ਵਿੱਚ ਮਿਲਦੀ ਹੈ।

ਕਾਰਤਕ ਮਾਸ ਰੁਤ ਸਰਤਿ ਪੂਰਨਮਾਸ਼ੀ
ਆਠ ਜਾਮ ਸਾਠ ਘੜੀ ਆਜ ਤੇਰੀ ਬਾਰੀ ਹੈ
ਅਓਸਰ ਅਭੀਚ ਬਹੁ ਨਾ ਇਕ ਕੀ ਕਾਇਕਾ ਹੋਇ
ਰੂਪ ਗੁਣ ਜੋਬਨ ਸੰਗਾਰ ਅਧਿਕਾਰੀ

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਸ਼ੁਭ ਆਗਮਨ ਸਮੇਂ ਨੂੰ ਅੰਧਕਾਰ ਯੁੱਗ ਦਾ ਨਾਂ ਦਿੱਤਾ। ਕਿਉਂਕਿ ਉਸ ਸਮੇਂ ਚਾਰੇ ਪਾਸੇ ਅਗਿਆਨਤਾ ਦਾ ਹਨੇਰਾ ਸੀ। ਗੂਰੂ ਜੀ ਦੇ ਪਿਤਾ ਦਾ ਨਾਮ ਮਹਿਤਾ ਕਾਲੂ ਰਾਇ ਜੀ ਅਤੇ ਮਾਤਾ ਦਾ ਨਾਮ ਤ੍ਰਿਪਤਾ ਦੇਵੀ ਸੀ। ਗੁਰੂ ਜੀ ਬਾਲ ਅਵਸਥਾ ਤੋਂ ਹੀ ਬ੍ਰਹਮ ਲੀਨ, ਮਿਹਨਤੀ, ਬੁੱਧੀਮਾਨ ਅਤੇ ਸ਼ਾਤ ਸੁਭਾਅ ਦੇ ਸਨ। ਬਚਪਨ ਵਿੱਚ ਪੜ੍ਹਾਈ ਵਿੱਚ ਰੁਚੀ ਨਾ ਹੋਣ ਕਰਕੇ ਉਨ੍ਹਾਂ ਨੂੰ ਘਰੋਗੀ ਅਤੇ ਵਪਾਰਕ ਕੰਮਾਂ ਵਿੱਚ ਲਾਉਣਾ ਚਾਹਿਆ ਜਿੰਨ੍ਹਾਂ ਬਾਰੇ ਅਨੇਕਾਂ ਸਾਖੀਆਂ ਵੀ ਪ੍ਰਚਲਿਤ ਹਨ। 1485 ਈਸਵੀ ਵਿੱਚ ਆਪ ਜੀ ਦਾ ਵਿਆਹ ਮਾਤਾ ਸੁਲੱਖਣੀ ਨਾਲ ਹੋਇਆ। ਆਪ ਜੀ ਦੇ ਘਰ ਦੋ ਪੁੱਤਰ ਹੋਏ ਬਾਬਾ ਸ੍ਰੀ ਚੰਦ ਜੀ ਜਿਨ੍ਹਾਂ ਨੂੰ ਉਦਾਸੀ ਮਤ ਦਾ ਮੋਢੀ ਵੀ ਮੰਨਿਆ ਜਾਂਦਾ ਹੈ ਅਤੇ ਲਖਮੀ ਚੰਦ ਜੀ। 1507 ਈਸਵੀ ਵਿੱਚ ਜਦ ਉਨ੍ਹਾਂ ਨੂੰ ਇਹ ਇਲਮ ਹੋਇਆ ਕਿ 'ਕੋ ਨਾ ਹਿੰਦੂ ਨਾ ਕੋ ਮੁਸਲਮਾਨ' ਸੰਸਾਰਿਕ ਕੰਮਾਂ ਨੂੰ ਛੱਡ ਕੇ ਅਧਿਆਤਮਵਾਦ ਅਤੇ ਸਦਾਚਾਰਕਤਾ ਦੇ ਪ੍ਰਚਾਰ ਦੀ ਸ਼ੁਰੂਆਤ ਕੀਤੀ। ਇਸ ਮਿਸ਼ਨ ਦੀ ਪੂਰਤੀ ਲਈ ਗੁਰੂ ਜੀ ਨੇ ਚਾਰੇ ਦਿਸ਼ਾਵਾਂ ਵਿੱਚ ਚਾਰ ਉਦਾਸੀਆਂ ਕੀਤੀਆ। ਇੰਨ੍ਹਾਂ ਉਦਾਸੀਆਂ ਸਮੇਂ ਗੁਰੂ ਨਾਨਕ ਦੇਵ ਜੀ ਨੇ ਪ੍ਰਸਿੱਧ ਤੀਰਥ ਸਥਾਨਾਂ ਤੇ ਜਾ ਕੇ ਧਾਰਮਿਕ ਆਗੂਆਂ ਨਾਲ ਵਿਚਾਰ ਵਟਾਂਦਰੇ ਕੀਤੇ ਤੇ ਵਿਸ਼ਵ ਨੂੰ ਪਰਮਾਤਮਾ ਦੇ ਸੱਚੇ ਮਾਰਗ ਬਾਰੇ ਗੋਸ਼ਟਾਂ ਅਤੇ ਬਹਿਸਾਂ ਰਾਹੀ ਜਾਣੂ ਕਰਵਾਇਆ। ਇਸ ਤੋਂ ਇਲਾਵਾ ਵਹਿਮਾਂ-ਭਰਮਾਂ, ਮੂਰਤੀ ਪੂਜਾ, ਨਰ ਬਲੀ ਆਦਿ ਹੋਰ ਬਾਹਰੀ ਅਡੰਬਰਾਂ ਦਾ ਵਿਰੋਧ ਕੀਤਾ। ਕਿਉਂ ਕਿ ਉਸ ਸਮੇਂ ਧਰਮ ਦੇ ਅਨੇਕਾਂ ਅਸੂਲਾਂ ਦੇ ਕਾਰਨ ਹਰ ਸਮਾਜ ਦੇ ਵੱਖ ਵੱਖ ਸਮੂਹਾਂ ਨੂੰ ਦੁੱਖ ਭੋਗਣੇ ਪਏ ਤੇ ਭਾਰਤੀ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ। ਪਿਛਲੀਆਂ ਸਦੀਆਂ ਤੋਂ ਹੁਣ ਤੱਕ ਧਰਮ ਦੀ

ਕੀਮਤ ਘਟੀ ਨਹੀਂ ਸਗੋਂ ਵਧੀ ਹੈ। ਸਦੀਆਂ ਪਹਿਲਾਂ ਦੀ ਤਰ੍ਹਾਂ ਸੱਚਾ ਧਰਮੀ ਬੰਦਾ ਅਸੂਲ ਪ੍ਰਸਤ, ਸੱਚ ਦਾ ਪਿਆਰਾ, ਲੋਕਾਂ ਲਈ ਮਰ ਮਿਟਣ ਵਾਲਾ ਅਤੇ ਲੋਕਾਂ ਦੇ ਪਿਆਰ ਸਤਿਕਾਰ ਦਾ ਹੱਕ ਹੈ।
ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਵਡਮੁੱਲੇ ਸੰਗ੍ਰਹਿ ਹਨ। ਗੁਰੂ ਨਾਨਕ ਦੇਵ ਜੀ ਨੇ ਰਾਗਾਂ ਨੂੰ ਪ੍ਰਭੂ ਸਿਮਰਨ ਵਿੱਚ ਤਬਦੀਲ ਕੀਤਾ ਅਤੇ ਆਪਣੇ ਸਿੱਖਾਂ ਦੇ ਜੀਵਨ ਦਾ ਅਹਿਮ ਹਿੱਸਾ ਬਣਾ ਦਿੱਤਾ। ਅੱਜ ਜੋ ਸਵੇਰੇ-ਸ਼ਾਮ ਗੁਰੂ ਘਰਾਂ ਵਿੱਚ ਕੀਰਤਨ ਹੁੰਦਾ ਹੈ ਇਹ ਗੁਰੂ ਨਾਨਕ ਦੇਵ ਜੀ ਦੀ ਹੀ ਦੇਣ ਹੈ। ਗੁਰੂ ਜੀ ਦੀ ਇਸ ਦੇਣ ਸਦਕਾ ਹੀ ਅੱਜ ਹਰ ਸਿੱਖ ਆਪਣੇ ਘਰੇਲੂ ਜੀਵਨ ਦੀਆਂ ਰੀਤੀਆਂ ਨੂੰ ਵੀ ਕੀਰਤਨ ਨਾਲ ਸੰਪੰਨ ਕਰਦਾ ਹੈ। ਗੁਰੂ ਨਾਨਕ ਦੇਵ ਜੀ ਭਾਰਤ ਵਿੱਚ ਜਿੱਥੇ ਰਾਗ ਦਾ ਜਨਾਜਾ ਕੱਢਿਆ ਜਾ ਚੁੱਕਾ ਸੀ ਉੱਥੇ ਸੰਗੀਤ ਦੇ ਰਖਵਾਲੇ ਬਣੇ। ਉਨ੍ਹਾਂ ਨੇ ਸੰਗੀਤ ਨੂੰ ਧਾਰਮਿਕਤਾ ਦੀ ਪਦਵੀ ਦਿੱਤੀ ਅਤੇ ਸੰਗੀਤਕ ਧੁਨਾਂ ਨੂੰ ਘਰ ਘਰ ਪਹੁੰਚਾਇਆ। ਇਸ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ:

ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ॥

ਗੁਰੂ ਨਾਨਕ ਦੇਵ ਜੀ ਨੇ ਪੰਜਾਬੀ ਸਾਹਿਤ ਦੇ ਨਾਲ ਨਾਲ ਬ੍ਰਿਜ ਭਾਸ਼ਾ, ਸੰਸਕ੍ਰਿਤੀ, ਸੰਤ ਭਾਸ਼ਾ ਦੇ ਵਿੱਚ ਵਿਸ਼ੇਸ ਯੋਗਦਾਨ ਪਾਇਆ। ਇਸ ਤਰ੍ਹਾ ਉਨ੍ਹਾਂ ਨੇ ਭਾਰਤ ਦੇ ਸੰਸਕ੍ਰਿਤਕ ਵਿਰਸੇ ਨੂੰ ਅਮੀਰ ਬਣਾਉਣ ਲਈ ਆਪਣਾ ਸਾਰਾ ਜੀਵਨ ਲੇਖੇ ਲਾਇਆ।

ਗੁਰੂ ਨਾਨਕ ਦੇਵ ਜੀ ਦੀ ਬਾਣੀ "ਆਸਾ ਦੀ ਵਾਰ" ਸੰਸਕ੍ਰਿਤਿਕ ਕਵਿਤਾ ਦੇ ਵਿਕਾਸ ਦੀ ਕਹਾਣੀ ਹੈ। ਸਾਡੀ ਸੰਸਕ੍ਰਿਤੀ ਦਾ ਅਸਲੀ ਟੀਚਾ ਜੀਵਨ ਮਾਰਗ ਨੂੰ ਸੁਖੀ ਬਣਾਉਣਾ ਅਤੇ ਵਿਕਾਸ ਦੀ ਪ੍ਰਕਿਰਿਆ ਕਰਨਾ ਹੈ ਜਿਸ ਲਈ ਮਨੁੱਖ ਸਾਰੀ ਉਮਰ ਸੰਘਰਸ਼ ਕਰਦਾ ਹੈ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਸੰਸਕ੍ਰਿਤ ਤੇ ਤੱਤਕਾਲੀਨ ਸਮਾਜ ਦੇ ਚਿੱਤਰ ਨੂੰ ਬੜੇ ਹੀ ਸੁੰਦਰ ਢੰਗ ਨਾਲ ਬਿਆਨ ਕੀਤਾ ਹੋਇਆ ਹੈ। ਗੁਰੂ ਜੀ ਨੇ ਇੱਕ ਸੌਰਭਮਈ ਧਰਮ ਦੀ ਸਥਾਪਨਾ ਕਰਕੇ ਮਨੁੱਖੀ ਜੀਵਨ ਨੂੰ ਸੰਸਕ੍ਰਿਤਿਕ ਅਤੇ ਸਮਾਜਿਕ ਜਾਗ੍ਰਿਤੀ ਦੇ ਸੰਦੇਸ਼ ਦਿੱਤੇ ਹਨ। ਜੋ ਮਾਨਵੀ ਜੀਵਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਗੁਰੂ ਜੀ ਦੀ ਇਸ ਬਾਣੀ ਵਿੱਚ 'ਸਤਯ' 'ਸ਼ਿਵ'ਅਤੇ 'ਸੁੰਦਰ' ਦੇ ਮੇਲ ਨੂੰ ਬੜੇ ਹੀ ਸੁੰਦਰ ਢੰਗ ਵਿੱਚ ਪੇਸ਼ ਕੀਤਾ ਮਿਲਦਾ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਦਰਜ ਮਨੁੱਖ ਨੂੰ ਅਨੇਕਤਾ ਤੋਂ ਏਕਤਾ ਵੱਲ ਲੈ ਕੇ ਜਾਣ ਦੀ ਅਤੇ ਮੁਕਤੀ ਮਾਰਗ ਦੇ ਢੰਗ ਦੀ ਵਿਚਾਰਧਾਰਾ ਹੈ।

ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਪ੍ਰਗਤੀਸ਼ੀਲ ਅਤੇ ਅਗਾਂਹਵਾਧੂ ਧਾਰਨਾ ਦੀ ਸੂਚਕ ਹੈ। ਇਹ ਉਹ ਧਰਮ ਦੇ ਚਿੰਤਨ ਦੀ ਸਥਾਪਨਾ ਹੈ ਜਿਸ ਦੀ ਪ੍ਰਸੰਗਿਕਤਾ ਸਰਬਕਾਲੀ ਹੈ ਜੋ ਮਾਨਵੀ ਕਲਿਆਣ ਨਾਲ ਜੁੜੀ ਰੱਬੀ ਵਿਚਾਰਧਾਰਾ ਨੂੰ ਆਪਣੇ ਅਮਲ ਰਾਹੀਂ ਧਰਤੀ ਦੇ ਚਿੰਤਨ ਨਾਲ ਜੋੜੀ ਰੱਖਦੀ ਹੈ। ਇਸ ਦੇ ਸਰੋਕਾਰ ਮਾਨਵੀ ਜੀਵਨ ਦੇ ਚੰਗੇਰੇ ਭਵਿੱਖ ਲਈ ਗਤੀਸ਼ੀਲ ਹਨ। ਆਸਾ ਦੀ ਵਾਰ ਦਾ ਵਿਸ਼ਾ ਉਨ੍ਹਾਂ ਧਾਰਨਾਵਾਂ ਦੇ ਵਿਰੋਧ ਵਿੱਚ ਹੈ ਜੋ ਮਾਨਵੀ ਮੁੱਲਾਂ ਤੋਂ ਭਟਕ ਚੁੱਕੇ ਹਨ। ਇਹ ਤੱਥ ਪ੍ਰਮਾਣਿਕ ਹੈ ਕਿ ਗੁਰਮਤਿ ਸਾਹਿਤਕਾਰਾਂ ਨੇ ਅਧਿਆਤਮ ਦੇ ਰੂਪ ਨੂੰ ਅੱਜ ਦੀ ਧਾਰਮਿਕ ਸਾਰਥਕਤਾ ਨਾਲ ਜੋੜ ਕੇ ਇਸ ਨੂੰ ਜੀਵਤ ਰੱਖਿਆ ਹੋਇਆ ਹੈ ਤੇ ਇਹ ਵਿਚਾਰਧਾਰਾ ਆਦਰਸ਼ ਮਨੁੱਖ ਦੇ ਸੰਕਲਪ ਨੂੰ ਪੇਸ਼ ਕਰਦੀ ਹੋਈ ਨੈਤਿਕਤਾ ਦੀ ਧਾਰਨੀ ਹੈ। ਉਹ ਮਨੁੱਖ ਨੂੰ ਸੱਚ ਨਾਲ ਜੋੜਦੀ ਹੈ ਜੋ ਨਾ ਕਿਸੇ ਤੋਂ

ਡਰਦਾ, ਨਾ ਹੀ ਡਰਾਉਂਦਾ ਅਤੇ ਨਾ ਹੀ ਅਣਚਾਹੀਆਂ ਸਥਿਤੀਆਂ ਅੱਗੇ ਝੁਕਦਾ ਆਦਿ ਜਿਹੇ ਆਦਰਸ਼ਾਂ ਨੂੰ ਬਾਣੀ ਦੇ ਵਿੱਚ ਪ੍ਰਗਟਾਇਆ ਹੋਇਆ ਹੈ। ਆਸਾ ਦੀ ਵਾਰ ਵਿੱਚ ਅੱਜ ਦੇ ਮਾਨਵੀ ਸਰੋਕਾਰਾਂ ਨਾਲ ਜੁੜੇ ਹੋਏ ਸੰਕਲਪਾਂ ਨੂੰ ਪੇਸ਼ ਕਰਨ ਦਾ ਪ੍ਰੇਰਣਾਦਾਇਕ ਸੋਮਾ ਹੈ।

ਇਹ ਕਹਿਣਾ ਬਿਲਕੁੱਲ ਉਚਿਤ ਨਹੀਂ ਕਿ ਵਿਗਿਆਨਕ ਯੁੱਗ ਵਿੱਚ ਧਰਮ ਦੀ ਪ੍ਰਸੰਗਿਤਾ ਨਹੀਂ ਰਹਿੰਦੀ। ਕਿਉਂ ਕਿ ਧਰਮ ਦਾ ਸਬੰਧ ਤਾਂ ਮਨੁੱਖੀ ਅੰਤਹਰਣ, ਵਿਵਹਾਰ ਅਤੇ ਚਰਿੱਤਰ ਨਾਲ ਹੈ। ਵਿਗਿਆਨਕ ਸੋਚ ਇੰਨ੍ਹਾਂ ਪ੍ਰਸੰਗਿਕਤਾ ਦੇ ਵਿਰੋਧ ਵਿੱਚ ਨਹੀਂ ਬਲਕਿ ਜਿੱਥੇ ਵਿਗਿਆਨਕ ਸਿਧਾਤਾਂ ਦੀ ਪਹੁੰਚ ਨਹੀਂ ਉੱਥੇ ਧਰਮ ਹੀ ਮਨੁੱਖੀ ਜੀਵਨ ਦੀ ਅਗਵਾਈ ਕਰਦਾ ਹੈ। ਇਹ ਵਿਚਾਰਧਾਰਾ ਮਾਨਵੀ ਜੀਵਨ 'ਤੇ ਪੂਰੀ ਤਰ੍ਹਾਂ ਢੁੱਕਵੀਂ ਹੈ ਇਸ ਵਿੱਚ ਸਮਾਜਿਕ ਅਡੰਬਰਾਂ ਦਾ ਵਿਰੋਧ, ਮਾਨਵੀ ਏਕਤਾ ਦਾ ਅਹਿਮ ਸੰਦੇਸ਼, ਤਨਾਉ ਤੋਂ ਮੁਕਤੀ ਦੇਣਾ ਆਦਿ ਉਦੇਸ਼ ਪੇਸ਼ ਕੀਤੇ ਗਏ ਹਨ। ਗੁਰੂ ਨਾਨਕ ਦੇਵ ਜੀ ਵੱਲੋਂ ਦਿੱਤਾ ਗਿਆ ਧਰਮ ਚਿੰਤਨ ਬੜਾ ਸਰਲ, ਸਪੱਸ਼ਟ ਅਤੇ ਮਨੁੱਖੀ ਸਰੋਕਾਰਾਂ ਦੇ ਨਜਦੀਕ ਹੈ। ਅੱਜ ਆਸਾ ਦੀ ਵਾਰ ਧਰਮ ਦੇ ਚਿੰਤਨ ਦੀ ਨਵੀਨ ਕ੍ਰਾਂਤੀ ਵਜੋਂ ਉੱਭਰ ਕੇ ਸਾਹਮਣੇ ਆਈ ਹੈ।

ਭਾਰਤੀ ਅਧਿਆਤਮਕ ਚਿੰਤਨਾਂ ਦੇ ਸਿੱਟੇ ਅਨੁਸਾਰ ਗੁਰੂ ਜੀ ਨੇ ਨਵੀਨ ਧਰਮ ਦੀ ਸਥਾਪਨਾ ਕੀਤੀ। ਉਨਾਂ ਨੇ ਪ੍ਰਮਾਤਮਾ ਦੇ ਸਰਬਵਿਆਪੀ ਅਤੇ ਸਰਬਸ਼ਕਤੀਮਾਨ ਰੂਪ ਨੂੰ ਮੰਨ ਕੇ ਸਮਾਜਿਕ ਏਕਤਾ ਲਿਆਉਣ ਦੀ ਇੱਕ ਸਫ਼ਲ ਕੋਸ਼ਿਸ ਕੀਤੀ। ਵੱਖ-ਵੱਖ ਸੰਪ੍ਰਦਾਵਾਂ ਦੀ ਬਜਾਏ ਭਾਰਤੀ ਸੰਸਕ੍ਰਿਤੀ ਚੇਤਨਾ ਦੇ ਵਿਕਾਸ ਲਈ ਅਧਿਆਤਮਿਕ ਜੀਵਨ ਹੀ ਪ੍ਰਤਿਸ਼ਠਾ ਕੀਤੀ, ਕਰਮ ਕਾਂਡ ਦੇਵੀ ਦੇਵਤਿਆਂ ਦਾ ਵਿਰੋਧ ਕੀਤਾ, ਅੱਲਾਹ-ਰਾਮ ਦੇ ਨਾਮ ਦੀ ਜਗ੍ਹਾਂ ਅਧਿਆਤਮਕ ਏਕਤਾ ਦੀ ਨੀਂਹ ਰੱਖੀ ਤੇ ਨਾਲ ਹੀ ਅਵਤਾਰਵਾਦ ਦਾ ਖੰਡਨ ਕੀਤਾ। ਅਧਿਆਤਮਿਕ ਖੇਤਰ ਵਿੱਚ ਪ੍ਰਮਾਤਮਾ ਦੀ ਪ੍ਰਾਪਤੀ ਲਈ ਗੁਰੂ ਵਧੇਰੇ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

ਗ੍ਰੰਥਾਂ ਵਿੱਚ ਵੀ ਗੁਰੂ ਦੀ ਮਹਾਨਤਾ ਬਾਰੇ ਦੱਸਿਆ ਹੈ ਕਿ ਗੁਰੂ ਸੇਵਾ ਅਤੇ ਭਗਤੀ ਨਾਲ ਜੀਵਨ ਦੇ ਹਰ ਸੁੱਖ ਦੀ ਪ੍ਰਾਪਤੀ ਹੋ ਸਕਦੀ ਹੈ। ਮੱਧ ਕਾਲ ਤੋਂ ਚੱਲੀ ਆ ਰਹੀ ਇਹ ਧਾਰਾ ਆਧੁਨਿਕ ਸਮੇਂ ਵਿੱਚ ਵੀ ਗੁਰੂ ਦੀ ਅਹਿਮੀਅਤ ਤੇ ਮਹੱਤਵ ਦੇ ਪ੍ਰਤੀਕ ਨੂੰ ਮੰਨਿਆ ਹੈ। ਮੂਲ ਮੰਤਰ ਵਿੱਚ ਵੀ ਗੁਰੂ ਦੀ ਆਧਾਰ ਅਹਿਮੀਅਤ ਨੂੰ ਦਰਸਾਇਆ ਗਿਆ ਹੈ। ਮਨੁੱਖ ਨੂੰ ਸੱਚੇ ਗੁਰੂ ਦੀ ਪ੍ਰਾਪਤੀ ਪਰਮਾਤਮਾ ਦੀ ਮਿਹਰ ਨਾਲ ਹੀ ਮਿਲਦੀ ਹੈ। ਫਿਰ ਮਨੁੱਖ ਦੁਨਿਆਵੀ ਮੋਹ, ਵਿਕਾਰਾਂ ਤੋਂ ਦੂਰ ਅਧਿਆਤਮਿਕਤਾ ਨੂੰ ਹੀ ਮਹੱਤਵ ਦਿੰਦਾ ਹੈ ਜਿਸ ਨਾਲ ਮਨੁੱਖ ਦੀ ਕਾਮਯਾਬੀ ਨਿਸ਼ਚਿਤ ਹੋ ਜਾਂਦੀ ਹੈ।

ਬਾਣੀ ਵਿੱਚ ਮਾਨਵੀ ਜੀਵਨ ਦੇ ਨੈਤਿਕ ਗੁਣਾਂ ਦੀ ਮਹਾਨਤਾ ਨੂੰ ਦੱਸਦੇ ਹੋਏ ਈਰਖਾ, ਛਲ, ਕਪਟ, ਝੂਠ ਆਦਿ ਦੀ ਨਿਖੇਧੀ ਕੀਤੀ। ਇੰਨ੍ਹਾਂ ਉਪਦੇਸ਼ਾਤਮਕ ਗੁਣਾਂ ਸਦਕਾ ਹੀ ਪ੍ਰਮਾਤਮਾ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਬਾਣੀ ਵਿੱਚ ਦੱਸਿਆ ਗਿਆ ਹੈ ਕਿ ਨੈਤਿਕਤਾ ਮਨੁੱਖ ਨੂੰ ਉੱਚਾ ਚੁੱਕਦੀ ਹੈ ਨੇਕੀ ਅਤੇ ਬਦੀ ਬਾਰੇ ਜਾਣੂ ਕਰਵਾਉਂਦੀ ਹੈ। ਹਉਮੈ ਮਨੁੱਖ ਮੁਕਤੀ ਲਈ ਇੱਕ ਨਾ ਮੁਰਾਦ ਬਿਮਾਰੀ ਹੈ ਜੋ ਮਨੁੱਖ ਨੂੰ ਪ੍ਰਮਤਾਮਾ ਤੋਂ ਦੂਰ ਕਰਦੀ ਹੈ। ਮਨੁੱਖ ਇਸ ਨੂੰ ਤਿਆਗ ਕੇ ਹੀ ਪਰਮਾਤਮਾ ਦੇ ਲੜ ਲੱਗ ਸਕਦਾ ਹੈ। ਮਨੁੱਖ ਵਿੱਦਿਆ, ਹੁਸਨ, ਧੰਨ, ਸੁੰਦਰਤਾ ਆਦਿ ਦੇ ਜਾਲ ਵਿੱਚ ਫਸਿਆ ਹੋਇਆ ਹੈ। ਜਿਵੇਂ:

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰਿਅਹਿ ਸਾਖ॥

ਨਾਨਕ ਲੈਖੇ ਇਕ ਗਲ ਹੋਰ ਹਉਮੈ ਝਖਣਾ ਝਾਖ॥

ਮਨੁੱਖ ਪਰਮਾਤਮਾ ਦੇ ਲੜ ਲੱਗ ਕੇ ਹਉਮੈ ਨੂੰ ਤਿਆਗ ਕੇ ਸੇਵਾ ਸੰਤੋਖ ਦੀ ਸੱਚੀ ਜਿੰਦਗੀ ਅਪਣਾ ਸਕਦਾ ਹੈ।ਸੰਤੋਖ ਮਨੁੱਖੀ ਜਿੰਦਗੀ ਵਿੱਚ ਅੱਜ ਕਿਤੇ ਵੀ ਨਹੀਂ ਜੋ ਦੁੱਖਾਂ ਦਾ ਘਰ ਹੈ ਜੇ ਮਨੁੱਖ ਵਿੱਚ ਸੰਤੋਖ ਆ ਜਾਵੇ ਤਾਂ ਮਨੁੱਖ ਪਰਮਾਤਮਾ ਦੀ ਪ੍ਰਾਪਤੀ ਕਰ ਸਕਦਾ ਹੈ ਅਤੇ ਸੰਤੋਖ ਨਾਲ ਹੀ ਸਾਰੀਆਂ ਆਸਾਂ ਵੀ ਪਾ ਸਕਦਾ। ਜਿਵੇਂ:

ਸੇਵ ਕੀਤੀ ਸੰਤੋਖੀਈਂ ਜਿਨੀ ਸਚੋ ਸਚੁ ਧਿਆਇਆ॥

ਸੰਸਾਰਿਕ ਤੇ ਸਰੀਰਕ ਨਾਸ਼ਵਾਨਤਾ ਦੇ ਮੋਹ ਵਿੱਚ ਮਨੁੱਖ ਆਪਣੇ ਆਪ ਨੂੰ ਭੁੱਲੀ ਬੈਠਾ ਜੋ ਇੱਕ ਝੂਠ ਅਤੇ ਇੱਕ ਅਗਿਆਨਤਾ ਹੈ ਕਿਉਂ ਕਿ ਕੋਈ ਵੀ ਚੀਜ਼ ਸੰਸਾਰ ਵਿੱਚ ਸਦੀਵੀਂ ਨਹੀਂ ਤੇ ਮਨੁੱਖੀ ਸਰੀਰ ਨੇ ਵੀ ਇੱਕ ਦਿਨ ਮਿੱਟੀ ਹੋ ਜਾਣਾ ਹੈ। ਪਰ ਮਨੁੱਖ ਮੌਤ ਦੀ ਅਟੱਲ ਸੱਚਾਈ ਨੂੰ ਨਹੀਂ ਮੰਨਦਾ ਹੈ। ਜਦ ਕਿ ਮੌਤ ਕਿਤੇ ਵੀ ਆ ਸਕਦੀ ਏ ਇਸ ਲਈ ਮਨੁੱਖ ਨੂੰ ਸੰਸਾਰਿਕ ਮਾਇਆ ਜਾਲ ਦੇ ਮੋਹ ਅਤੇ ਬੁਰੇ ਕੰਮਾਂ ਤੋਂ ਬਚਣਾ ਚਾਹੀਦਾ ਹੈ। ਇਹ ਸਿਰਫ਼ ਝੂਠ ਦਾ ਪਸਾਰਾ ਹੈ। ਜਿਵੇਂ:

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥

ਕੂੜ ਮੰਡਪ ਕੂੜ ਮਾੜੀ ਕੂੜ ਬੈਮਣਹਾਰੁ॥

ਮਨੁੱਖੀ ਆਚਰਣ ਵਿੱਚ ਮਿੱਠ ਬੋਲਣਾ ਅਤੇ ਨਿਮਰਤਾ ਨਾਲ ਰਹਿਣ ਨਾਲ ਹਰ ਇੱਕ ਦੇ ਮਨ ਨੂੰ ਜਿੱਤਿਆ ਜਾ ਸਕਦਾ ਕਿਉਂ ਕਿ ਕੌੜ ਬੋਲੀ ਸਿਰਫ਼ ਦੁਸਮਣੀਆਂ ਦਾ ਹੀ ਮੂਲ ਕਾਰਨ ਹੈ। ਮਿੱਠਾ ਬੋਲ ਕੇ ਮਨੁੱਖ ਸੰਸਾਰ ਨੂੰ ਮਿੱਤਰ ਬਣਾ ਸਕਦਾ। ਜਿਵੇਂ:

ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆ ਤਤੁ॥

ਵਿਸ਼ਵ ਵਿੱਚ ਅਨੇਕਾਂ ਧਰਮ ਅਤੇ ਸੰਪ੍ਰਦਾਵਾਂ ਹੋਈਆ। ਇਸਲਾਮ, ਵੈਸ਼ਵ, ਨਾਥ, ਜੈਨ ,ਬੁੱਧ ਆਦਿ ਜਿਸ ਤੇ ਅੰਧ ਵਿਸ਼ਵਾਸ, ਪਾਖੰਡਾਂ ਦੇ ਕੁਰਾਹੇ ਪਏ ਤੇ ਜੀਵਨ ਦੇ ਅਸਲੀ ਮਾਰਗ ਤੋਂ ਭਟਕ ਗਏ। ਇੰਨ੍ਹਾਂ ਹਾਲਤਾਂ ਵਿੱਚ ਗੁਰੂ ਨਾਨਕ ਦੇਵ ਜੀ ਨੇ ਅਧਿਆਤਮਿਕ ਜੀਵਨ ਦੀ ਪ੍ਰਤਿਸ਼ਠਾ ਕੀਤੀ ਜੋ ਸਫ਼ਲ ਪੂਰਵਕ ਹੋਈ। ਗੁਰੂ ਜੀ ਨੇ ਸਮਾਜ ਨੂੰ ਇਹਨਾਂ ਪਾਖੰਡਾਂ ਤੋਂ ਮੁਕਤੀ ਦਿਵਾਉਣ ਲਈ ਸੁਧਾਰਵਾਦੀ ਦ੍ਰਿਸ਼ਟੀਕੋਣ ਪੇਸ਼ ਕੀਤਾ।

ਨਾਨਕ ਯੁੱਗ ਦੀ ਰਾਜਨੀਤੀ ਵਿੱਚ ਮੁਸਲਿਮ ਰਾਜ ਦਾ ਬੋਲਬਾਲਾ ਸੀ। ਇਸ ਰਾਜ ਦਾ ਮੁੱਖ ਮਕਸਦ ਇਸਲਾਮ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਸੀ ਹਿੰਦੂਆਂ ਨੂੰ ਜਬਰੀ ਮੁਸਲਿਮ ਬਣਾਇਆ ਜਾਂਦਾ ਸੀ ਰਾਜੇ ਅਤੇ ਕਾਜੀ ਲੋਕਾਂ ਤੇ ਮਨਚਾਹੇ ਅਤਿਆਚਾਰ ਕਰਦੇ। ਹਿੰਦੂਆਂ ਦੀ ਦੁਰਦਸ਼ਾ ਸੀ ਚਾਰੇ ਪਾਸੇ ਅਰਾਜਕਤਾ ਫੈਲੀ ਹੋਈ ਸੀ ਸਰਮ ਅਤੇ ਧਰਮ ਦੋਵੇ ਗੁੰਮਨਾਮ ਸੀ ਸਵਾਰਥਤਾ ਦਾ ਬੋਲਬਾਲਾ ਸੀ ਨੈਤਿਕਤਾ ਤੇ ਮਾਨਸਿਕਤਾ ਖਤਮ ਹੋ ਗਈ ਸੀ। ਜਿਸ ਦਾ ਗੁਰੂ ਨਾਨਕ ਦੇਵ ਜੀ ਨੇ ਵਿਰੋਧ ਕੀਤਾ ਅਤੇ ਬਾਣੀ ਵਿੱਚ 'ਖੂਨ ਦੇ ਸੋਹਿਲੇ' ਵਿੱਚ ਇਸ ਦਾ ਲੇਖਨ ਪੇਸ਼ ਕੀਤਾ।ਬਾਣੀ

ਰਾਜਸੀ ਤੌਰ ਤੇ ਵਿਸ਼ਵੀ ਮਨੁੱਖ ਨੂੰ ਰਾਜਸੀ ਤੌਰ ਤੇ ਚੇਤੰਨ ਅਤੇ ਸੂਝ-ਬੂਝ ਪ੍ਰਦਾਨ ਕਰਦੀ ਹੈ। 'ਆਸਾ ਦੀ ਵਾਰ' ਦੀ ਬਾਣੀ ਸਮੁੱਚੇ ਵਿਸ਼ਵ ਦੇ ਮਨੁੱਖ ਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਯੋਜਨਾ ਸਿਖਾਉਂਦੀ ਹੈ। ਜਦੋਂ ਮਨੁੱਖ ਰਾਜਸੀ ਤੌਰ ਤੇ ਸੁਚੇਤ ਤੇ ਜਾਗ੍ਰਿਤ ਹੋ ਜਾਵੇਗਾ ਤਾਂ ਕੋਈ ਸਿਆਸਤ ਉਸ ਦਾ ਕੋਈ ਸ਼ੋਸਣ ਨਹੀਂ ਕਰ ਪਾਏਗੀ। ਇਸ ਪੱਖੋਂ ਵੀ 'ਆਸਾ ਦੀ ਵਾਰ' ਵਿਸ਼ਵ ਸਾਹਿਤ ਵਿੱਚ ਅਹਿਮ ਕਾਰਜ ਨਿਭਾਉਂਦੀ ਹੈ। ਸਮਾਜ ਵਿੱਚ ਭ੍ਰਿਸਟਾਚਾਰ ਅਤੇ ਅਨੈਤਿਕਤਾ ਦਾ ਰਾਜ ਸੀ ਜਿਸ ਦਾ ਕਾਰਨ ਸੀ ਰਾਜਨੀਤੀ ਦੀ ਅਰਾਜਕਤਾ। ਲੋਕਾਂ ਵਿੱਚ ਅੰਧਵਿਸ਼ਵਾਸ, ਪਖੰਡ ਅਤੇ ਅਡੰਬਰਾਂ ਦਾ ਬੋਲਬਾਲਾ ਸੀ। ਹਰ ਪਾਸੇ ਊਚ ਨੀਚ, ਜਾਤ ਪਾਤ ਦਾ ਭੇਦ ਭਾਵ ਸੀ। ਹਰ ਪਾਸੇ ਹਿੰਦੂਆਂ 'ਤੇ ਅਤਿਆਚਾਰ ਹੋ ਰਿਹਾ ਸੀ। ਮੁਸਲਿਮ ਸ਼ਾਸਕਾਂ ਦਾ ਰਾਜ ਹੋਣ ਕਾਰਨ ਹਿੰਦੂਆਂ ਨੂੰ ਮੁਸਲਮਾਨ ਬਣਨ ਲਈ ਮਜਬੂਰ ਕੀਤਾ ਜਾ ਰਿਹਾ ਸੀ। ਲੋਕਾਂ ਵੇਦਾਂ, ਗ੍ਰੰਥਾਂ ਦੁਆਰਾ ਦਰਸਾਏ ਗਏ ਮਾਰਗ ਤੋਂ ਕੋਹਾਂ ਦੂਰ ਸਨ। ਮਨੁੱਖੀ ਜੀਵਨ ਵਿੱਚ ਅੰਧ ਵਿਸ਼ਵਾਸ ਅਤੇ ਪਖੰਡ ਅਹਿਮ ਹਿੱਸਾ ਬਣ ਚੁੱਕੇ ਹਨ। ਅੰਧ ਵਿਸ਼ਵਾਸ ਅਤੇ ਪਾਖੰਡ ਦੇ ਜਾਲ ਵਿੱਚ ਨਾ ਸਿਰਫ ਹਿੰਦੂ ਧਰਮ ਹੀ ਜਕੜਿਆ ਹੋਇਆ ਸੀ ਸਗੋਂ ਮੁਸਲਿਮ ਧਰਮ ਵੀ ਇਸੇ ਵਿੱਚ ਗਰਕ ਹੋ ਰਿਹਾ ਸੀ। ਹਿੰਦੂ ਸਮਾਜ ਵਿੱਚ ਬ੍ਰਾਹਮਣਾਂ ਦੀ ਪ੍ਰਧਾਨਤਾ ਸੀ ਅਤੇ ਮੁਸਲਿਮ ਸਮਾਜ ਦੀ ਡੋਰ ਮੁੱਲਾ ਕਾਜੀਆਂ ਦੇ ਹੱਥ ਵਿੱਚ ਸੀ। ਇਹ ਸਾਰੇ ਖੁਦਾ ਨੂੰ ਭੁੱਲ ਕੇ ਦੁਨਿਆਵੀ ਚੱਕਰਾਂ ਵਿੱਚ ਪੈ ਚੁੱਕੇ ਸਨ ਅਤੇ ਖੁਦਾ ਦੇ ਨਾਂ 'ਤੇ ਅਡੰਬਰ ਰਚਦੇ ਸਨ।

ਆਮ ਲੋਕਾਂ ਦਾ ਕੋਈ ਆਦਰਸ ਨਾ ਹੋਣ ਕਰਕੇ ਉਨ੍ਹਾਂ ਨੂੰ ਬ੍ਰਾਹਮਣਾ, ਜੋਗੀਆਂ ਅਤੇ ਅਭੂਸਣਾ ਆਦਿ ਨੇ ਅੰਧ ਵਿਸ਼ਵਾਸ ਵਿੱਚ ਜਕੜਿਆ ਹੋਇਆ ਸੀ। ਗੁਰਬਾਣੀ ਵਿੱਚ ਇਸ ਦੇ ਸਬੂਤ ਮੌਜੂਦ ਹਨ।ਅੰਧ ਵਿਸ਼ਵਾਸਾਂ ਕਾਰਨ ਲੋਕ ਸੱਚ ਦੇ ਰਾਹ ਤੋਂ ਭਟਕੇ ਹੋਏ ਸਨ। ਲੋਕਾਂ ਨੂੰ ਧਰਮ ਦੇ ਨਾਂ ਤੇ ਲੋਕਾਂ ਨੂੰ ਠੱਗਿਆ ਜਾਂਦਾ ਸੀ ਇੱਥੋਂ ਤੱਕ ਕਿ ਅਵਤਾਰਾਂ ਦੀਆ ਰਾਸਾਂ ਨਾਲ ਲੋਕਾਂ ਨੂੰ ਗੁੰਮਰਾਹ ਕੀਤਾ ਜਾਂਦਾ ਸੀ। ਜਿਵੇਂ:

ਗਾਵਨਿ ਗੋਪੀਆ ਗਾਵਨਿ ਕਾਨ੍ਹ॥
ਗਾਵਨਿ ਸੀਤਾ ਰਾਜੇ ਰਾਮ ॥

ਗੁਰੂ ਜੀ ਨੇ ਇੰਨ੍ਹਾਂ ਅਡੰਬਰਾਂ ਵਿੱਚ ਫਸੇ ਹੋਏ ਲੋਕਾਂ ਨੂੰ ਪਰਮਾਤਮਾ ਦਾ ਰਾਹ ਦਿਖਾਇਆ। ਗੁਰੂ ਜੀ ਨੇ ਲੋਕਾਂ ਨੂੰ ਵਾਹਿਗੁਰੂ ਦਾ ਨਾਮ ਜਪਣ ਅਤੇ ਸੱਚ ਦੇ ਰਾਹ ਤੇ ਚੱਲਣ ਦੀ ਪ੍ਰੇਰਨਾ ਦਿੱਤੀ ।

ਹਰ ਪਾਸੇ ਝੂਠ, ਪਾਪ ਅਤੇ ਧੋਖੇਬਾਜੀ ਦੀ ਕਮਾਈ ਸੀ। ਬ੍ਰਾਹਮਣ ਵਰਗ ਹੱਥੋਂ ਧਾਰਮਿਕ ਅਡੰਬਰਾਂ ਨਾਲ ਆਮ ਲੋਕਾਂ ਦੀ ਲੁੱਟ ਹੋ ਰਹੀ ਸੀ ਅਤੇ ਜਨਤਾ ਦੀ ਹਾਲਤ ਤਰਸਯੋਗ ਸੀ ਕਿਉਂਕਿ ਬ੍ਰਾਹਮਣ ਵਰਗ ਵਿੱਚ ਵੀ ਸਵਾਰਥ ਦਾ ਬੋਲਬਾਲਾ ਸੀ। ਹਰ ਪਾਸੇ ਕੂੜ ਦੀ ਪ੍ਰਧਾਨਤਾ ਸੀ ਅਤੇ ਲੋਕ ਸੱਚਾਈ ਤੋਂ ਕੋਹਾਂ ਦੂਰ ਸਨ।ਹਿੰਦੂਆਂ ਤੋਂ ਧਰਮ ਦੇ ਨਾਂ ਜਜੀਆ ਕਰ ਲਿਆ ਜਾਂਦਾ ਸੀ। ਇਸ ਤੋਂ ਇਲਾਵਾ ਬ੍ਰਾਹਮਣ, ਯੋਗੀ ਜਨਤਾ ਨੂੰ ਨਕਲੀ ਕਰਾਮਤਾ ਕਰਕੇ ਸੱਚ ਦੇ ਰਾਹ ਤੋਂ ਭਟਕਾ ਰਹੇ ਸਨ। ਗੁਰੂ ਨਾਨਕ ਦੀ ਬਾਣੀ ਸਮੁੱਚੇ ਮਨੁੱਖ ਨੂੰ ਕਿਰਤ ਨਾਲ ਜੋੜਦੀ ਹੈ।

ਪੁਰਾਣੇ ਸਮੇਂ ਤੋਂ ਹੀ ਔਰਤ ਨੂੰ ਇੱਕ ਮਨਪ੍ਰਚਾਵੇ ਦਾ ਸਾਧਨ ਮੰਨਿਆ ਜਾਂਦਾ ਸੀ। ਔਰਤ ਨੂੰ ਸਿਰਫ ਇੱਕ ਨੌਕਰ ਹੀ ਸਮਝਿਆ ਜਾਂਦਾ ਸੀ ਤੇ ਘਰ ਦੀ ਸਾਰੀ ਕਾਰ ਮੁਖਤਿਆਰੀ ਮਰਦ ਦੇ ਹੱਥ ਵਿੱਚ ਸੀ। ਔਰਤ ਨੂੰ ਪੈਰ ਦੀ ਜੁੱਤੀ

ਮੰਨਣ ਵਾਲੇ ਮਰਦ ਪ੍ਰਧਾਨ ਸਮਾਜ ਵਿੱਚ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਨੂੰ ਮਹਾਨ ਦੱਸ ਕੇ ਇਸ ਧਾਰਨਾ ਦਾ ਖੰਡਨ ਕੀਤਾ। ਗੁਰੂ ਨਾਨਕ ਦੇਵ ਜੀ ਨੇ ਔਰਤ ਦੀ ਮਹਾਨਤਾ ਨੂੰ ਬਾਣੀ ਵਿੱਚ ਇਸ ਤਰ੍ਹਾਂ ਦਰਸਾਇਆ:

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਉਸ ਸਮੇਂ ਬਾਲ ਵਿਆਹ, ਸਤੀ ਪ੍ਰਥਾ, ਵੇਸਵਾ ਪ੍ਰਥਾ ਆਮ ਹੋਇਆ ਕਰਦੀ ਸੀ ਅਤੇ ਔਰਤ ਦੀ ਹਾਲਤ ਸ਼ੂਦਰ ਜਾਤੀ ਤੋਂ ਵੀ ਬੁਰੀ ਸੀ। ਗੁਰੂ ਨਾਨਕ ਦੇਵ ਜੀ ਨੇ ਔਰਤ ਨੂੰ ਲੋਕਾਂ ਵਿੱਚ ਉਸ ਦਾ ਬਣਦਾ ਆਦਰ ਅਤੇ ਸਨਮਾਨ ਦਿਵਾਉਣ ਲਈ ਅਹਿਮ ਰੋਲ ਨਿਭਾਇਆ। ਸਮੇਂ ਨਾਲ ਔਰਤ ਦੀ ਸਥਿਤੀ ਵਿੱਚ ਬਹੁਤ ਪਰਿਵਰਤਨ ਆਇਆ ਹੈ ਅੱਜ ਹਰ ਪਾਸੇ ਨਾਰੀਵਾਦ ਤੇ women empowerment ਦੀ ਗੱਲ ਚਲਦੀ ਹੈ। ਪਰ ਗੁਰੂ ਨਾਨਕ ਸਾਹਿਬ ਜੀ ਨੇ ਸਦੀਆਂ ਪਹਿਲਾਂ ਨਾਰੀ ਤੇ ਹੱਕ ਵਿੱਚ ਆਵਾਜ ਬੁਲੰਦ ਕਰਕੇ ਸਮੁੱਚੀ ਨਾਰੀ ਨੂੰ ਮਾਨ ਤੇ ਇੱਜਤ ਬਖਸਿਆਂ ਤੇ ਅੱਜ ਸਮੁੱਚੇ ਵਿਸ਼ਵ ਨੂੰ ਗੁਰੂ ਜੀ ਦੀ ਇਸ ਫਿਲਾਸਫੀ ਨੂੰ ਸਮਝ ਕੇ ਤੇ ਆਪਣਾ ਕੇ ਆਪਣੇ ਜੀਵਨ ਨੂੰ ਬਹਿਤਰ ਬਣਾਉਣਾ ਚਾਹੀਦਾ ਹੈ। ਔਰਤ ਤੇ ਮਰਦ ਦੀ ਬਰਾਬਰੀ ਸਮਾਜ ਦੇ ਵਿਕਾਸ ਤੇ ਫਿਰ ਵਿਸ਼ਵ ਦੇ ਵਿਕਾਸ ਦੀ ਸੂਚਕ ਬਣ ਜਾਂਦੀ ਹੈ।

ਸਦਾਚਾਰਕਤਾ ਚੇਤਨਾ ਦੇ ਇਤਿਹਾਸ ਇਸ ਬਾਣੀ ਦਾ ਮੁੱਖ ਅੰਗ ਹੈ ਕਿ ਜਿਸ ਨੂੰ ਪੜ੍ਹ ਕੇ ਮਨੁੱਖ ਨੂੰ ਆਪਣੇ ਜੀਵਨ ਦਾ ਅਸਲੀ ਮਾਰਗ ਮਿਲਦਾ ਹੈ ਸੰਸਕ੍ਰਿਤਿਕ ਚੇਤੰਨਤਾ ਆਤਮਾ ਨੂੰ ਸ਼ੁੱਧ ਕਰਨ ਅਤੇ ਪਰਮਾਤਮਾ ਦਾ ਰਾਹ ਦਿਖਾਉਣ ਵਿੱਚ ਸਹਾਈ ਹੁੰਦੀ ਹੈ। ਇਹ ਅਡੰਬਰ ਪਾਖੰਡ ਅਤੇ ਪਾਪ ਨੂੰ ਦੂਰ ਕਰਕੇ ਆਤਮ ਸ਼ੁੱਧੀ ਦਾ ਮਾਰਗ ਦਿਖਾਉਂਦੀ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਧੰਨ ਹੈ ਜੋ ਆਤਮਾ ਦੀ ਸ਼ੁੱਧਤਾ ਕਰਦੀ ਹੋਈ ਸੱਚ ਦੀ ਮਾਰਗ ਦਰਸਕ ਕਰਦੀ ਹੈ ਇਹ ਬਾਣੀ ਮਾਰਗ ਤੋਂ ਭਟਕੇ ਹੋਏ ਵਿਸ਼ਵ ਨੂੰ ਸ਼ਾਂਤੀ ਅਤੇ ਪ੍ਰੇਮ ਭਾਵਨਾ ਦਾ ਸੁਨੇਹਾ ਦਿੰਦੀ ਹੋਈ ਉਨ੍ਹਾਂ ਦੀ ਜਿੰਦਗੀ ਦਾ ਚਾਨਣ ਮੁਨਾਰਾ ਬਣਦੀ ਹੈ। ਇਸੇ ਤਰ੍ਹਾਂ ਹੀ ਇਹ ਬਾਣੀ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਦੀ ਰਹੇਗੀ।

'ਆਸਾ ਦੀ ਵਾਰ' ਵਿੱਚ ਮਾਨਵੀ ਜੀਵਨ ਦੇ ਯਥਾਰਥਕ ਤੇ ਪ੍ਰਮਾਰਥਕ ਨੂੰ ਦਰਸਾਇਆ ਗਿਆ ਹੈ ਇਹ ਮਨੁੱਖੀ ਜੀਵਨ ਦੀ ਨੈਤਿਕ ਤੇ ਅਧਿਆਤਮਕ ਅਗਵਾਈ ਦੀ ਪ੍ਰੇਰਨਾ ਸਰੋਤ ਬਣਦੀ ਹੈ ਅਤੇ ਦੂਜੇ ਪਾਸੇ ਇਹ ਸਮਾਜਿਕ ਅਤੇ ਸਭਿਆਚਾਰਕ ਕਦਰਾਂ ਕੀਮਤਾਂ ਨੂੰ ਪ੍ਰਭਾਵਿਤ ਕਰਨ ਵਾਲੇ ਕ੍ਰਾਂਤੀਕਾਰੀ ਵਿਚਾਰਾਂ ਦਾ ਨਿਰਮਾਣ ਕਰਦੀ ਹੈ। ਅਧਿਆਤਮ ਦੋ ਸਬਦਾ ਦਾ ਮੇਲ ਹੈ ਅਧਿ-ਆਤਮ, ਅਧਿ ਦਾ ਅਰਥ ਅਧਿਐਨ ਕਰਨਾ ਹੈ ਅਤੇ ਆਤਮ ਦਾ ਅਰਥ ਆਤਮਾ ਦਾ ਅਧਿਐਨ ਕਰਨਾ ਹੈ। ਅਜੋਕੇ ਵਿਸ਼ਵ ਯੁੱਗ ਵਿੱਚ ਸਾਰਾ ਸੰਸਾਰ ਸੂਚਨਾ ਅਤੇ ਤਕਨਾਲੋਜੀ ਦੇ ਆਧਾਰ ਨਾਲ ਜੁੜ ਗਿਆ ਹੈ ਅਤੇ ਸਾਰਾ ਵਿਸ਼ਵ ਇੱਕ ਗਲੋਬਲ ਪਿੰਡ ਬਣ ਗਿਆ ਹੈ। ਵਿਸ਼ਵੀਕਰਨ ਕਾਰਨ ਸੰਸਾਰ ਵਿੱਚ ਵਿਕਾਸ ਦੇ ਬਹੁਤ ਸਾਰੇ ਰਾਹ ਖੁੱਲ੍ਹ ਗਏ ਹਨ ਵੱਡੇ ਵੱਡੇ ਵਪਾਰਕ ਅਧਾਰਿਆਂ ਦਾ ਆਗਮਨ ਅਤੇ ਵਿਕਾਸ਼ਸੀਲ ਦੇਸ਼ਾਂ ਦੇ ਨਾਲ ਵਪਾਰ ਕਾਇਮ ਕਰਨਾ ਪੂੰਜੀਵਾਦੀ ਪ੍ਰਗਤੀ ਦਾ ਸੂਚਕ ਬਣ ਗਿਆ ਹੈ ਪਰ ਅਜੋਕੇ ਯੁੱਗ ਦੇ ਵਿਸ਼ਵੀਕਰਨ ਨੇ ਮਾਨਵੀ ਸੁਭਾਅ ਨੂੰ ਬਦਲ ਕੇ ਰੱਖ ਦਿੱਤਾ ਹੈ। ਅੱਜ ਦਾ ਮਨੁੱਖ ਆਪਣੇ ਸਵਾਰਥ ਦਾ ਧਾਰਨੀ ਬਣ ਕੇ ਮੁਨਾਫ਼ੇ ਦੀ ਦੌੜ ਵਿੱਚ ਭੌਤਿਕਵਾਦੀ ਹੋ ਗਿਆ ਹੈ। ਆਸਾ ਦੀ ਵਾਰ ਵਿੱਚ ਗੁਰੂ ਨਾਨਕ ਦੇਵ ਜੀ ਨੇ ਕਿਸੇ ਖਾਸ ਵਰਗ ਜਾਂ ਦੇਸ਼ ਲਈ ਹੀ ਨਹੀਂ ਸਗੋਂ ਸਾਰੀ ਮਾਨਵਤਾ ਦੀ ਸਾਂਝ ਦਾ ਨਾਅਰਾ ਬੁਲੰਦ ਕੀਤਾ ਹੈ। ਭਾਵੇਂ ਅੱਜ ਸਾਰਾ ਸੰਸਾਰ ਵਿਕਾਸ ਦੇ

ਰਾਹ 'ਤੇ ਹੈ ਪਰ ਇਹ ਪੂਰੇ ਸੰਸਾਰ ਨੂੰ ਵਿਨਾਸ਼ ਦੇ ਰਾਹ ਵੱਲ ਲੈ ਕੇ ਜਾ ਰਿਹਾ ਹੈ। ਹਰ ਦੇਸ਼ ਆਪਣੀਆਂ ਵੱਡੀਆ ਸ਼ਕਤੀਆਂ ਨੂੰ ਵਰਤ ਕੇ ਛੋਟੇ ਦੇਸ਼ਾਂ ਨੂੰ ਆਪਣਾ ਗੁਲਾਮ ਬਣਾਉਣਾ ਚਾਹੁੰਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਪੂਰੇ ਵਿਸ਼ਵ ਦੇ ਕਲਿਆਣ ਲਈ ਸੱਚ ਦਾ ਮਾਰਗ ਦਰਸਾਇਆ। ਗੁਰੂ ਨਾਨਕ ਦੇਵ ਜੀ ਦੀ ਬਾਣੀ ਇਸ ਗੱਲ ਦੀ ਹਾਮੀ ਭਰਦੀ ਹੈ ਕਿ ਕਿਸੇ ਵੀ ਮਹਾਂਪੁਰਖ ਦੀ ਵਿਚਾਰਧਾਰਾ ਕਿਸੇ ਇੱਕ ਦੇਸ਼ ਜਾਂ ਸੀਮਾ ਤੱਕ ਸੀਮਤ ਨਹੀਂ ਹੁੰਦੀ ਸਗੋਂ ਵਿਸ਼ਵ ਵਿੱਚ ਵਸਦੀ ਸਮੁੱਚੀ ਮਾਨਵਤਾ ਨੂੰ ਪਰਮਾਤਮਾ ਨਾਲ ਜੋੜਨ ਦਾ ਇੱਕ ਮਾਰਗ ਬਣਦਾ ਹੈ।

## 1.2 ਖੋਜ ਕਾਰਜ ਦੇ ਉਦੇਸ਼

1. ਇਸ ਖੋਜ ਕਾਰਜ ਦਾ ਮੁੱਖ ਉਦੇਸ਼ ਵਿਸ਼ਵੀਕਰਨ ਦੇ ਦੌਰ ਵਿੱਚ ਵਿਸ਼ਵੀ-ਏਕਤਾ ਦੀ ਚੇਤਨਾ ਦਾ ਪਾਸਾਰ ਦਾ ਯਤਨ ਕੀਤਾ ਹੈ।

2. ਮੌਜੂਦਾ ਵਿਸ਼ਵੀ ਪਿੰਡ ਵਿੱਚ, ਬਹੁ-ਜਾਤੀ, ਬਹੁ ਕੌਮੀ, ਬਹੁ-ਨਸਲੀ ਲੋਕਾਂ ਦੇ ਸਨਮੁੱਖ ਅੰਤਰ-ਧਰਮ-ਸੰਵਾਦ ਤੇ ਅੰਤਰ-ਧਰਮ-ਵਿਸ਼ਵਾਸ ਦੀ ਸਥਾਪਨਾ ਕੀਤੀ ਹੈ।

3. ਸਮੁੱਚੇ ਮਾਨਵ ਦੀ ਨੈਤਿਕ ਤੇ ਸਦਾਚਾਰਕਤਾ ਦੀ ਉਸਾਰੀ ਕਰਨ ਲਈ ਵਿਭਿੰਨ ਸਦਾਚਾਰਕ ਅਤੇ ਆਦਰਸ਼ਕ ਮਾਡਲਾਂ ਦੀ ਸਥਾਪਨਾ ਕੀਤੀ ਹੈ।

4. ਇਸ ਖੋਜ ਕਾਰਜ ਵ ਵਿੱਚ ਨਿਗੁਣੇ ਕਰਮਾਂ-ਕਾਡਾਂ ਤੇ ਅੰਧ ਵਿਸ਼ਵਾਸਾਂ ਦਾ ਖੰਡਨ ਕੀਤਾ ਹੈ।

5. ਅਜੋਕੇ ਸਮੇਂ ਵਿੱਚ ਨਾਰੀ ਦੇ ਸਨਮੁੱਖ ਆਉਂਦੀਆਂ ਸਮੱਸਿਆਵਾਂ, ਚਿੰਤਾਵਾਂ ਤੇ ਅਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਨਾਰੀ ਚੇਤਨਾ ਨੂੰ ਬੁਲੰਦ ਕੀਤਾ ਹੈ।

6. ਇਸ ਖੋਜ ਕਾਰਜ ਦਾ ਉਦੇਸ਼ ਸਦਾਚਾਰਕ, ਸਮਾਜਿਕ, ਰਾਜਨੀਤੀ ਅਤੇ ਧਾਰਮਿਕ ਮੂਲ ਦੇ ਗਿਆਨ ਨੂੰ ਵਧਾਉਂਦਾ ਹੈ।

## 1.3 ਖੋਜ ਕਾਰਜ ਦੀ ਸਾਰਥਿਕਤਾ

ਮਨੁੱਖਤਾ ਦੇ ਇਤਿਹਾਸ ਵਿਚ ਖੋਜ ਦਾ ਬਹੁਤ ਮਹਤੱਵ ਹੈ। ਕੋਈ ਵੀ ਸਭਿਅਤਾ ਜਾਂ ਕੌਮ ਉਦੋਂ ਹੀ ਵਿਕਾਸ ਕਰਦੀ ਹੈ ਜਦੋਂ ਉਸ ਅੰਦਰ ਖੋਜ ਦੀਆਂ ਸੰਭਾਵਨਾਵਾਂ ਕਾਰਜਸ਼ੀਲ ਹੋਣ। ਖੋਜ ਦਾ ਇਤਿਹਾਸ ਮਨੁੱਖਤਾ ਦੇ ਇਤਿਹਾਸ ਜਿਨ੍ਹਾਂ ਹੀ ਪੁਰਾਣਾ ਹੈ। ਸੋ ਜੀਵਨ ਅਤੇ ਸਭਿਅਤਾ ਦੇ ਵਿਕਾਸ ਲਈ ਖੋਜ ਦਾ ਬਹੁਤ ਮਹੱਤਵ ਹੈ। ਖੋਜ ਮਨੁੱਖ ਦੇ ਮਾਨਸਿਕ, ਧਾਰਮਿਕ, ਸਮਾਜਿਕ, ਸਰੀਰਕ ਆਦਿ ਦੇ ਖੇਤਰ ਵਿੱਚ ਆਉਣ ਵਾਲੀਆਂ ਸਮੱਸਿਆਵਾ ਦਾ ਹੱਲ ਵੀ ਲੱਭਦੀ ਹੈ। ਅਜੋਕੇ ਯੁੱਗ ਦੇ ਸੰਦਰਭ ਵਿਚੱ 'ਆਸਾ ਦੀ ਵਾਰ' ਵਿੱਚ ਪ੍ਰਸਤੁਤ ਵਿਸ਼ਵੀ ਚੇਤਨਾ ਦਾ ਬਹੁਤ ਗੌਰਵ ਹੈ। ਸਮੂਹ ਸੰਸਾਰ ਦੇ ਕਲਿਆਣ ਲਈ ਕੀਤੀ ਗਈ ਰਚਨਾ ਹੈ। ਗੁਰਬਾਣੀ ਬੇਸ਼ੱਕ ਸਦੀਆਂ ਪਹਿਲਾਂ ਰਚੀ ਗਈ ਪਰ ਇਸ ਵਿੱਚ ਪੇਸ਼ ਅੰਤਰਦ੍ਰਿਸ਼ਟੀਆਂ ਤੇ ਸਿਧਾਂਤ ਅਜੋਕੇ ਮਨੁੱਖ ਲਈ ਓਨੇ ਹੀ ਸਾਰਥਿਕ ਅਤੇ ਪ੍ਰਸੰਗਿਤ ਹਨ। ਆਸਾ ਦੀ ਵਾਰ ਦਾ ਉਪਦੇਸ਼ ਕਿਸੇ ਇੱਕ ਵਿਅਕਤੀ ਜਾਂ ਇੱਕ ਸਮਾਜ ਲਈ ਨਹੀਂ, ਕਿਸੇ ਇੱਕ ਧਰਮ ਜਾਂ ਪੈਰੋਕਾਰ ਲਈ ਨਹੀਂ ਕਿਸੇ ਇੱਕ ਪੈਰੋਕਾਰ ਲਈ ਨਹੀਂ ਬਲਕਿ ਸਮੁੱਚੀ ਕਾਇਨਾਤ ਨੂੰ ਚੇਤਨਤਾ ਪ੍ਰਧਾਨ ਕਰਦਾ ਹੈ। ਅੱਜ ਦੇ ਵਿਸ਼ਵੀ ਕਰਨ ਯੁੱਗ ਵਿੱਚ ਇਸ ਬਾਣੀ ਦੀ ਪ੍ਰਸੰਗਿਕਤਾ ਹੋਰ ਵੀ ਵਧੇਰੇ ਹੋ ਜਾਂਦੀ ਹੈ। ਸਮੁੱਚੇ ਵਿਸ਼ਵ ਵਿੱਚ ਨਵ ਤਕਨੀਕੀ ਸੰਚਾਰ ਸਾਧਨਾਂ ਦੀ ਵੱਧ ਰਹੀ ਵਰਤੋਂ, ਆਵਾਜਾਈ ਸਾਧਨਾਂ ਦੇ ਵਿੱਚ ਆਈ ਨਵੀਨ ਕ੍ਰਾਂਤੀ, ਪਰਵਾਸੀ ਮੂਲ ਨਿਵਾਸ, ਆਰਥਿਕ ਨੀਤੀਆਂ ਅਤੇ ਲੋੜਾਂ, ਆਦਿ ਕਾਰਨਾਂ ਕਰਕੇ ਅੱਜ ਸੰਸਾਰ ਇੱਕ ਵਿਸ਼ਵ ਵਿਆਪੀ ਪਿੰਡ ਬਣ ਗਿਆ ਹੈ।

ਇਸ ਵਿਸ਼ਵ ਚੇਤਨਾ ਵਿੱਚ ਧਾਰਮਿਕ, ਆਰਥਿਕ, ਸਭਿਆਚਾਰਕ, ਨਸਲੀ ਭੇਦ ਭਾਵ, ਭਾਸ਼ਾਈ ਗਿਆਨ ਆਦਿ ਹੱਦਾਂ ਖਤਮ ਹੋ ਰਹੀਆਂ ਹਨ। ਅੱਜ ਮਨੁੱਖ ਅਜਿਹੇ ਸੰਸਾਰ ਅਤੇ ਭਾਈਚਾਰੇ ਵਿੱਚ ਰਹਿ ਰਿਹਾ ਹੈ ਜੋ ਬਹੁ ਜਾਤੀ, , ਅਤੇ ਸਭਿਆਚਾਰ ਆਦਿ ਨਾਲ ਜੁੜੀਆਂ ਹੋਰ ਪ੍ਰਸਥਿਤੀਆਂ ਕਾਰਨ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਇੰਨ੍ਹਾਂ ਪ੍ਰਸਥਿਤੀਆਂ ਦੇ ਸਨਮੁੱਖ ਹੋ ਕੇ ਵਿਸ਼ਵ ਵਿੱਚ ਸਾਂਤੀ, ਇਕਸਾਰਤਾ, ਆਪਸੀ ਭਾਈਚਾਰਕ ਮੇਲ ਪੈਦਾ ਕਰਨ ਬਹੁਨਸਲੀ ਲਈ ਬਹੁਖੇਤਰੀ, ਬਹੁਭਾਸ਼ਾਈ ਹੈ। ਜਿਸ ਕਰਕੇ ਵਿਸ਼ਵ ਵਿਆਪੀ ਸਮਾਜਿਕ ਭਾਈਚਾਰੇ ਨੂੰ ਨਸਲੀ ਖੇਤਰੀ, ਜਾਤੀ, ਲਿੰਗ ਧਾਰਮਿਕ ਚੇਤੰਨਤਾ, ਨੈਤਿਕ ਚੇਤੰਨਤਾ, ਰਾਜਨੈਤਿਕ ਚੇਤੰਨਤਾ, ਸਮਾਜਿਕ ਚੇਤੰਨਤਾ ਦੀ ਸਥਾਪਨਾ ਅਤੇ ਵਿਸ਼ਵੀ ਚੇਤਨਾ ਦੇ ਵਿਸ਼ਲੇਸ਼ਣ ਕਰਨਾ ਪ੍ਰਸੰਗਿਕ ਹੋ ਗਿਆ ਹੈ।

### 1.4 ਖੋਜ-ਵਿਧੀ

ਇਸ ਖੋਜ ਕਾਰਜ ਲਈ ਮੂਲ ਆਧਾਰ ਗੁਰੂ ਗ੍ਰੰਥ ਸਾਹਿਬ ਵਿਚੱ ਦਰਜ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ ਪੂਰਵ ਕਾਲ, ਉਨ੍ਹਾਂ ਦੇ ਸਮਕਾਲ ਅਤੇ ਉਤਰ ਕਾਲ ਵਿੱਚ 'ਆਸਾ ਦੀ ਵਾਰ' ਵਿਸ਼ੇਸ ਤੌਰ ਤੇ ਗੁਰੂ ਨਾਨਕ ਦੇਵ ਜੀ ਦੇ ਯੋਗਦਾਨ ਨੂੰ ਇਤਿਹਾਸਕ ਦ੍ਰਿਸ਼ਟੀ ਤੋਂ ਵਿਚਾਰਨ ਲਈ ਇਤਿਹਾਸਕ ਪੁਸਤਕਾਂ ਨੂੰ ਵਰਤਿਆ ਜਾਵੇਗਾ। ਬਾਣੀ ਸਾਹਿਤ ਪਰੰਪਰਾ ਨੂੰ ਸਮਝਣ ਲਈ ਵਿਸ਼ਾਲ ਅਨੁਭਵ ਦੀ ਲੋੜ ਹੈ ਜੋ ਇਸ ਬਾਣੀ ਵਿਚਲੀਆਂ ਰਮਜਾਂ ਨੂੰ ਨਿਕਟ ਅਧਿਐਨ ਨਾਲ ਸਮਝਣ ਦੀ ਕੋਸ਼ਿਸ ਕੀਤੀ ਜਾਵੇਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਸਾਹਿਤ ਨਾਲ ਸਬੰਧਤ ਲਾਇਬ੍ਰੇਰੀਆਂ, ਗੁਰੂ ਨਾਨਕ ਦੇਵ ਜੀ ਸਬੰਧੀ ਸੰਸਥਾਵਾਂ ਵਿੱਚ ਜਾ ਕੇ ਪੁਸਤਕਾਂ ਦਾ ਅਧਿਐਨ ਕੀਤਾ ਜਾਵੇਗਾ। ਆਪਣੇ ਖੋਜ-ਕਾਰਜ ਨੂੰ ਨਪੇਰੇ ਚਾੜਨ ਲਈ ਕਿਸੇ ਇੱਕ ਵਿਧੀ 'ਤੇ ਨਿਰਭਰ ਰਹਿਣ ਦੀ ਬਜਾਏ ਲੜੋ ਮੁਤਾਬਿਕ ਵੱਖ-ਵੱਖ ਵਿਧੀਆਂ ਦਾ ਪ੍ਰਯੋਗ ਕੀਤਾ ਜਾਵੇਗਾ। ਜਿਸ ਦੇ ਆਧਾਰ ਤੇ ਅਸੀਂ ਆਪਣੇ ਵਿਸ਼ੇ ਦਾ ਅਧਿਐਨ, ਵਿਸ਼ਲੇਸ਼ਣ ਤੇ ਮੁਲਾਂਕਣ ਕਰਾਂਗੇ। ਕਿਉਂਕਿ ਖੋਜ ਕਾਰਨ ਦਾ ਸੰਬੰਧ ਵਿਸ਼ਵੀ ਭਾਈਚਾਰੇ ਸਮਾਜ ਨਾਲ ਹੈ ਇਸ ਲਈ ਮੁੱਖ ਰੂਪ ਵਿਚੱ ਵਿਸ਼ਵੀਕਰਨ ਲਹਿਰ ਅਤੇ ਸਮਾਜ ਸ਼ਾਸਤਰੀ ਅਧਿਐਨ ਵਿਧੀ ਦਾ ਪ੍ਰਯੋਗ ਕੀਤਾ ਜਾਵੇਗਾ।

### 1.5 ਪੂਰਵ ਖੋਜ-ਕਾਰਜ

1. ਚੋਪੜਾ, ਮਨਜੀਤ ਕੌਰ ਗੁਰੂ ਗ੍ਰੰਥ ਸਾਹਿਬ ਵਿੱਚ ਆਇਆਂ ਵਾਰਾਂ ਦਾ ਅਲਚੋਨਾਤਮਕ, ਗੁਰੁ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1975

2. ਹਰਜਿੰਦਰ ਕੌਰ, ਗੁਰੁ ਨਾਨਕ ਦੀਆਂ ਵਾਰਾਂ ਦਾ ਥੀਮਕ ਅਧਿਐਨ, ਜੰਮੂ ਯੂਨੀਵਰਸਿਟੀ, ਜੰਮੂ, 1987

3. ਅੰਮ੍ਰਿਤ ਕੌਰ, ਆਸਾ ਦੀ ਵਾਰ ਵਿੱਚ ਸਮਾਜਿਕ ਚੇਤਨਾ, ਪਜੰਬ ਯੂਨੀਵਰਸਿਟੀ,ਚੰਡੀਗੜ੍ਹ, 1992

4. ਸੁਖਵਿੰਦਰ ਸਿੰਘ, ਗੁਰੂ ਗ੍ਰੰਥ ਸਾਹਿਬ ਜੀ ਦੀਆਂ ਵਾਰਾਂ ਦਾ ਰੂਪਕਾਰਕ ਅਧਿਐਨ, ਜੰਮੂ ਯੂਨੀਵਰਸਿਟੀ, ਜੰਮੂ, 1987

5. ਰਮਿੰਦਰ ਕੌਰ, ਆਦਿ ਗ੍ਰੰਥ ਵਿੱਚ ਸੰਮਲਿਤ ਵਾਰਾਂ ਦਾ ਰੂਪ ਵਿਧਾਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999

6. ਹਰਮੀਤ ਕੌਰ, ਗੁਰੂ ਨਾਨਕ ਦੀਆਂ ਵਾਰਾਂ ਦਾ ਥੀਮਕ ਅਧਿਐਨ, ਕੁਰਕੂਸ਼ੇਤਰ ਯੂਨੀਵਰਸਿਟੀ, ਸ਼ਕੇਰਕੂਸ਼ੇਤਰ,2005

7. ਜਸਮੇਲ ਸਿੰਘ, ਗੁਰੂ ਨਾਨਕ ਦੀਆਂ ਵਾਰਾਂ ਵਿੱਚ ਗਰੂ ਦਾ ਸੰਕਲਪ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

8. ਅਮੋਲ, ਬਰਜਿੰਦਰ ਕੌਰ ਆਦਿ ਗ੍ਰੰਥ ਵਿੱਚ ਸੰਕਲਿਤ ਵਾਰਾਂ ਦਾ ਸਭਿਆਚਾਰਕ ਅਧਿਐਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ ।

ਅਜੋਕੇ ਦੌਰ ਦੇ ਸੰਦਰਭ ਵਿੱਚ 'ਆਸਾ ਦੀ ਵਾਰ' ਵਿੱਚ ਪ੍ਰਸਤੁੱਤ ਵਿਸ਼ਵੀ-ਚੇਤਨ ਦਾ ਕਾਰਜ ਉਪਰੋਕਤ ਖੋਜ ਨਾਲੋਂ ਨਿਵੇਕਲਾ ਹੈ। ਉਪਰੋਕਤ ਖੋਜ ਕਾਰਜਾਂ ਵਿੱਚ ਵਾਰਾਂ ਦੇ ਵਿਸ਼ੇ ਜਾਂ ਰੂਪਕ ਪੱਖ ਨੂੰ ਵਿਚਾਰਿਆ ਗਿਆ ਹੈ ਵਾਰਾਂ ਦਾ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ ਪਰ ਜਿੱਥੋਂ ਤੱਕ ਅਜੋਕੇ ਯੁੱਗ ਦੇ ਸਦਰੰਭ ਵਿੱਚ 'ਆਸਾ ਦੀ ਵਾਰ' ਵਿੱਚ ਪ੍ਰਸਤੁੱਤ ਵਿਸ਼ਵੀ- ਚੇਤਨਾ ਦਾ ਸਬੰਧ ਹੈ। ਇਸ ਵਿੱਚ ਵਿਸ਼ਵ ਪੱਧਰ ਤੇ ਆਸਾ ਦੀ ਵਾਰ ਦੀ ਪ੍ਰਸੰਗਿਕਤਾ ਦੀ ਸਾਰਥਿਕਤਾ ਦਾ ਉਪਰਾਲਾ ਹੈ। ਅੱਜ ਦੇ ਵਿਸ਼ਵੀਕਰਨ ਦੇ ਦੌਰ ਵਿੱਚ ਇਸ ਬਾਣੀ ਦੀ ਮਹੱਤਤੱ ਹੋਰ ਵੀ ਵਧੇਰੇ ਹੋ ਜਾਂਦੀ ਹੈ ਜਦੋਂ ਇਹ ਬਾਣੀ ਅੰਤਰ ਧਰਮ-ਸੰਵਾਦ, ਨੈਤਿਕਤਾ, ਪਰਮ-ਮਨੁੱਖ, ਪਖੰਡ ਅਤੇ ਅਡੰਬਰਾਂ ਦਾ ਵਿਰੋਧ ਕਰਦਾ ਇੱਕ ਪਰਮਾਤਮਾ ਤੇ ਇੱਕ ਮਨੁੱਖ ਦੀ ਅਹਿਮੀਅਤ ਤੇ ਜ਼ੋਰ ਦਿੰਦੀ ਹੋਈ ਮਨੁੱਖ ਨੂੰ ਜਿੰਦਗੀ ਜਿਉਣ ਦਾ ਬਲ ਸਿਖਾਉਂਦੀ ਹੈ ਇਸ ਖੋਜਕਾਰਜ ਵਿਚਲੀ ਬਾਣੀ ਦੀ ਚੇਤਨਤਾ ਨੂੰ ਵਿਸ਼ਵ ਦੇ ਕਲਿਆਣ ਦੇ ਪੱਖ ਵਜੋਂ ਵਿਚਾਰਿਆ ਗਿਆ ਹੈ।

**1.6 ਖੋਜ ਕਾਰਜ ਦਾ ਖੇਤਰ:**

ਇਹ ਖੋਜ-ਕਾਰਜ ਦਾ ਖੇਤਰ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਆਸਾ ਦੀ ਵਾਰ' ਦੀ ਵਿਸ਼ਵ-ਦ੍ਰਿਸ਼ਟੀ ਨੂੰ ਪਛਾਨਣ ਦਾ ਯਤਨ ਕਰਨਾ ਹੈ। ਇਸ ਵਿੱਚ ਗਰੂ ਨਾਨਕ ਦੇਵ ਜੀ ਦੀ ਰਚਨਾ ਦਾ ਵਿਸ਼ਵੀਕਰਨ ਦੇ ਪਰਿਪੇਖ ਵਿੱਚ ਅਧਿਐਨ ਕਰਨ ਦਾ ਯਤਨ ਕਰਨ ਦਾ ਉਪਰਾਲਾ ਹੈ ਨਾਨਕ ਬਾਣੀ ਅਜੋਕੇ ਸਮਿਆਂ ਵਿੱਚ ਮਨੁੱਖ ਲਈ ਕਿਸ ਤਰ੍ਹਾਂ ਸਹਾਈ ਹੁੰਦੀ ਹੈ। ਅਕਾਦਮਿਕ ਅਤੇ ਸਮੇਂ ਦੀ ਸੀਮਾ ਨੂੰ ਦੇਖਦੇ ਹੋਏ ਇਸ ਖੋਜ ਦਾ ਮੁੱਖ ਖੇਤਰ ਗੁਰੂ ਨਾਨਕ ਦੇਵ ਜੀ ਦੀ ਰਚਨਾ ਦਾ ਥੀਮਿਕ ਅਧਿਐਨ ਕਰਕੇ ਉਸ ਦੀ ਅਜੋਕੀ ਸਾਰਥਿਕਤਾ ਨੂੰ ਸਥਾਪਤ ਕਰਨਾ ਹੈ।

**1.7 ਸੰਭਾਵਿਤ ਨਤੀਜੇ:**

ਵਿਸ਼ਵੀਕਰਨ ਦੇ ਦੌਰ ਵਿੱਚ ਵਿਸ਼ਵੀ ਏਕਤਾ ਦੀ ਚੇਤਨਾ ਦਾ ਪਾਸਾਰ ਹੋਵੇਗਾ।ਮੌਜੂਦਾ ਵਿਸ਼ਵੀ ਪਿੰਡ ਵਿੱਚ, ਬਹੁਜਾਤੀ, ਬਹੁ-ਕੌਮੀ, ਬਹੁ-ਨਸਲੀ ਲੋਕਾਂ ਦੇ ਸਨਮੁੱਖ ਅੰਤਰ-ਧਰਮ-ਸੰਵਾਦ ਅਤੇ ਅੰਤਰ ਧਰਮ ਵਿਸ਼ਵਾਸ ਦੀ ਸਥਾਪਨਾ ਹਵੇਗੀ। ਸਮੁੱਚੇ ਮਾਨਵ ਦੀ ਨੈਤਿਕ ਤੇ ਚਰਿੱਤਰ ਮੁੱਲਾਂ ਦੀ ਉਸਾਰੀ ਕਰਨ ਲਈ ਵਿਭਿੰਨ ਸਦਾਚਾਰਕ ਅਤੇ ਆਦਰਸ਼ਕ ਮਾਡਲਾਂ ਦੀ ਸਥਾਪਤੀ ਹੋਵੇਗੀ। ਇਸ ਖੋਜ ਕਾਰਜ ਦੇ ਸੰਭਾਵੀ ਨਤੀਜੇ ਨਿਗਣੂੇ-ਕਰਮਾਂ-ਕਾਡਾਂ ਤੇ ਅੰਧ ਵਿਸ਼ਵਾਸਾਂ ਦਾ ਖੰਡਨ ਕਰਨਾ ਹੋਵੇਗਾ। ਅਜੋਕੇ ਸਮ੍ਹੇਂ ਵਿਚੱ ਨਾਰੀ ਦੇ ਸਨਮੁੱਖ ਆਉਂਦੀਆਂ ਸਮੱਸਿਆਵਾਂ, ਚਿੰਤਾਵਾਂ ਤੇ

ਅਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਨਾਰੀ ਚੇਤਨਾ ਨੂੰ ਬੁਲੰਦ ਕਰਨਾ ਹੋਵੇਗਾ। ਇਹ ਖੋਜ ਕਾਰਜ ਰਾਜਸੀ, ਸਮਾਜਕ, ਆਰਥਕ, ਧਾਰਮਿਕ ਸਥਿਤੀਆਂ ਨੂੰ ਸਾਹਮਣੇ ਲਿਆਉਣ ਵਿੱਚ ਸਹਾਈ ਹੋਵੇਗਾ।

ਇਸ ਖੋਜ ਕਾਰਜ ਨੂੰ ਤਿਆਰ ਕਰਨ ਅਤੇ ਇਸ ਨੂੰ ਸਿਰੇ ਚਾੜ੍ਹਨ ਵਿੱਚ ਮੇਰੇ ਨਿਗਰਾਨ ਪ੍ਰੋ. ਹਰਪ੍ਰੀਤ ਸਿੰਘ ਜੀ ਨੇ ਮੇਰੀ ਬਹੁਤ ਮਦਦ ਕੀਤੀ ਹੈ। ਉਹਨਾਂ ਦੇ ਵਿਦਵਤਾ ਭਰਪੂਰ ਸੁਝਾਵਾਂ ਨਾਲ ਮੇਰਾ ਨਿਰੰਤਰ ਮਾਰਗ ਹੁੰਦਾ ਹੈ। ਇਸ ਖੋਜ ਨਿਬੰਧ ਨਾਲ ਜੁੜੇ ਭਿੰਨ-ਭਿੰਨ ਅਕਾਦਮਿਕ ਮਸਲਿਆਂ ਨੂੰ ਹੱਲ ਕਰਨ ਵਿੱਚ ਉਹਨਾਂ ਨੇ ਮੈਨੂੰ ਕਦਮ-ਕਸਮ ਤੇ ਸਹਿਯੋਗ ਦਿੱਤਾ ਹੈ ਮੈਂ ਹਮੇਸ਼ਾਂ ਉਨ੍ਹਾਂ ਦੀ ਰਿਣੀ ਰਹਾਂਗੀ।

## 1.8 ਮੱਧਕਾਲੀ ਸਾਹਿਤ ਸਰੂਪ ਤੇ ਵਿਚਾਰਧਾਰ

ਮੱਧਕਾਲੀ ਸਾਹਿਤ ਦੇ ਸਰੂਪ ਤੇ ਵਿਚਾਰਧਾਰਾ ਨੂੰ ਜਾਨਣ ਤੋਂ ਪਹਿਲਾਂ ਇਹ ਜਾਣ ਲੈਣਾ ਜ਼ਰੂਰੀ ਹੈ। ਕਿ ਮੱਧਕਾਲ ਵਿੱਚ ਇੱਕ ਤੋਂ ਵਧੇਰੇ ਵਿਚਾਰਧਾਰਾ ਕਾਵਿ ਪ੍ਰੰਪਰਾ ਚੱਲੀਆਂ ਸਨ। ਭਾਵੇਂ ਇਹ ਪ੍ਰੰਪਰਾ ਤੇ ਵਿਚਾਰਧਾਰਾ ਇੱਕ ਦੂਜੇ ਤੋਂ

ਵੱਖਰੇ ਸਨ ਜਿਵੇਂ ਸੂਫ਼ੀ ਕਾਵਿ ਵਿਚਾਰਧਾਰਾ ਦਾ ਮੁੱਖ ਆਧਾਰ ਸਾਮੀ ਚਿੰਤਨ ਬਣਿਆ ਇਵੇਂ ਹੀ ਭਾਰਤੀ ਚਿੰਤਨ ਦਾ ਆਧਾਰ ਭਗਤੀ ਲਹਿਰ ਨਾਲ ਜੁੜਿਆ ਹੋਇਆ ਸੀ। ਇਹ ਦੋਵੇਂ ਚਿੰਤਨ ਬੇਸ਼ੱਕ ਵੱਖ-ਵੱਖ ਦ੍ਰਿਸ਼ਟੀਆਂ ਨਾਲ ਜੁੜੇ ਹੋਏ ਸੀ। ਇਸਦੇ ਬਾਵਜੂਦ ਵੀ ਇੰਨ੍ਹਾਂ ਦਾ ਰਚਨਾਤਮਕ ਪੱਖ ਹਮੇਸ਼ਾ ਇੱਕ ਦੂਸਰੇ ਦੇ ਪੂਰਕ ਹੀ ਰਿਹਾ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਗੁਰੂ ਅਰਜਨ ਜੀ ਨੇ ਵੀ ਇੰਨ੍ਹਾਂ ਦੋਹਾਂ ਵਿਚਾਰਧਾਰਾ ਦੀ ਰਚਨਾਤਮਕ ਪੱਖਾਂ ਨੂੰ ਬਾਣੀਕਾਰਾਂ ਦੇ ਬਰਾਬਰ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਕੀਤਾ । ਇੰਨ੍ਹਾਂ ਵਿਭਿੰਨ ਪੱਖਾਂ ਦੇ ਬਾਵਜੂਦ ਸਰੋਕਾਰ ਇੱਕ ਹੀ ਰਹੇ। ਸਰੂਪ ਅਤੇ ਵਿਚਾਰਧਾਰਾ ਇੱਕ ਦੂਜੇ ਦੇ ਨੇੜੇ ਹੋਣ ਤੇ ਅਜਿੰਤ ਸਰੋਕਾਰ ਪ੍ਰਕਾਸ਼ਮਾਨ ਹੋ ਕੇ ਇੱਕ ਦੂਜੇ ਦੇ ਪੂਰਕ ਹੁੰਦੇ ਗਏ।

ਜਿੱਥੇ ਪੰਜਾਬ ਸ਼ੁਰੂ ਤੋਂ ਹੀ ਗੁਰੂਆਂ ਪੀਰਾਂ ਦੀ ਧਰਤੀ ਰਿਹਾ ਉੱਥੇ ਵਿਦੇਸ਼ੀ ਹਮਲਾਵਾਰਾਂ ਲਈ ਪ੍ਰਵੇਸ਼ ਦੁਆਰ ਹੋਣ ਕਾਰਨ ਇਸ ਭੂਗੋਲਿਕ ਸਥਿਤੀ ਵਾਲੇ ਸੂਬੇ ਦੇ ਲੋਕਾਂ ਦੀ ਮਾਨਸਿਕਤਾ ਤੇ ਵਿਚਾਰਧਾਰਾ ਵੀ ਗਤੀਸ਼ੀਲ ਸੁਭਾਅ ਵਾਲੀ ਹੋ ਗਈ। ਮੱਧਕਾਲ ਦੇ ਸਮੇਂ ਪੰਜਾਬ ਪ੍ਰਵੇਸ਼ ਦੁਆਰਾ ਮੁਸਲਮਾਨਾ ਨੇ ਭਾਰਤ ਵਿਚ ਪ੍ਰਵੇਸ਼ ਕੀਤਾ ਤੇ ਫਿਰ ਇੰਨ੍ਹਾਂ ਮੁਸਲਮਾਨਾ ਨੇ ਭਾਰਤ ਤੇ ਹੀ ਰਾਜ ਨਹੀਂ ਕੀਤਾ ਸਗੋਂ ਭਾਰਤ ਦੇ ਲੋਕਾਂ ਦੀ ਮਾਨਸਿਕਤਾ, ਸੱਭਿਆਚਾਰਕਤਾ, ਵਿਚਾਰਧਾਰਿਕਤਾ ਤੇ ਇੱਥੋਂ ਤੱਕ ਕੇ ਸਾਹਿਤਕ ਸਰੂਪ ਨੂੰ ਵੀ ਇਸਲਾਮੀ ਰੰਗ ਦਿੱਤਾ। ਜਿਸ ਨਾਲ ਭਾਰਤੀ ਚਿੰਤਨਾਂ ਅਤੇ ਸਾਮੀ ਚਿੰਤਨਾਂ ਵਿੱਚ ਤਨਾਅ ਵਧਿਆ ਪਰ ਸਮਾਂ ਪੈਣ ਤੇ ਸੰਵਾਦ ਦੇ ਰਿਸ਼ਤੇ ਵਿੱਚੋਂ ਹੁੰਦਾ ਹੋਇਆ ਇੱਕ ਦੂਜੇ ਦੇ ਵਿਚਾਰਾਂ ਦੇ ਅਦਾਨ ਪ੍ਰਦਾਨ ਹੁੰਦਾ ਰਿਹਾ। ਇਸ ਤਰ੍ਹਾਂ ਸਹਿਜ ਸੁਭਾਵਿਕ ਹੋ ਕੇ ਇੱਕ ਦੂਜੇ ਦੇ ਵਿਚਾਰਾਂ ਨੂੰ ਸਮਝਣ ਲੱਗੇ ਅਤੇ ਇੱਕ ਦੂਜੇ ਦੀ ਪਛਾਣ ਪ੍ਰਤੀ ਵੀ ਕਿਰਿਆਸ਼ੀਲ ਹੋਏ। ਇਹ ਕਿਰਿਆਸ਼ੀਲ ਸਰੂਪ ਤੇ ਵਿਚਾਰਧਾਰਾ ਨੇ ਸਮਾਜ ਨੂੰ ਇੱਕ ਨਵੀਨ ਰੰਗ ਵਿੱਚ ਪੇਸ਼ ਕੀਤਾ ਅਤੇ ਭਾਰਤੀ ਸਾਹਿਤਕ ਸਰੂਪ ਅਤੇ ਵਿਚਾਰਧਾਰਾ ਵੀ ਇੰਨ੍ਹਾਂ ਦੋਵਾਂ ਚਿੰਤਨਾਂ ਨੇ ਨਵੇਂ ਰੰਗ ਵਿੱਚ ਰੰਗਿਆ ਗਿਆ ਫਿਰ ਇਹ ਨਵੀਨ ਰੰਗ ਨੇ ਵਿਚਾਰਾਂ ਵਿੱਚ ਨੇੜਤਾ ਲਿਆ ਕੇ ਸੰਸ਼ੇਲਨ ਨੂੰ ਸਾਕਾਰ ਕੀਤਾ। ਜਿਸ ਨਾਲ ਇੱਕ ਨਵੀਨ ਅਤੇ ਖੁਸ਼ਹਾਲ ਸਮਾਜ ਦੀ ਸਥਾਪਨਾ ਹੋਈ ।

ਬੇਸ਼ੱਕ ਇਸਲਾਮਿਕ ਅਤੇ ਬ੍ਰਾਹਮਣਵਾਦ ਕੱਟੜਪੰਥੀਆਂ ਵਿੱਚ ਤਨਾਅ ਦੀ ਸਥਿਤੀ ਜਿਉਂ ਦੀ ਤਿਉਂ ਹੀ ਬਣੀ ਰਹੀ ਪਰ ਇੰਨ੍ਹਾਂ ਚਿੰਤਨਾਂ ਦੇ ਇਸ ਪ੍ਰਭਾਵ ਤੋਂ ਸਮਾਜ ਵੀ ਮੁਕਤ ਹੋਇਆ ਤੇ ਇਹ ਚਿੰਤਨਕਾਰਾਂ ਨੇ ਤਨਾਅ ਦੀ ਥਾਂ ਮੇਲ-ਮਿਲਾਪ ਵਧਾਇਆ ਤੇ ਇੱਕ ਨਵੇਂ ਸੱਭਿਆਚਾਰਕ ਸਰੂਪ ਦੀ ਸਿਰਜਣਾ ਕੀਤੀ। ਜਿਸ ਨਾਲ ਮੱਧਕਾਲੀ ਸਾਹਿਤਿਕ ਸਰੂਪ ਵਿੱਚ ਵਿਚਾਰਧਾਰਾ ਦਾ ਘੇਰਾ ਵਿਕਸਿਤ ਅਤੇ ਪੂਰਕ ਹੁੰਦਾ ਹੋਇਆ ਇੱਕ ਨਵੀਨ ਅਤੇ ਖੁਸ਼ਹਾਲ ਸਮਾਜ ਦੀ ਸਿਰਜਣਾ ਨੂੰ ਸਥਾਪਿਤ ਕੀਤਾ। ਫਿਰ ਮੱਧਕਾਲ ਵਿੱਚ ਸਮੁੱਚੀ ਪੰਜਾਬੀ ਵਿਚਾਰਧਾਰਾ ਵਿੱਚ ਜਾਤਪਾਤ, ਧਰਮ, ਊਚ-ਨੀਚ ਆਦਿ ਸ਼੍ਰੇਣੀ ਬੰਧਨਾਂ ਤੋਂ ਪਰੇ ਇੱਕ ਅਜਿਹੇ ਬ੍ਰਹਮ ਦੀ ਕਲਪਨਾ ਕੀਤੀ।ਜੋ ਬਿਨਾਂ ਭੇਦ-ਭਾਵ, ਬਿਨਾਂ ਕਿਸੇ ਉਚੇਚ ਦੇ ਅਜਿਹੇ ਮਾਰਗ ਦੀ ਸਿਰਜਣਾ ਕੀਤੀ ਜਿਸ ਨੇ ਸਮੁੱਚੀ ਮਾਨਵਤਾ ਨੂੰ ਇੱਕਸੁਰਤਾ ਦੀ ਹੋਂਦ ਵਿੱਚ ਲਿਆ ਕੇ ਹਾਜ਼ਰ ਕੀਤਾ।

ਭਗਤ ਬਾਣੀਕਾਰਾਂ ਤੇ ਸੂਫ਼ੀ ਸਾਮੀਆਂ ਨੇ ਬ੍ਰਹਮ ਦੀ ਪ੍ਰਾਪਤੀ ਦੇ ਮਾਰਗ ਨੂੰ ਮਾਨਵੀ ਏਕਤਾ ਦਾ ਮਾਰਗ ਨਿਸ਼ਚਿਤ ਕਰਦੇ ਹੋਏ ਕੱਟੜਪੰਥੀਆਂ ਦੇ ਸਾਰੇ ਸਰੂਪਾਂ ਅਤੇ ਵਿਚਾਰਧਾਰਾ ਨੂੰ ਰੱਦ ਕਰਕੇ ਬ੍ਰਹਮ ਨੂੰ ਇੱਕ ਵਿਸ਼ੇਸ ਵਰਗ ਵਿੱਚ ਰੱਖ ਕੇ ਰਾਖਵਾਂ ਕੀਤਾ ।

ਮੱਧਕਾਲ ਦੇ ਸਾਹਿਤ ਵਿਚਾਰਧਾਰਾ ਦਾ ਦੂਜਾ ਵੱਡਾ ਸੰਕਲਪ ਮਨੁੱਖ ਦੀ ਅਜ਼ਾਦੀ ਦੇ ਅਧਾਰ ਉੱਪਰ ਢੁੱਕਦਾ ਹੈ। ਇਸ ਵਿੱਚ ਭਗਤੀ ਕਾਵਿ, ਸੂਫ਼ੀ ਕਾਵਿ, ਗੁਰਮਤਿ ਕਾਵਿ ਨੇ ਮਨੁੱਖ ਨੂੰ ਉਨ੍ਹਾਂ ਸਾਰੇ ਸਮਾਜਿਕ ਬੰਧਨਾਂ ਤੋਂ ਮੁਕਤ ਹੋਣ ਦਾ ਪ੍ਰਕਾਸ਼ਮਾਨ ਮਾਰਗ ਦਰਸਾਇਆ ਤੇ ਲੋਕ ਭਾਸ਼ਾ ਦੁਆਰਾ ਸਮਾਜਿਕ ਵਰਗ ਦੀ ਗੱਲ ਕੀਤੀ। ਭਗਤੀ ਕਾਵਿ, ਸੂਫ਼ੀ ਕਾਵਿ, ਗੁਰਮਤਿ ਕਾਵਿ ਵਿੱਚ ਮਨੁੱਖੀ ਅਜ਼ਾਦੀ ਨੂੰ ਅਹਿਮ ਰੱਖ ਕੇ ਮਾਨਵਤਾ ਵਿੱਚੋਂ ਪਰਲੌਕਿਕ ਸੱਚ ਨੂੰ ਪ੍ਰਾਪਤ ਕਰਨ ਦਾ ਮਹੱਤਵਪੂਰਨ ਮਾਰਗ ਦਰਸ਼ਨ ਪੇਸ਼ ਕੀਤੀ ਹੈ। ਇਹ ਵਿਚਾਰਧਾਰਾ ਅਧਿਆਤਮਿਕ ਕਾਵਿ ਰਚਨਾ ਵਿੱਚ ਹੀ ਨਹੀਂ ਸਗੋਂ ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ, ਸਦਾਚਾਰਤਾ ਵਿੱਚ ਵੀ ਇਸ ਕਾਵਿ ਵਿਚਾਰਧਾਰਾ ਦਾ ਮੂਲ ਦਰਸਾਇਆ ਹੈ।

ਮੱਧਕਾਲ ਦੇ ਸਮੁੱਚੇ ਸਾਹਿਤ ਦੀ ਸਭ ਤੋਂ ਵੱਡੀ ਵਿਚਾਰਧਾਰਾ ਮਾਨਵ ਦੀ ਅਜ਼ਾਦੀ ਹੈ। ਇੱਥੇ ਕੁਲੀਨ ਵਰਗ ਦੀ ਜਗ੍ਹਾਂ ਆਮ ਲੋਕ ਵਰਗ ਏਕਤਾ ਦੀ ਸਥਾਪਨਾ ਨੂੰ ਮਹੱਤਤਾ ਦਿੱਤੀ। ਬਾਬਰ ਬਾਣੀ ਇਸਦਾ ਇੱਕ ਜੀਵੰਤ ਪ੍ਰਮਾਣ ਹੈ। ਇਸ ਮੱਧਕਾਲੀ ਸਾਹਿਤ ਦੀ ਵੱਡੀ ਵਿਚਾਰਧਾਰਾ ਉਨ੍ਹਾਂ ਸਾਰੀਆਂ ਅਮਾਨਵੀ ਤਾਕਤਾਂ ਦਾ ਵਿਰੋਧ ਕੀਤਾ ਜਿੰਨ੍ਹਾਂ ਦੇ ਦਮਨ ਹੇਠ ਮਨੁੱਖ ਬੰਦੀ ਬਣ ਰਿਹਾ ਸੀ। ਇੱਥੇ ਸਾਹਿਤ ਵਿੱਚ ਅਜਿਹੀ ਵਿਚਾਰਧਾਰਾ ਨੂੰ ਵਿਕਸਿਤ ਅਤੇ ਵਿਸਥਾਰ ਕੀਤਾ। ਜਿਸ ਵਿੱਚ ਮਨੁੱਖੀ ਹੱਕ, ਸੱਚ ਅਤੇ ਅਜ਼ਾਦੀ ਦੇ ਮਾਰਗ ਨੂੰ ਦਰਸਾਇਆ ਹੈ ਅਤੇ ਬ੍ਰਹਮ ਨਾਲ ਜੋੜ ਕੇ ਮਾਨਵ ਨੂੰ ਸੰਸਾਰਿਕ ਬੰਧਨਾਂ ਅਤੇ ਆਡੰਬਰਾਂ ਤੋਂ ਮੁਕਤ ਕਰਕੇ ਇੱਕ ਸਮੁੱਚੇ ਸਾਹਿਤਕ ਵਿਚਾਰਧਾਰਾ ਮਾਨਵੀ ਅਜ਼ਾਦੀ ਨੂੰ ਸਹੀ ਸੇਧ ਉਲੀਕਦੇ ਹੋਏ ਬ੍ਰਹਮ ਦੇ ਪ੍ਰਕਾਸ਼ਮਾਨ ਨੂੰ ਦਰਸਾਇਆ ਹੈ।

ਮੱਧਕਾਲੀ ਸਾਹਿਤਕ ਸਰੂਪ ਵਿੱਚ ਇਹ ਤੱਥ ਹਾਜ਼ਿਰ ਹਨ ਜੋ ਸਮੁੱਚੇ ਸਾਹਿਤ ਦੇ ਰੁਝਾਨ ਦੁਆਰਾ ਪ੍ਰੰਪਰਾ ਨਾਲ ਸੰਵਾਦ ਰਚਾਉਣ ਅਤੇ ਅਰਥਹੀਣਾ ਨੂੰ ਸਿਰੇ ਤੋਂ ਖਾਰਿਜ ਕਰਦੇ ਹਨ। ਜਿੱਥੇ ਸਾਮੀ ਚਿੰਤਨਾ ਨੇ ਕੁਰਾਨ ਦੇ ਕੱਟੜ ਪੰਥੀਆਂ ਦਾ ਵਿਰੋਧ ਕੀਤਾ ਫਿਰ ਮਰਿਆਦਾਵਾਂ ਨੂੰ ਖਾਰਿਜ ਕੀਤਾ, ਉੱਥੇ ਹੀ ਨਵੇਂ ਸੰਕਲਪਾਂ ਦੀ ਸਿਰਜਣਾ ਕੀਤੀ। ਮੱਧਕਾਲ ਦੇ ਗੁਰਮਤਿ ਸਾਹਿਤ ਵਿੱਚ ਵੀ ਬ੍ਰਹਮ ਤੋਂ ਲੈ ਕੇ ਸਧਾਰਨ ਮਾਨਵ ਤੱਕ ਦੀ ਗੱਲ ਕੀਤੀ ਹੈ। ਜਿਸ ਦੇ ਨਾਲ ਆਮ ਲੋਕ ਵਰਗ ਨੂੰ ਜਾਗਰੂਕ ਕੀਤਾ ਅਤੇ ਮਾਨਵੀ ਚਿੰਤਾਵਾਂ ਨੂੰ ਨਵੇਂ ਸੰਕਲਪਾਂ ਵਿੱਚ ਢਾਲਿਆ ਜਿਸ ਨਾਲ ਅਜਿਹੇ ਸਮਾਜ ਦੀ ਨੀਂਹ ਰੱਖੀ ਜੋ ਧਰਮ, ਜਾਤ-ਪਾਤ, ਸ਼੍ਰੇਣੀ ਦੀ ਉਚ ਨੀਚ ਤੋਂ ਮੁਕਤ ਸੀ। ਸਮਾਜ ਵਿੱਚ ਅਜਿਹੇ ਚਿੰਤਨ ਨੂੰ ਦਰਸਾਇਆ ਜਿਸ ਦੁਆਰਾ ਵਿਅਕਤੀ ਆਪਣੀ ਆਤਮ ਪਛਾਣ ਕਰ ਸਕੇ। ਪੰਜਾਬੀ ਸਾਹਿਤ ਸਰੂਪ ਤੇ ਵਿਚਾਰਧਾਰਾ ਵੀ ਇਸ ਨਾਲ ਵੱਡੀ ਸ਼ਕਤੀ ਬਣ ਕੇ ਉਭਰੀ। ਪੰਜਾਬੀ ਸਾਹਿਤ ਵਿਚਾਰਧਾਰਾ ਦੇ ਅੰਤਰਗਤ ਗੁਰਮਤਿ ਕਾਵਿ ਇੱਕ ਅਜਿਹੀ ਦਾਰਸ਼ਨਿਕ ਬਾਣੀ ਹੈ। ਜਿਸ ਨੇ ਮੱਧਕਾਲ ਵਿੱਚ ਭਾਰਤ ਅੰਦਰ ਨਵੀਨ ਮੁੱਲਾਂ ਅਤੇ ਨਵੀਨ ਸੰਕਲਪਾਂ ਵਾਲਾ ਮਾਹੌਲ ਸਿਰਜਿਆ। ਗੁਰਮਤਿ ਵਿਚਾਰਧਾਰਾ ਆਪਣੇ ਸਮਕਾਲ ਤੋਂ ਲੈ ਕੇ ਅੱਜ ਦੇ ਵਿਸ਼ਵੀਕਰਨ ਯੁੱਗ ਦੀ ਮਾਨਵੀ ਜਿੰਦਗੀ ਦਾ ਇੱਕ ਅਜਿਹਾ ਪ੍ਰੇਰਕ ਸੋਮਾ ਬਣਿਆ ਹੋਇਆ ਜਿਸ ਦੀ ਵਿਚਾਰਧਾਰਾ ਅਧਿਆਤਮਿਕ ਹੈ। ਪਰ ਇਹ ਅਧਿਆਤਮਿਕ ਚੇਤੰਨਤਾ ਤੋਂ ਇਲਾਵਾ ਸਮਾਜਿਕ ਚੇਤਨਾ, ਰਾਜਨੀਤਿਕ ਚੇਤਨਾ, ਆਰਥਿਕ ਚੇਤਨਾ, ਧਾਰਮਿਕ ਚੇਤਨਾ, ਸਦਾਚਾਰਕਤਾ ਚੇਤੰਨਤਾ ਆਦਿ ਚੇਤੰਨਤਾਵਾਂ ਨੂੰ ਵੀ ਆਪਣੇ ਨਾਲ ਜੋੜਦੀ ਹੈ ਤੇ ਸਮਾਜ ਨੂੰ ਇੱਕ ਨਵੀਨ ਮਾਰਗ ਪ੍ਰਕਾਸ਼ਮਾਨ ਕਰਦੀ ਹੈ।ਗੁਰਮਤਿ ਵਿਚਾਰਧਾਰਾ ਵਿੱਚ ਜਿੱਥੇ ਇੱਕ ਬਿੰਦੂ ਬ੍ਰਹਮ ਨਾਲ ਜੁੜਿਆ ਹੋਇਆ ਹੈ ਅਤੇ ਦੂਸਰਾ ਧਰਤੀ ਨਾਲ ਜੁੜਿਆ ਹੋਇਆ ਹੈ। ਇਸ ਵਿਚਾਰਧਾਰਾ ਵਿੱਚ ਨੈਤਿਕ ਮੁੱਲਾਂ ਵਾਲੇ ਸੰਸਾਰ ਨੂੰ

ਦਰਸਾਇਆ ਹੋਇਆ ਹੈ ਤੇ ਬਾਣੀ ਵਿੱਚ ਸੰਸਾਰ ਦੇ ਨੈਤਿਕ ਮੁੱਲਾਂ ਨੂੰ ਬੜੇ ਹੀ ਸਹਿਜਤਾ ਨਾਲ ਸਪੱਸ਼ਟ ਕੀਤਾ । ਜਿਵੇਂ ਨਿਮਰਤਾ, ਪ੍ਰੇਮ, ਸੇਵਾ, ਆਦਿ ਮੁੱਖ ਜੋ ਬ੍ਰਹਮ ਦੀ ਪ੍ਰਾਪਤੀ ਲਈ ਅਹਿਮ ਹਨ ਅਤੇ ਮਾਨਵ ਜਿੰਦਗੀ ਲਈ ਅਹਿਮ ਮਾਰਗ ਦਰਸ਼ਨ ਹਨ।

ਸਿੱਖ ਧਰਮ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਅਤੇ ਪੰਥ ਮੰਨਿਆ ਜਾਂਦਾ ਹੈ ਤੇ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਰਾਹੀ ਦੋਵਾਂ ਦੀ ਮਹਤੱਤਾ ਦਰਸਾਈ।ਜੋ ਇਸ ਤਰ੍ਹਾਂ ਹੈ:

**ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹੈ ਰਾਈ॥**[1]

ਗੁਰੂ ਨਾਨਕ ਦੇਵ ਜੀ ਨੇ ਬਾਣੀ ਵਿੱਚ ਗੁਰਮੁਖ ਸਰੂਪ ਦਾ ਪ੍ਰਗਟਾ ਕੀਤਾ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਇਹ ਸਦੀਵੀਂ ਵਿਚਾਰ ਇੱਕ ਜਾਂ ਦੋ ਦਿਨਾਂ ਵਿੱਚ ਪੈਦਾ ਨਹੀਂ ਹੋਏ ਬਲਕਿ ਇਸ ਪਿੱਛੇ ਗੁਰੂ ਜੀ ਦੁਆਰਾ ਉਜਾਗਰ ਕੀਤੀ ਵਿਸ਼ਵੀ ਭਾਈਚਾਰੇ ਦੀ ਉਹ ਭਾਵਨਾ ਹੈ ਜੋ ਉਦਾਸੀਆਂ ਸਮੇਂ ਵਿਚਾਰ ਵਟਾਂਦਰਾ ਕੀਤੇ ਸਨ। ਇਹ ਉਨ੍ਹਾਂ ਵਿਚਾਰਾਂ ਦੇ ਹੀ ਨਤੀਜੇ ਹਨ। ਯੋਗੀਆਂ, ਬ੍ਰਾਹਮਣਾਂ, ਮੌਲਾਣਿਆਂ ਨਾਲ ਕੀਤੇ ਵਿਚਾਰ ਕੇਵਲ ਪ੍ਰਤੀਕ ਹਨ ਜੋ ਉਨ੍ਹਾਂ ਦੀ ਸ਼ਖਸੀਅਤ ਵਿੱਚ ਸਹਿਹੋਂਦ ਭਾਵਨਾ ਦਾ ਪ੍ਰਗਟਾ ਹਨ। ਵੇਈ ਨਦੀਂ ਦੇ ਪ੍ਰਵੇਸ਼ ਬਾਅਦ ਪਹਿਲਾਂ ਉਪਦੇਸ਼ "ਨ ਕੋ ਹਿੰਦੂ ਨ ਮੁਸਲਮਾਨ"ਦਾ ਉਪਦੇਸ਼ ਦੇਣ ਵਾਲੇ ਗੁਰੁ ਜੀ ਨੇ ਇਸ ਸੰਵਾਦ ਰਾਹੀਂ ਵਿਸ਼ਵ ਦੇ ਸਾਰੇ ਲੋਕਾਂ ਨੂੰ ਨੇੜੇ ਲਿਆਉਣ ਦਾ ਸਯਤਨ ਕੀਤਾ। ਗੁਰੂ ਨਾਨਕ ਦੇਵ ਜੀ ਦੀ ਬਾਣੀ ਆਸਾ ਦੀ ਵਾਰ ਵਿੱਚ ਵਿਸ਼ਵੀ ਭਾਈਚਾਰੇ ਨੂੰ ਪ੍ਰਫੁੱਲਿਤ ਕਰਨ ਦੇ ਨਾਲ ਨਾਲ ਉਚ ਨੀਚ ਤੋਂ ਮੁਕਤ ਹੋਣ ਦਾ ਮਾਰਗ ਵੀ ਦਰਸਾਇਆ ਹੈ ਅਤੇ ਮਾਨਵ ਨੂੰ ਅਕਾਲ ਪੁਰਖ ਦੇ ਧੁਰੇ ਬਾਰੇ ਵੀ ਪ੍ਰਕਾਸ਼ਮਨ ਕੀਤਾ ਹੈ। ਇਸ ਲਈ ਆਸਾ ਦੀ ਵਾਰ ਨੂੰ ਇੱਕ ਸਰਬ ਸਾਂਝੀ ਬਾਣੀ ਕਿਹਾ ਜਾ ਸਕਦਾ ਹੈ। ਗੁਰੂ ਜੀ ਦੀ ਬਾਣੀ ਇੱਕਲੇ ਸਿੱਖ ਸਰਧਾਲੂਆਂ ਲਈ ਨਹੀਂ ਸਗੋਂ ਪੂਰੇ ਵਿਸ਼ਵ ਦੇ ਲੋਕਾਂ ਲਈ ਹੈ।

ਬੇਸ਼ੱਕ ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸੱਤ ਵਰਿਆਂ ਦੀ ਉਮਰ ਵਿੱਚ ਹੀ ਸਾਹਿਤਕ ਰਚਨਾ ਕਰਨ ਦੀ ਸ਼ੁਰੂਆਤ ਕਰ ਦਿੱਤੀ ਸੀ। ਗੁਰੂ ਨਾਨਕ ਦੇਵ ਜੀ ਦੀ ਇਹ ਬਾਣੀ ਅੱਜ ਦੇ ਵਿਸ਼ਵੀ ਕਰਨ ਵਿਗਿਆਨਕ ਯੁੱਗ ਵਿੱਚ ਵੀ ਆਪਣਾ ਵਧੇਰੇ ਪ੍ਰਭਾਵ ਤੇ ਏਕਤਾ ਦਾ ਪ੍ਰਕਾਸ਼ਮਾਨ ਕਰ ਰਹੀ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਸਾਰੀ ਸ੍ਰਿਸ਼ਟੀ ਦੇ ਵੱਖੋ ਵੱਖਰੇ ਜੀਵ ਜੰਤਾਂ ਦੀ ਮਹਤੱਤਾ ਤੇ ਮਾਨਵੀ ਜਾਤੀ ਦੇ ਧਾਰਮਿਕ ਪੱਖਾਂ ਨੂੰ ਅਤੇ ਪ੍ਰਕਿਰਤੀ ਦੇ ਸਾਰੇ ਦ੍ਰਿਸਾਂ ਨੂੰ ਬਾਣੀ ਦੇ ਵਿੱਚ ਰਚਿਆ ਅਤੇ ਉਸ ਨੂੰ ਇਹਨਾਂ ਨੂੰ ਵੱਖ-ਵੱਖ ਰਾਗਾਂ ਵਿੱਚ ਪੇਸ਼ ਕੀਤਾ। ਉਹਨਾਂ ਨੇ ਆਪਣੀਆ ਰਚਨਾਵਾਂ ਵਿੱਚ ਰਾਗ, ਨਾਚ, ਤਾਲ ਨੂੰ ਵੀ ਬੜੇ ਹੀ ਸੁਚੱਜੇ ਢੰਗ ਨਾਲ ਬਣਾਏ ਅਤੇ ਉਹਨਾਂ ਦੀ ਵਰਤੋਂ ਕੀਤੀ।

ਜਿਵੇਂ_ **" ਸੋ ਦਰੁ ਕੇਹਾ ਸੋ ਘਰੁ ਕੇਹਾ**

**ਜਿਤੁ ਬਹਿ ਸਰਬ ਸਮਾਲੇ**

ਜਿਸ ਦਾ ਉੱਤਰ ਬੜੇ ਹੀ ਸੁਚੱਜੇ ਢੰਗ ਨਾਲ ਬਾਣੀ ਵਿੱਚ ਪੇਸ਼ ਕੀਤਾ

**ਵਾਜੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣ ਹਾਰੇ।**

**ਕੇਤੇ ਤੇਰੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣ ਹਾਰੇ।**

**ਗਾਵਹਿ ਤੁਹਨੋ ਪਉਣ ਪਾਣੀ ਬੈਸੰਤਰੁ ,ਗਾਵੈ ਰਾਜਾ ਧਰਮੁ ਦੁਆਰੇ**

**ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ , ਲਿਖਿ ਧਰਮੁ ਵੀਚਾਰੇ।**

**ਗਾਵਹਿ ਇੰਦ ਇੰਦਾਸਣ ਬੈਠੇ ਦੇਵਤਿਆਂ ਦਰਿ ਨਾਲੇ।**

**ਗਾਵਹਿ ਸਿਧ ਸਮਾਧੀ ਅੰਦਰਿ, ਗਾਵਨਿ ਸਾਧ ਵਿਚਾਰੇ**

**ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ।**

**-- -- -- --- ---- --- --- -- ---**

**ਹੋਰ ਕੇਤੇ ਗਾਵਨਿ ਸੇ ਮੈਂ ਚਿਤਿ ਨਾ ਆਵਨਿ, ਨਾਨਕ ਕਿਆ ਵੀਚਾਰੇ।**[2]

ਇੱਥੇ ਹੀ ਭਾਰਤੀ ਸੂਫ਼ੀਆਂ ਨੇ ਕਾਫੀਆਂ ਦੇ ਰੰਗ ਨੂੰ ਨਵੀਨ ਰੂਪ ਵਿੱਚ ਪੇਸ਼ ਕੀਤਾ। ਉੱਥੇ ਹੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਵਿੱਚ ਹਰ ਰਾਗ ਦੇ ਵਿੱਚ ਪ੍ਰਭੂ ਪ੍ਰਤੀ ਵਲਵਲਾ, ਜੋਸ਼, ਉਮਾਹ ਆਦਿ ਨੂੰ ਮਹਤੱਤਾ ਦੇ ਕੇ ਬਾਣੀ ਦੀ ਰਚਨਾ ਕੀਤੀ ।ਗੁਰੂ ਨਾਨਕ ਦੇਵ ਜੀ ਨੂੰ ਬੋਰਨ ਪੋਈਟ ਕਹਿਣਾ ਵੀ ਅਤਕਥਨੀ ਨਹੀਂ ਹੋਵੇਗੀ ਕਿਉਕਿ ਬਾਲ ਅਵਸਥਾ ਵਿੱਚ "ਵੈਦ ਬੁਲਾਇਆ ਵੈਦਗੀ","ਜਾਲ ਮੋਹ ਘਸ ਸਮ ਕੁਰ","ਆਸਾ ਦੀ ਪੱਟੀ" ਆਦਿ ਰਚਨਾਵਾਂ ਦੇ ਸੰਕੇਤ ਮਿਲਦੇ ਹਨ।

ਗੁਰੂ ਨਾਨਕ ਦੇ ਜੀ ਦੀ ਬਾਣੀ ਵਿੱਚ ਮਾਨਵ ਜਾਤੀ ਦੀ ਮੁਕਤੀ ਦਾ ਉਹ ਮਾਡਲ ਤੇ ਨਿਰਮਾਣ ਹੈ ਜੋ ਕਿ ਅੱਜ ਦੇ ਵਿਸ਼ਵੀਕਰਨ ਯੁੱਗ ਦੇ ਨੈਤਿਕ ਮੁੱਲਾਂ ਦਾ ਅਧਾਰ ਹੋਵੇਗਾ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਵਿਸ਼ਵੀਕਰਨ ਅਡੰਬਰਾਂ ਦਾ ਵਿਰੋਧ ਹੈ ਜੋ ਕਿ ਮਨੁੱਖ ਨੂੰ ਬੁੱਧੀਹੀਨ ਕਰਦੇ ਹਨ। ਗੁਰੂ ਨਾਨਕ ਦੇਵ ਜੀ ਦੀ ਬਾਣੀ ਇਹਨਾਂ ਅਡੰਬਰਾਂ ਦੀ ਜਗ੍ਹਾ ਇੱਕ ਆਦਰਸ਼ਕ ਮਨੁੱਖ ਤੇ ਸਮਾਜ ਦੇ ਬਿੰਬ ਨੂੰ ਪੇਸ਼ ਕਰਦੀ ਹੈ। ਜੋ ਕਿ ਸਰਬੱਤ ਦਾ ਭਲਾ ਅਥਵਾ ਵਿਸ਼ਵੀਕਰਨ ਦੀ ਭਲਾਈ ਨੂੰ ਮੁੱਖ ਅਧਾਰ ਬਣਾਕੇ ਬਾਣੀ ਦੇ ਉਦੇਸ਼ ਤੇ ਨੈਤਿਕ ਮੁੱਲਾਂ ਦੀ ਪ੍ਰਾਪਤੀ ਨੂੰ ਇੱਕ ਅਲੌਕਿਕ ਮਾਡਲ ਵਿੱਚ ਪੇਸ਼ ਕੀਤਾ ਹੈ।

## ਹਵਾਲੇ ਟਿੱਪਣੀਆਂ

1.ਵਾਰਾਂ ਭਾਈ ਗੁਰਦਾਸ, ਵਾਰ 1. ਪੰਨਾ 42

2.ਜਪੁ, ਪੰਨਾ 6

**1.9 ਗੁਰੂ ਨਾਨਕ ਬਾਣੀ ਚਿੰਤਨ ਅਤੇ ਚੇਤਨਾ**

ਗੁਰੂ ਨਾਨਕ ਦੇਵ ਜੀ ਦੀ ਪ੍ਰਮਾਣਿਕ ਬਾਣੀ ਨੂੰ ਗੁਰੂ ਗ੍ਰੰਥ ਸਹਿਬ ਵਿੱਚ ਗੁਰੂ ਅਰਜੁਨ ਦੇਵ ਜੀ ਦੁਆਰਾ ਆਪਣੀ ਦੇਖ ਰੇਖ ਹੇਠ ਦਰਜ ਕਰਵਾਉਣ ਦਾ ਮਹਾਨ ਕਾਰਜ ਕੀਤਾ। ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਦੀ ਮਹਤੱਤਾ ਦਾ ਸੰਦੇਸ਼ ਦੇਣ ਲਈ ਦੂਰ ਦੁਰਾਡਿਆਂ ਤੱਕ ਉਦਾਸੀਆਂ ਕੀਤੀਆਂ। ਉਦਾਸੀਆਂ ਸਮੇਂ ਉਨ੍ਹਾਂ ਨੇ ਪੋਥੀ ਵਿੱਚ ਆਪਣੇ ਵਿਚਾਰਾਂ ਦੀ ਰਚਨਾ ਕੀਤੀ ਤੇ ਇਸ ਤੋਂ ਇਲਾਵਾ ਗੁਰੂ ਜੀ ਨੇ ਵੱਖ ਵੱਖ ਭਗਤਾਂ ਦੀ ਬਾਣੀ ਵੀ ਇਕੱਤਰ ਕੀਤੀ। ਇਸ ਪੋਥੀ ਦੀ ਮਹਤੱਤਾ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ:

**ਬਾਬਾ ਫਿਰ ਮੱਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।**

**ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸੱਲਾ ਧਾਰੀ।**[1]

"ਪੋਥੀ ਇਕੱਤਰ ਕੀਤੀ ਬਾਣੀ ਗੁਰੂ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਦੇਣ ਸਮੇਂ ਸੌਂਪ ਦਿੱਤੀ।" [2] ਇਸ ਤਰ੍ਹਾਂ ਗੁਰੂ ਅੰਗਦ ਦੇਵ ਜੀ ਨੇ ਗੁਰੂ ਜੀ ਦੀ ਪੋਥੀ ਨੂੰ ਸੰਭਾਲ ਕੇ ਰੱਖਿਆ ਅਤੇ ਆਪਣੀ ਬਾਣੀ ਵੀ ਇਸ ਵਿੱਚ ਦਰਜ ਕੀਤੀ। ਤੀਸਰੇ ਗੁਰੂ ਅਮਰਦਾਸ ਜੀ ਨੇ ਵੀ ਆਪਣੀ ਬਾਣੀ ਇਸ ਪੋਥੀ ਵਿੱਚ ਦਰਜ ਕੀਤੀ। "ਇੰਨ੍ਹਾਂ ਦੀ ਸਭ ਤੋਂ ਪ੍ਰਮੁਖ ਬਾਣੀ 'ਅਨੰਦ' ਤੋਂ ਪਤਾ ਲੱਗਦਾ ਹੈ ਕਿ ਇੰਨ੍ਹਾਂ ਦੇ ਸਮੇਂ ਹੀ ਕੱਚੀ ਬਾਣੀ ਬੋਲੀ- ਸੁਣੀ ਜਾਣੀ ਆਰੰਭ ਹੋ ਗਈ ਸੀ।"[3] ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਇਸ ਸਾਰੀ ਬਾਣੀ ਨੂੰ ਆਦਿ ਗ੍ਰੰਥ ਵਿੱਚ ਸ਼ਾਮਿਲ ਕੀਤਾ। ਗੁਰੂ ਨਾਨਕ ਦੇਵ ਦੀ ਬਾਣੀ ਵੀ ਆਦਿ ਗ੍ਰੰਥ ਵਿੱਚ ਦਰਜ ਕੀਤੀ ਗਈ।ਗੁਰੂ ਨਾਨਕ ਬਾਣੀ ਨੂੰ ਵੱਖ ਵੱਖ ਵਰਗਾਂ ਵਿੱਚ ਵੰਡ ਕੇ ਉਸ ਦੀ ਮਹਤੱਤਾ ਦਰਸਾਈ।

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਰਚਨਾ ਨੂੰ ਚਾਰ ਵਰਗਾਂ ਵਿੱਚ ਵੰਡ ਕੀਤੀ ਗਈ।

1) ਵਡਾਕਾਰੀ ਕ੍ਰਿਤੀਆਂ
2) ਲਘੂ-ਆਕਾਰੀ ਕ੍ਰਿਤੀਆਂ
3) ਵਾਰਾ ਕਾਵਿ
4) ਫੁਟਕਲ ਪਦ

**ਵਡਕਾਰੀ ਕ੍ਰਿਤੀਆਂ :**

ਵਡਕਾਰੀ ਕ੍ਰਿਤਿਆਂ ਵਿੱਚ ਗੁਰੂ ਜੀ ਨੇ ਸਥਿਤ ਰੂਪ ਵਿੱਚ ਵਿਸ਼ੇਸ ਸਿਰਲੇਖ ਹੇਠ ਬਾਣੀ ਦਰਜ ਹੈ ਤੇ ਇਹਨ੍ਹਾਂ ਦੀ ਕੁੱਲ ਗਿਣਤੀ ਛੇ ਹੈ

1) ਜਪੁ
2) ਸਿਧ ਗੋਸਟਿ
3) ਓਅੰਕਾਰ
4) ਪੱਟੀ
5) ਬਾਰਹਮਾਹਾ

6) ਥਿਤੀ।

**ਜਪੁ :**

ਜਪੁ ਸਿੱਖ ਧਰਮ ਦੇ ਮੂਲ ਸਿਧਾਂਤਾ ਨੂੰ ਪੇਸ਼ ਕਰਦੀ ਹੋਈ ਸਤ ਅਧਿਕ ਪ੍ਰਸਿੱਧ ਬਾਣੀ ਹੈ। ਜਪੁ ਬਾਣੀ ਨੂੰ ਵੱਖ-ਵੱਖ ਨਾਵਾਂ ਨਾਲ ਜਾਣਿਆ ਜਾਂਦਾ ਹੈ ਜਪੁ, ਜਪੁਜੀ, ਜਪੁਨੀਸਾਣ ਅਦਿ। ਜਪੁ ਬਾਣੀ ਦਾ ਪਾਠ ਸਿੱਖ ਧਰਮ ਵਿੱਚ ਰੋਜ਼ਾਨਾ ਜਿੰਦਗੀ ਦਾ ਨਿਤਨੇਮ ਹੈ। ਇਸ ਦੀ ਸ਼ੁਰੂਆਤ ਮੂਲਮੰਤਰ ਨਾਲ ਹੁੰਦੀ ਹੈ ਇਸ ਵਿੱਚ ਸਿੱਖ ਸਿਧਾਂਤ ਅਤੇ ਪ੍ਰਮਾਤਮਾ ਦੀ ਹੋਂਦ ਨੂੰ ਪੇਸ਼ ਕੀਤਾ ਹੋਇਆ ਹੈ। ਇਸ ਤੋਂ ਬਾਅਦ ਇੱਕ ਸਲੋਕ ਤੇ 38 ਪਾਉੜੀਆਂ ਤੇ ਅੰਤ ਵਿੱਚ ਇੱਕ ਸਲੋਕ ਹੈ। ਬਾਣੀ ਵਿੱਚ ਸਹਿਜ ਮਨੁੱਖੀ ਸਮੱਸਿਆ ਦਾ ਸਮਾਦਾਨ ਤੇ ਪ੍ਰਮਾਤਮਾ ਦੀ ਪ੍ਰਾਪਤੀ ਬਾਰੇ ਦੱਸਿਆ ਗਿਆ ਹੈ। ਜਪੁਜੀ ਬਾਣੀ ਵਿੱਚ ਵੱਖ-ਵੱਖ ਅਵਸਥਾਵਾਂ ਨੂੰ ਦਰਸਾ ਕਰਕੇ ਜੀਵਨ ਦਾ ਆਦਰਸ਼ਕ ਮਾਰਗ ਪੇਸ਼ ਕੀਤਾ ਹੋਇਆ। ਇਸ ਵਿੱਚ ਗੁਰੂ ਨਾਨਕ ਦੇਵ ਜੀ ਨੇ ਮੋਲਿਕ ਕਲਪਨਾ ਨੂੰ ਅੰਤਲੀਆਂ ਪਾਉੜੀਆਂ ਵਿੱਚ ਬੜੇ ਹੀ ਸਹਿਜੇ ਤਰੀਕੇ ਨਾਲ ਦਰਸਾਇਆ ਹੈ।

**"ਗਾਵਨਿ ਤੁਧਨੋ ਚਿਤ ਗੁਪਤ ਲਿਖ ਜਾਣਹਿ।ਲਿਖ ਲਿਖ ਧਰਮ ਵੀਚਾਰੇ "॥**

**ਸਿਧ-ਗੋਸ਼ਟਿ :**

ਸਿਧ ਗੋਸ਼ਟਿ ਬਾਣੀ ਦਾ ਭਾਵ ਸਿੱਧਾ ਨਾਲ ਹੋਇਆ ਵਾਰਤਾਲਾਪ ਹੈ। ਇਸ ਰਚਨਾ ਦਾ ਕਾਲ 1525 ਈਂ ਤੋ 1530ਈਂ ਦੇ ਦਰਮਿਆਨ ਮੰਨਿਆ ਜਾਂਦਾ ਹੈ। ਗੁਰੂ ਜੀ ਦਾ ਵਾਰਤਲਾਪ ਤੇ ਇਸ ਅਸਲੀ ਮੰਤਵ ਇੱਕ ਸਫਲਪੂਰਵਕ ਮੁਲਾਕਾਤ ਹੈ। ਇਹ ਬਾਣੀ ਪੁਰਾਤਨ ਜਨਮਸਾਖੀ ਅਨੁਸਾਰ ਗੁਰੂ ਜੀ ਦੀ ਪੰਜਵੀਂ ਉਦਾਸੀ ਦੇ ਸਮੇਂ ਗੋਰਖ ਹਟੜੀ ਦੇ ਸਿੱਧਾ ਨਾਲ ਹੋਏ ਸੰਵਾਦ ਦੀ ਰਚਨਾ ਹੈ। ਇਸ ਬਾਣੀ ਦੀ ਰਚਨਾ ਬਾਰੇ ਭਾਈ ਗੁਰਦਾਸ ਜੀ ਦਾ ਮੰਨਣਾ ਹੈ ਕਿ ਇਹ ਸ਼ਿਵਗੜੀ ਦੇ ਵਟਾਲੇ ਸਮੇਂ ਯੋਗੀਆਂ ਨਾਲ ਹੋਈ ਗੋਸ਼ਟਿ ਮੰਨੀ ਗਈ ਹੈ।

ਇਸ ਬਾਣੀ ਵਿੱਚ ਗੁਰੂ ਜੀ ਨੇ ਸਿੱਧਾਂ ਵੱਲੋ ਕੀਤੇ ਪ੍ਰਸ਼ਨਾਂ ਦਾ ਉੱਤਰ ਬੜੇ ਸੰਜਮ ਅਤੇ ਗੰਭੀਰਤਾ ਨਾਲ ਦਿੱਤੇ ਤੇ ਇਸ ਤਰ੍ਹਾ ਯੋਗ ਸੰਦਰਭ ਵਿੱਚ ਇੱਕ ਮਹੱਤਵਪੂਰਨ ਮਤਾ ਪੇਸ਼ ਕੀਤਾ ਤੇ ਗੁਰੂ ਜੀ ਨੇ ਇਸ ਰਚਨਾ ਵਿੱਚ ਸੱਚੇ ਮਾਰਗ ਸੱਚੇ ਦਰਸ਼ਨ, ਸੱਚੇ ਯੋਗ, ਸੱਚੇ ਗੁਰੂ ਆਦਿ ਅਧਿਆਤਮਿਕ ਚੇਤੰਨਤਾ ਲਈ ਪ੍ਰੇਰਨਾ ਦਿੱਤੀ।

**ਨਾਮਿ ਰਤੇ ਸਿਧ ਗੋਸ਼ਟਿ ਹੋਇ ।**

**ਨਾਮਿ ਰਤੇ ਸਦਾ ਤਪੁ ਹੋਇ।**

**ਨਾਮਿ ਰਤੇ ਸਚੁ ਕਰਣੀ ਸਾਰੁ।**

**ਨਾਮਿ ਰਤੇ ਗੁਣ ਗਿਆਨ ਬੀਚਾਰੁ।**

**ਉਅੰਕਾਰ :**

ਇਸ ਬਾਣੀ ਵਿੱਚ ਦਾਰਸ਼ਨਿਕ ਤੇ ਧਾਰਮਿਕ ਵਿਚਾਰਾਂ ਨੂੰ ਪੇਸ਼ ਕੀਤਾ ਹੋਇਆ ਹੈ। ਇਸ ਬਾਣੀ ਵਿੱਚ ਮਾਨਵ ਨੂੰ ਪਰਮਾਤਮਾ ਦੀ ਪ੍ਰਾਪਤੀ ਦੇ ਗਿਆਨ ਦੇ ਸੰਦਰਭ ਨੂੰ ਦਰਸਾਇਆ ਅਤੇ ਦੁਨਿਆਵੀ ਅਡੰਬਰਾਂ ਤੋਂ ਹੱਟ ਕੇ ਅਧਿਆਤਮਿਕ ਏਕਤਾ, ਗੁਰਮੁਖਤਾ, ਬ੍ਰਹਮ ਵਿਦਿਆ ਅਦਿ ਦਾ ਗੁਰੂ ਜੀ ਨੇ ਪ੍ਰਚਾਰ ਤੇ ਪ੍ਰਸਾਰ ਕੀਤਾ ਹੈ। ਇਸ ਰਚਨਾ ਵਿੱਚ ਕੁਲ 54 ਪਾਉੜੀਆਂ (ਪਦ ) ਹਨ। ਰਹਾਉ ਦੀਆਂ ਦੋ ਤੁਕਾ ਇਹਨਾ ਤੋ ਅਲੱਗ ਹਨ ਇਸ 110 ਪਦੇ ਵਿੱਚ ਚਾਰ ਤੁਕਾ ਹਨ 41 ਪਦੇ ਅੱਠ-ਅੱਠ ਤੁਕਾਂ ਵਾਲੇ ਤੇ 9-9 ਤੁਕਾਂ ਵਾਲੇ ਪਦ ਵੀ ਮੌਜ਼ੂਦ ਹਨ। ਇਸ ਵਿੱਚ ਅਧਿਆਤਮਿਕਤਾ ਦਾ ਮਹੱਤਵ ਵਧੇਰੇ ਪੇਸ਼ ਕੀਤਾ ਹੋਇਆ ਹੈ। ਜੋ ਇਸ ਤਰ੍ਹਾਂ ਹੈ:

**"ਮੂਰਖ ਸਬਦੁ ਨ ਚੀਨਈ ਸੂਝ ਬੂਝ ਨਾ ਕਾਇ॥**

**ਪੱਟੀ :**

ਪੱਟੀ ਭਾਵ ਜਿਸ ਉੱਤੇ ਬਾਲ ਵਰਣਮਾਲਾ ਲਿਖਣ ਦੀ ਸ਼ੁਰੂਆਤ ਕਰਦੇ ਹਨ ਤੇ ਇਹ ਇੱਕ ਸੁਤੰਤਰ ਕਾਵਿ-ਵਿਸ਼ਾ ਹੈ। ਇਸ ਵਿੱਚ ਸਭ ਤੋ ਵੱਡੀ ਵਿਸ਼ੇਸਤਾ ਇਹ ਹੈ ਕਿ ਵਰਣਮਾਲਾ ਦੇ ਕ੍ਰਮਵਾਰ ਅਨੁਸਾਰ ਹਰ ਇੱਕ ਅੱਖਰ ਦੀ ਮਹਤੱਤਾ ਦੇ ਕੇ ਵਿਆਖਿਆ ਦੀ ਰਚਨਾ ਕੀਤੀ। ਇਹਨਾਂ ਨੂੰ ਸ਼ਿਹਰਫੀ, ਪੈਂਤੀ ਅੱਖਰੀ ਬਾਵਣ ਅੱਖਰੀ ਅਦਿ ਨਾਂ ਵੀ ਦਿੱਤੇ ਗਏ ਹਨ। ਇਸ ਰਚਨਾ ਦੇ ਅਧਾਰ ਵਰਣਮਾਲਾ ਅੱਖਰਾ ਉੱਪਰ ਹੈ। (ੜ) ਵੀ ਇਸ ਵਿੱਚ ਮੌਜੂਦ ਹੈ। ਵਰਤਮਾਨ ਗੁਰਮੁਖੀ ਲਿੱਪੀ ਤੋਂ ਇਸ ਲਿੱਪੀ ਦੀ ਕ੍ਰਮਵਾਰ ਤਿੰਨ ਹੈ। ਸਾ, ੳ, ੳ, ਙ, ਕ, ਖ, ਗ ,ਘ, ਚ, ਜ, ਲ, ਵ, ਟ, ਠ, ਡ, ਢ, ਣ, ਤ, ਥ, ਦ, ਧ, ਨ, ਪਾ, ਫ, ਬ, ਭ, ਸਾ, ਯ, ਰ, ਕ, ਵ, ੜ, ਹ, ਅ। ਇਸ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਗੁਰਮੁਖੀ ਲਿੱਪੀ ਦੇ ਵਰਤਮਾਨ ਅੱਖਰ ਕ੍ਰਮਵਾਰ ਕਾਰਜ ਪੂਰਾ ਨਹੀਂ ਹੋਇਆ ਸੀ। ਇਸ ਦੀ ਰਚਨਾ ਕਾਲ ਬਾਰੇ ਮਤਭੇਦ ਪਾਏ ਜਾਂਦੇ ਹਨ ਕਿ ਇਸ ਬਾਣੀ ਦੇ ਕਵਿ ਵਿਧਾ ਰਾਹੀਂ ਗੁਰੂ ਨਾਨਕ ਦੇਵ ਜੀ ਨੇ ਅਧਿਆਤਮਿਕ ਵਿਚਾਰਾ ਦਾ ਪ੍ਰਗਟਾਵਾ ਕੀਤਾ ਹੈ। ਇਸ ਵਿੱਚ 35 ਪਦਿਆਂ ਰਾਹੀਂ ਪਰਮਾਤਮਾ ਦੀ ਮਹੱਤਤਾ ਤੇ ਉਸ ਦੀ ਪ੍ਰਾਪਤੀ ਦੇ ਬਲ ਨੂੰ ਫਿਰ ਦਾਰਸ਼ਨਿਕ ਤੇ ਧਾਰਮਿਕ ਸਿਧਾਤਾਂ ਤੇ ਮਾਰਗ ਨੂੰ ਦਰਸਾਇਆ ਹੈ। ਪੱਟੀ ਬਾਣੀ ਦੀ ਰਚਨਾ ਦੇ ਹਰੇਕ ਪਦ ਦੀਆਂ 2-2 ਤੁਕਾਂ ਮੌਜੂਦ ਹਨ। "ਰਹਾਉ" ਵਾਲੀਆਂ 2 ਤੁਕਾਂ ਇਹਨਾਂ ਤੋਂ ਅਧਿਕ ਪੇਸ਼ ਕੀਤੀਆਂ ਗਈਆਂ ਹਨ। ਇਸ ਵਿੱਚ ਪਦਿਆਂ ਦਾ ਸਰੂਪ ਦੋਹਰੇ ਅਤੇ ਦਵੈਯਾ ਛੰਦੇ ਨਜ਼ਦੀਕ ਮੰਨਿਆ ਗਿਆ ਹੈ ਪਰ ਪਉੜੀਆਂ ਦੀ ਗਿਣਤੀ ਵੱਧ ਘੱਟ ਹੈ। ਇਸ ਰਚਨਾ ਵਿੱਚ ਬ੍ਰਹਮ ਬਲ ਦੇ ਮਾਰਗ ਨੂੰ ਮਨੁੱਖੀ ਜੀਵਨ ਦੀ ਮਹਤੱਤਾ ਵਜੋਂ ਪੇਸ਼ ਕੀਤਾ ਅਤੇ ਬਾਣੀ ਦੇ ਮੁੱਖ ਭਾਵ ਵਿੱਚ ਮਾਨਵ ਨੂੰ ਪੜ੍ਹਿਆ ਲਿਖਿਆ ਦਰਸਾਇਆ ਗਿਆ।

**"ਮਨ ਕਾਹੇ ਭੂਲੇ ਮੂੜ ਮਨਾ॥**
**ਙਬ ਲੇਖਾ ਦੇਵਹਿ ਬੀਰਾ ਤਉ ਪੜਿਆ॥**[4]

**ਬਾਰਾ ਮਾਹ :**

ਬਾਰਾ ਮਾਹ ਗੁਰੂ ਜੀ ਦੇ ਜੀਵਨ ਦੀ ਅੰਤਿਮ ਰਚਨਾ ਮੰਨੀ ਜਾਂਦੀ ਹੈ। ਇਸ ਰਚਨਾ ਵਿੱਚ ਜੀਵਾਤਮਾ ਨੂੰ ਇਸਤਰੀ ਰੂਪ ਵਿੱਚ ਦਰਸਾਇਆ ਤੇ ਪ੍ਰਮਾਤਮਾ ਨੂੰ ਪਤੀ ਦੇ ਰੂਪ ਵਿੱਚ ਪੇਸ਼ ਕੀਤਾ ਹੋਇਆ ਹੈ। ਇਸ ਰਚਨਾ ਵਿੱਚ ਜੀਵਾਤਮਾ ਤੇ ਪ੍ਰਮਾਤਮਾ ਦੀ ਇੱਕਮਿਕਤਾ ਦਰਸਾਈ। ਇਸ ਵਿੱਚ ਪ੍ਰਭੂ ਦੇ ਵਿਯੋਗ ਤੋਂ ਪ੍ਰਭੂ ਦੇ ਸੰਯੋਗ ਤੱਕ ਦੇ ਮਾਰਗ ਹੈ। ਬਾਰਾ ਮਾਹ ਵਿੱਚ 11 ਮਹੀਨਿਆਂ ਵਿੱਚ ਵਿਯੋਗ ਪ੍ਰਸਥਿਤੀਆਂ ਨੂੰ ਇਸਤਰੀ ਰੂਪ ਵਿੱਚ ਪੇਸ਼ ਕੀਤਾ ਜੋ ਸਹਿਜੇ ਰੂਪ ਵਿੱਚ ਸੰਯੋਗ ਪ੍ਰਾਪਤੀ ਦੇ ਮਾਰਗ ਨੂੰ ਦਰਸਾਉਂਦੀ ਹੈ। ਇਸ ਵਿੱਚ ਹਉਮੈ ਨੂੰ ਤਿਆਗਣਾ ਅਤੇ ਗੁਰੂ ਦੇ ਲੜ ਲੱਗਣ ਦਾ ਉਦੇਸ਼ ਪੇਸ਼ ਕੀਤਾ ਹੋਇਆ ਹੈ। ਪ੍ਰਭੂ ਪ੍ਰਾਪਤੀ ਦੇ ਮਿਲਾਪ ਸਾਰੀ ਸ੍ਰਿਸਟੀ ਰੁੱਤ ਮਹੀਨੇ ਘੜੀਆ ਪਲਾਂ ਆਦਿ ਸਭ ਇਸ ਬਾਣੀ ਮੌਜੂਦ ਵਿੱਚ ਮੌਜੂਦ ਹਨ। ਇਸ ਦੇ ਨਾਲ ਪ੍ਰਮਾਤਮਾ ਦੀ ਸ੍ਰਿਸ਼ਟੀ ਦਾ ਸੁੰਦਰ ਨਮੂਨਾ ਪੂਰਨ ਵਾਤਾਵਾਰਨ ਦੁਆਰਾ ਪੇਸ਼ ਕੀਤਾ ਹੋਇਆ ਹੈ। ਬਾਣੀ ਦੀ ਸਭ ਤੋਂ ਵੱਡੀ ਵਿਸ਼ੇਸਤਾ ਇਹ ਹੈ ਕਿ ਪੰਜਾਬੀ ਸਹਿਤ ਵਿੱਚ ਇਸ ਨਾਲ "ਬਾਰਾਮਾਹਾ" ਲਿਖਣ ਦੀ ਸ਼ੁਰੂਆਤ ਹੋਈ। ਬਾਰਾਮਾਹ ਨੂੰ ਆਮ ਤੌਰ ਤੇ ਪਹਿਲੇ ਚੇਤ ਮਹੀਨੇ ਆਰੰਭ ਕੀਤਾ ਜਾਂਦਾ ਹੈ ਕਈ ਵਾਰ ਸਾਵਣ, ਹਾੜ ਵਿੱਚ ਵੀ ਇਸ ਕਾਵਿ ਦੀ ਸ਼ੁਰੂਆਤ ਕਰ ਲਈ ਜਾਂਦੀ ਹੈ।

**ਥਿਤੀ :**

'ਥਿਤੁ' ਤੋਂ ਭਾਵ ਚੰਦਰਮਾ ਨਾਲ ਸਬੰਧਿਤ ਸਮਾਂ ਹੈ।ਜੋ ਮਹੀਨੇ ਦੇ 15 ਥਿਤਾਂ ਸੁਦੀ ਤੇ 15 ਵਦੀ ਵਿੱਚ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦੀ ਇਸ ਬਾਣੀ ਵਿੱਚ ਅਮਾਵਸ ਤੱਕ ਦਾ ਪੂਰਨ ਵਰਨਣ ਹੈ ਪਰ ਇਸ ਰਚਨਾ ਦਾ ਕੋਈ ਕਾਲ-ਨਿਸ਼ਚਿਤ ਨਹੀਂ ਕੈ। ਇਸ ਬਾਣੀ ਵਿੱਚ 'ਏਕਮ ਏਕੰਕਾਰ ਨਿਰਾਲਾ' ਤੋਂ ਲੈ ਕੇ ਮਾਨਵ ਦੇ ਅੰਤਿਮ ਵਿਕਾਸ ਦਰ ਤੱਕ ਦਾ ਇਤਿਹਾਸ ਮਿਲਦਾ ਹੈ, ਜਿਵੇਂ ਧਰਤ, ਆਕਾਸ਼, ਅੰਡਜ, ਜੇਰਜ, ਸੇਤਜ, ਨਾਮ, ਝੂਠ, ਸਚ, ਪੰਜ ਗਿਆਨ ਇੰਦਰੀਆਂ, ਮਨ, ਬੁੱਧੀ, ਸੱਚ, ਲਾਲਚ, ਵਿਸ਼ੇ ਵਿਕਾਰ, ਬ੍ਰਹਮਾ, ਬਿਸਨ, ਮਹੇਸ਼, ਨੌ ਨਾਥ ਅਤੇ ਅੰਤ ਵਿੱਚ ਮਾਨਵੀ ਦੁਬਿਧਾ ਦਾ ਵਰਣਨ ਹੈ। ਇਸ ਤੋਂ ਇਲਾਵਾ ਇਸ ਬਾਣੀ ਵਿੱਚ ਗੁਰੂ ਨਾਨਕ ਦੇਵ ਜੀ ਨੇ ਪੌਰਾਣਿਕਤਾ, ਦਾਰਸ਼ਨਿਕਤਾ, ਧਾਰਮਿਕਤਾ, ਸਮਾਜਿਕਤਾ, ਨੈਤਿਕਤਾ ਆਦਿ ਗਿਆਨ-ਪ੍ਰਣਾਲੀਆਂ ਦਾ ਵਿਸ਼ਲੇਸ਼ਣ ਹੀ ਨਹੀਂ ਸਗੋਂ ਬ੍ਰਹਮ ਅਤੇ ਮਾਨਵ ਵਿਚਕਾਰ ਦੁਬਿਧਾ ਤੋਂ ਮੁਕਤ ਹੋਣ ਲਈ 'ਆਪੁ ਪਛਾਣੈ ਜਾ ਸਤਿਗੁਰ ਪਾਵੈ' ਦਾ ਵਿਸ਼ਲੇਸਣ ਵੀ ਪੇਸ਼ ਕੀਤਾ ਹੈ ਅਤੇ ਮਾਨਵ ਦੇ ਅਸਤਿੱਤਵ ਦੀ ਥਾਂ ਮਹੱਤਵ ਨੂੰ ਵੀ ਦਰਸਾਇਆ ਹੈ। ਕਿਹਾ ਜਾਂਦਾ ਹੈ ਕਿ ਇਸ ਬਾਣੀ ਵਿੱਚ ਗੁਰੂ ਨਾਨਕ ਦੇਵ ਜੀ ਨੇ ਅਲੌਕਿਕ ਕਾਵਿ ਕਲਾ ਦੀ ਵਰਤੋਂ ਕੀਤੀ ਹੈ। ਸ਼ਬਦਾਵਲੀ ਬੜੀ ਦਾਰਸ਼ਨਿਕ ਤੇ ਤੀਖਣ ਭਾਵ ਪ੍ਰਵਾਹ ਵਾਲੀ ਹੈ। ਇਸ ਬਾਣੀ ਵਿੱਚ ਕੁੱਲ 20 ਕਾਵਿ ਬੰਦ ਹਨ। ਦੋ ਤੁਕਾਂ ਦਾ ਇੱਕ ਰਹਾਉ ਹੈ।ਤਤਕਾਂਤ ਦਾ ਅੰਤ ਵਿੱਚ ਲਘੂ ਅਤੇ ਗੁਰੂ ਵਿੱਚ ਮਿਲਦਾ ਹੈ।

**2. ਲਘੂ ਆਕਾਰ ਕ੍ਰਿਤੀਆਂ :** ਵਡਕਾਰੀ ਕ੍ਰਿਤੀਆਂ ਤੋਂ ਇਲਾਵਾ ਗੁਰੂ ਨਾਨਕ ਦੇਵ ਜੀ ਲਘੂ ਆਕਾਰ ਕ੍ਰਿਤੀਆਂ ਦੀ ਵੀ ਰਚਨਾ ਕੀਤੀ। ਜਿਵੇਂ :ਪਹਰੇ, ਸੋਦਰ, ਅਲਾਹੁਣੀਆਂ, ਆਰਤੀ, ਕਚੁੱਜੀ ਅਤੇ ਸੁਚੱਜੀ।

**ਪਹਰੇ:**

ਪਹਰ ਤੋਂ ਭਾਵ ਦਿਨ ਜਾਂ ਰਾਤ ਦਾ ਚੌਥਾ ਹਿੱਸਾ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਬਾਣੀ ਨੂੰ 4 'ਪਹਰਿਆਂ' ਵਿੱਚ ਰਚਿਤ ਕੀਤਾ। ਇਸ ਬਾਣੀ ਵਿੱਚ ਮਾਨਵ ਨੂੰ ਵਣਜਾਰਾ ਕਹਿ ਕੇ ਸੰਬੋਧਿਤ ਕੀਤਾ ਜੋ ਦਿਨ ਰਾਤ ਭਾਵ ਮਨੁੱਖ ਦੀ ਸਾਰੀ ਜਿੰਦਗੀ ਬਾਰੇ ਗੱਲ ਕੀਤੀ ਤੇ ਮਾਨਵ ਨੂੰ ਸੱਚ ਦੇ ਅੰਤਰਗਤ ਚੇਤਨਾ ਨਾਲ ਜੋੜਿਆ। ਇਸ ਬਾਣੀ ਵਿੱਚ 4 ਪਦੇ ਤੇ ਦੂਜੇ ਵਿੱਚ 5 ਹਨ। ਹਰ ਇੱਕ ਪਦੇ ਵਿੱਚ ਛੇ-ਛੇ ਤੁਕਾਂ ਹਨ। ਇਹ ਬਾਣੀ ਦੀ ਰਚਨਾ-ਵਿਧੀ ਕੁੰਡਲੀਆਂ ਨਾਲ ਮੇਲ ਖਾਂਦੀ ਹੈ ਪਰ ਮਾਤ੍ਰਾਵਾਂ ਪੱਖੋਂ ਇਸ ਵਿੱਚ ਕੋਈ ਨਿਯਮ ਨਹੀਂ।

**ਸਗਲੀ ਰੈਣਿ ਗੁਦਰੀ ਅੰਧਿਆਰੀ ਸੇਵਿ ਸਤਿਗੁਰੁ ਚਾਨਣੁ ਹੋਇ॥**[5]

**ਸੋਦਰ :**

ਸੋਦਰ ਦੂਜੀ ਲਘੂ ਰਚਨਾ ਹੈ ਇਹ ਕ੍ਰਿਤੀ ਆਸਾ ਦੀ ਵਾਰ ਦੇ ਚਉਪਦਿਆਂ ਵਿੱਚ, ਜਪੁਜੀ ਸਾਹਿਬ ਦੀ 27 ਵੀਂ ਪਾਉੜੀ ਵਿੱਚ ਅਤੇ ਰਹਿਰਾਸ ਵਿੱਚ 3 ਵਾਰ ਆਈ ਹੈ। ਇਹ ਰਚਨਾ ਉਸ ਸਮੇਂ ਦੀ ਮੰਨੀ ਜਾਂਦੀ ਹੈ ਜਦੋਂ ਗੁਰੂ ਜੀ ਨੇ ਵੇਈ ਦੀ ਨਦੀਂ ਵਿੱਚ ਪ੍ਰਵੇਸ਼ ਕੀਤਾ ਤੇ ਪਰਮਾਤਮਾ ਦੁਆਰ 'ਤੇ ਪਹੁੰਚੇ। ਇਸ ਵਿੱਚ ਪ੍ਰਮਾਤਮਾ ਦੇ ਦੁਆਰ ਨਾਲ ਨਾਲ ਅਨੇਕਾਂ ਦੇਵੀ ਦੇਵਤਿਆਂ, ਸਿੱਧਾਂ-ਯੋਗੀ ਆਦਿ ਦੇ ਜਸ ਗਾਏ ਹਨ ਤੇ ਇਸ ਵਿੱਚ ਕੁੱਲ 22 ਤੁਕਾਂ ਹਨ।

**ਅਲਾਹੁਣੀਆਂ:**

ਅਲਾਹਣੀਆਂ ਤੀਜੀ ਲਘੂ ਰਚਨਾ ਹੈ। ਡਾ. ਮਹਿੰਦਰ ਕੌਰ ਗਿੱਲ ਅਨੁਸਾਰ "ਅਲਾਹੁਣੀਆਂ ਦਾ ਸੰਬੰਧ ਮ੍ਰਿਤਕ ਦੀ ਉਮਰ ਅਤੇ ਰਿਸ਼ਤੇ ਨਾਲ ਹੁੰਦਾ ਹੈ ਉਤੇ ਸਮੇਂ ਅਨੁਸਾਰ ਨਾਇਣ ਦੀ ਅਗਵਾਈ ਹੇਠ ਗਾਈਆਂ ਜਾਂਦੀਆਂ ਹਨ।"[6] ਇੰਨ੍ਹਾਂ ਅਲਾਹਣੀਆਂ ਨੂੰ ਲੋਕ ਗੀਤਾਂ ਵਿੱਚ ਸਾਹਿਤਿਕ ਅਭਿਵਿਅਕਤੀ ਦਾ ਮਾਧਿਅਮ ਵਿੱਚ ਪੇਸ਼ ਕੀਤਾ ਗਿਆ ਹੈ ਅਤੇ ਵਡਹੰਸ ਰਾਗ ਵਿੱਚ ਪੰਜ ਅਲਾਹਣੀਆਂ ਦੀ ਰਚਨਾ ਮਿਲਦੀ ਹੈ ਤੇ ਇਸ ਵਿੱਚ ਪੰਜੇ ਸ਼ਬਦ ਵੈਰਾਗਮਈ ਹਨ। ਪਰ ਨਿਰਾਸ਼ਾ ਦਾ ਆਭਾਸ ਕਿਤੇ ਵੀ ਨਹੀਂ ਮਿਲਦਾ। ਗੁਰੂ ਜੀ ਨੇ ਇਸ ਵਿੱਚ ਮਾਨਵ ਨੂੰ ਭੌਤਿਕਤਾ ਦੇ ਮੋਹ ਤੋਂ ਮੁਕਤ ਹੋਣ ਲਈ ਉਦੇਸ਼ ਦਿੱਤਾ ਹੈ ਤੇ ਨਾਲ ਹੀ ਮਾਨਵ ਨੂੰ ਸਾਧਾਰਨ ਮੌਤ ਨਾਲੋਂ ਵਾਸਨਾਵਾਂ ਨੂੰ ਮਾਰਨ ਦਾ ਆਦੇਸ਼ ਵੀ ਦਿੱਤਾ ਹੈ। ਇਸ ਲਘੂ ਰਚਨਾ ਵਿੱਚ ਪਹਿਲੀ, ਦੂਜੀ, ਚੌਥੀ, ਅਤੇ ਪੰਜਵੀਂ ਵਿੱਚ 6-6 ਤੁਕਾਂ ਦੇ 4-4 ਪਦਿਆ ਦੀ ਰਚਨਾ ਹੈ ਅਤੇ ਤੀਜੀ ਅਲਾਹਣੀ ਵਿੱਚ 4-4 ਤੁਕਾਂ ਦੇ 8 ਪਦੇ ਮਿਲਦੇ ਹਨ ਅਤੇ ਇੱਕ ਤੁਕ ਦਾ 'ਰਹਾਉ'ਇੰਨ੍ਹਾਂ ਤੋਂ ਅਲੱਗ ਹੈ।ਦਵੈਯਾ ਛੰਦ ਇੰਨ੍ਹਾਂ ਪਦਿਆਂ ਦੇ ਸਰੂਪ ਗਤ ਦੇ ਨੇੜੇ ਪ੍ਰਤੀਤ ਹੁੰਦਾ ਹੈ।

**ਆਰਤੀ :**

ਆਰਤੀ ਚੌਥੀ ਲਘੂ ਰਚਨਾ ਹੈ। ਪਰ ਇਸ ਦੇ ਸਮੇਂ ਅਤੇ ਸਥਾਨ ਦਾ ਕੋਈ ਪ੍ਰਪੱਕ ਸਬੂਤ ਨਹੀਂ। "ਹਿੰਦੂ ਮਤ ਅਨੁਸਾਰ ਚਾਰ ਵਾਰ ਚਰਣਾਂ ਅੱਗੇ, ਦੋ ਵਾਰ ਸਾਰੇ ਸਰੀਰ ਉਪਰ ਦੀਵੇ ਘਮਾਉਣਾ ਚਾਹੀਏ, ਹਰ ਦੀਵੇ ਇੱਕ ਤੋਂ ਲੈ ਕੇ ਸੋ ਸੀਤ ਤੀਕ ਜਗਾਉਣੇ ਵਿਧਾਨ ਹਨ।"[7] ਜਿੱਥੇ ਹਿੰਦੂ ਧਰਮ ਵਿੱਚ ਆਰਤੀ ਇੱਕ ਅਹਿਮ ਰੀਤ ਹੈ ਤੇ ਇਸ ਧਰਮ ਵਿੱਚ ਧੂਪ, ਫੁੱਲ, ਜੋਤ ਆਦਿ ਹੋਰ ਸਮੱਗਰੀ ਲੈ ਕੇ ਪਰਮਾਤਮਾ ਦੀ ਆਰਤੀ ਕਰਦੇ ਹਨ ਤਾਂ ਗੁਰੂ ਨਾਨਕ ਦੇਵ ਜੀ ਨੇ ਇਸ ਆਰਤੀ ਦੇ ਵਿਖਾਵਿਆਂ ਅਤੇ ਅਡੰਬਰਾਂ ਦੇ ਸੰਕਲਪ ਨੂੰ ਪੂਰਨ ਤੌਰ ਤੇ ਨਵੀਨ ਰੂਪ ਵਿੱਚ ਪੇਸ਼ ਕਤਿਾ ਹੈ। ਜਿਸ ਕਰਕੇ ਆਰਤੀ ਦੇ ਸਾਰੇ ਅਰਥ ਹੀ ਬਦਲ ਗਏ। ਉਨ੍ਹਾਂ ਨੇ ਥਾਲ, ਧੂਪ, ਚਵਰ, ਫੂਲੰਤ ਜੋਤ, ਗੰਧ ਆਦਿ

ਨੂੰ ਨਵੀਨ ਅਰਥਾਂ ਵਿੱਚ ਸੰਕਲਪਿਆ ਜਿਵੇਂ ਗਗਨ ਨੂੰ ਥਾਲ, ਰਵਿ ਚੰਦ ਮੰਡਲ ਨੂੰ ਤਾਰਿਆਂ ਤੇ ਦੀਪਕ , ਕੁਦਰਤੀ ਹਵਾ ਨੂੰ ਧੂਪ, ਪਾਵਣ ਨੂੰ ਚੌਰ ਅਤੇ ਬਨਸਪਤੀ ਫੁੱਲਾਂ ਨੂੰ ਜੋਤ ਦਾ ਰੂਪ ਦੇ ਕੇ ਬੜ੍ਹੇ ਹੀ ਕਲਾਤਮਕ ਕਾਵਿ ਰਾਹੀਂ ਪੇਸ਼ ਕੀਤਾ। ਇਸ ਵਿੱਚ 4 ਪਦੇ ਹਨ ਜਿੰਨ੍ਹਾਂ ਵਿੱਚੋਂ ਪਹਿਲਾਂ, ਦੂਜਾ, ਤੀਜਾ ਪਦਾ ਦੋ-ਦੋ ਤੁਕਾਂ ਵਾਲੇ ਹਨ ਅਤੇ ਤੀਜਾ ਚਾਰ ਤੁਕਾਂ ਦੇ ਰੂਪ ਵਿੱਚ ਹੈ। ਇਸ ਤੋਂ ਇਲਾਵਾ ਰਹਾਉ ਦੀਆਂ ਦੋ ਤੁਕਾਂ ਵੱਖ ਹਨ।

**ਕੁਚੱਜੀ ਅਤੇ ਸੁਚੱਜੀ** :

ਕੁਚੱਜੀ ਵਿੱਚ ਇਸਤਰੀ ਰੂਪੀ ਮਨਮੁੱਖ ਵਾਚਕ ਵਿੱਚ ਪੇਸ਼ ਕੀਤਾ। ਸੁਚੱਜੀ ਵਿੱਚ ਸਮਾਜਿਕ ਪ੍ਰਬੰਧਾਂ ਵਿੱਚੋਂ ਜੀਵ ਆਤਮਾ ਨੂੰ ਪ੍ਰਤੀਕ ਰੂਪ ਵਿੱਚ ਪੇਸ਼ ਕੀਤਾ ਹੈ ਤੇ ਪਰਮ-ਮਤ ਦੇ ਸਫ਼ਲ ਮਨੋਰਥ ਦੇ ਆਚਰਨ ਨੂੰ ਪ੍ਰਕਾਸ਼ਮਨ ਕੀਤਾ ਹੈ। ਇੰਨ੍ਹਾਂ ਦੋਹਾਂ ਰਚਨਾਵਾਂ ਵਿੱਚ ਇਸਤਰੀ ਰੂਪ ਦੀ ਵਰਤੋਂ ਪ੍ਰੇਮ ਭਗਤੀ ਅਧੀਨ ਕੀਤੀ ਹੋਈ ਹੈ। ਕਿਉਂ ਕਿ ਗੁਰਬਾਣੀ ਵਿੱਚ ਆਤਮਾ ਅਤੇ ਪਰਮਾਤਮਾ ਨੂੰ ਇਸਤਰੀ ਅਤੇ ਪੁਰਸ਼ ਦੇ ਰੂਪ ਵਿੱਚ ਪ੍ਰਗਟ ਕੀਤਾ ਹੋਇਆ ਹੈ। ਇਸ ਲਘੂ ਰਚਨਾ ਵਿੱਚ ਪਹਿਲੇ ਅਧੀਨ 16 ਪਦੇ ਅਤੇ ਦੂਜੇ ਅਧੀਨ 10 ਪਦਿਆਂ ਦੀ ਰਚਨਾ ਮਿਲਦੀ ਹੈ।

**ਸਿਰੀ ਰਾਗ :**

ਸਿਰੀ ਰਾਗ ਵਿੱਚ ਪਰਮਾਤਮਾ ਦੀ ਉਸਤਤ ਤੇ ਮਹਿਮਾ ਕੀਤੀ ਗਈ ਹੈ ਤੇ ਇਸ ਵਿੱਚ ਸਾਧ ਸੰਗਤਿ ਨੂੰ ਵਧੇਰੇ ਮਹੱਤਵਪੂਰਨ ਰੱਖਿਆ ਗਿਆ ਹੈ।ਇੰਨ੍ਹਾਂ ਅਸਟਪਦੀਆਂ ਦੇ ਅੰਤ ਵਿੱਚ 'ਜੋਗੀ ਅੰਦਰਿ ਜੋਗੀਆਂ' ਵਾਲੇ 24 ਪਦਿਆਂ ਦੇ ਸ਼ਬਦਾਂ ਨੂੰ ਸੁਤੰਤਰ ਰੂਪ ਵਿੱਚ ਪੇਸ਼ ਕੀਤਾ ਹੈ। ਇਸ ਵਿੱਚ 3-3 ਤੁਕਾਂ ਵਾਲੇ ਪਦੇ ਤੇ ਇੱਕ ਤੁਕ ਵਿੱਚ ਰਹਾਉ ਵੀ ਮਿਲਦਾ ਹੈ।

**ਤਿਲੰਗ :**

ਤਿਲੰਗ ਰਾਗ ਨੂੰ ਵੀ ਅਸਟਪਦੀ ਵਜੋਂ ਸੰਕਲਿਤ ਕੀਤਾ ਗਿਆ ਹੈ। ਕਈ ਪੁਰਾਤਨ ਬੀੜਾਂ ਵਿੱਚ 'ਰਾਇਸਾ ਮਹੱਲਾ ਪਹਿਲਾ' ਨਾਮ ਸਿਰਲੇਖ ਹੇਠ ਵੀ ਜਿਕਰ ਕੀਤਾ ਮਿਲਦਾ ਹੈ। ਇਸ ਵਿੱਚ ਗੁਰੂ ਜੀ ਨੇ ਪਰਮਾਤਮਾ ਨੂੰ ਨਾਇਕ ਰੂਪ ਵਿੱਚ ਪੇਸ਼ ਕੀਤਾ ਜੋ ਮਾਨਵ ਨੂੰ ਉਸਤਤ ਦੁਆਰਾ ਪ੍ਰਾਪਤ ਹੋ ਸਕਦਾ ਹੈ।

**3. ਵਾਰ ਕਾਵਿ :**

ਮਾਝ ਕੀ ਵਾਰ, ਆਸਾ ਦੀ ਵਾਰ, ਮਲਾਰ ਰਾਗ ਕੀ ਵਾਰ ਇੱਕ ਅਜਿਹੀ ਵਿਧਾ ਵਿੱਚ ਪ੍ਰਕਾਸ਼ਮਾਨ ਹਨ। ਜਿਸ ਵਿੱਚ ਆਮ ਤੌਰ ਤੇ ਬੀਰ ਰਸ ਹੁੰਦਾ ਹੈ। ਜੋ ਨਾਇਕ ਨੂੰ ਉਸਤਤ ਕਰਨ ਲਈ ਵਰਧਕ ਢੰਗ ਨਾਲ ਗਾਇਆ ਜਾਂਦਾ ਤੇ ਗੁਰੂ ਨਾਨਕ ਦੇਵ ਜੀ ਨੇ ਵਾਰ ਨੂੰ ਵੀਰ ਰਸ ਤੋਂ ਅਧਿਆਤਮਿਕਤਾ ਦੇ ਸਾਂਤ ਖੇਤਰ ਵਿੱਚ ਲਿਆ ਕੇ ਪੇਸ਼ ਕੀਤਾ ਹੈ। ਇਸ ਬਦਲਾਵ ਨਾਲ ਜਿੱਥੇ ਇੱਕ ਪਾਸੇ ਸਾਹਿਤਕ ਵਿਸ਼ੇ ਦਾ ਵਿਸਤਾਰ ਕੀਤਾ ਹੋਇਆ ਹੈ। ਉੱਥੇ ਦੂਜੇ ਪਾਸੇ ਲੋਕਾਂ ਨੇ ਮਾਨਸਿਕ ਦੇ ਅਧਿਕ ਅਨੁਕੂਲ ਨੂੰ ਕਾਵਿ ਰੂਪ ਵਿੱਚ ਮੰਨ ਕੇ ਸਕਰਾਤਮਕ ਮਾਰਗ ਉੱਤੇ ਅੱਗੇ ਵੱਧਣ ਲਈ ਉਤਸ਼ਾਹਿਤ ਕੀਤਾ ਹੈ। ਇੰਨ੍ਹਾਂ ਵਾਰਾਂ ਵਿੱਚ ਸਰੀਰਕ ਘੋਲ ਨੂੰ ਮਾਨਸਿਕ ਘੋਲ ਵਿੱਚ ਪੇਸ਼ ਕਰਕੇ ਇੱਕ ਨਵੀਨ ਰੂਪ

ਪੇਸ ਕੀਤਾ ਤੇ ਤਿੰਨਾਂ ਵਾਰਾਂ ਨੂੰ ਪਾਉੜੀਆਂ ਦੇ ਰੂਪ ਵਿੱਚ ਰਚਿਆ। ਪਰ ਭੱਟ ਗਾਉਣ ਵੇਲੇ ਇਸ ਨਾਲ ਸ਼ਲੋਕ ਵੀ ਜੋੜ ਦਿੰਦੀ ਸਨ।ਗੁਰੂ ਅਰਜਨ ਦੇਵ ਜੀ ਨੇ ਇੰਨ੍ਹਾਂ ਨੂੰ ਲੋਕ ਵਾਰਾਂ ਦੀਆਂ ਧੁਨੀਆਂ ਤੇ ਨਿਰਧਾਰਿਤ ਕੀਤਾ।

**ਮਾਝ ਰਾਗ :**

ਇਸ ਵਾਰ ਦੀ ਰਚਨਾ ਗੁਰੂ ਜੀ ਨੇ ਦੱਖਣ ਦੀ ਉਦਾਸੀ ਦੌਰਾਨ ਅਮਭੀ ਸੇਰਵੜੇ ਪ੍ਰਤੀ ਕੀਤੀ ਸੀ। ਇਸ ਦਾ ਵਿਸ਼ਾ ਚਿੰਤਨ ਸ਼ਕਤੀ, ਭਾਵ ਗੰਭੀਰਤਾ ਦੀ ਯੋਜਨਾ ਆਧਾਰ ਤੇ ਰਚਿਆ ਪ੍ਰਤੀਤ ਹੁੰਦਾ । ਇਹ ਪਾਉੜੀਆਂ ਸਲੋਕਾਂ ਦੇ ਮੂਲ ਵਿਧਾਨ ਤੋਂ ਵੱਖਰੀ ਹੋ ਗਈ । ਇਸ ਵਿੱਚ ਧਾਰਮਿਕ ਦਾਰਸ਼ਨਿਕ ਵਿਚਾਰਾ ਨੂੰ ਪੇਸ਼ ਕੀਤਾ ਹੈ ਕਿ ਜੰਗਲਾਂ ਦਾ ਨਿਵਾਸ,ਕਰਮ ਕਾਂਡ, ਊਚ ਨੀਚ, ਜਾਤ ਪਾਤ ਆਦਿ ਅਡੰਬਰਾਂ ਨਾਲ ਮੁਕਤੀ ਨਹੀਂ ਮਿਲਦੀ। ਸਗੋਂ ਪਰਮਾਤਮਾ ਦੇ ਸੱਚੇ ਮਾਰਗ ਤੇ ਚੱਲ ਕੇ ਹੀ ਗੁਰੂ ਦੀ ਸ਼ਰਨ ਹੀ ਮੁਕਤੀ ਲਈ ਅਹਿਮ ਕਦਮ ਹਨ। ਇਸ ਵਿੱਚ ਮਨੁੱਖ ਨੂੰ ਨੈਤਿਕ ਦੇ ਸੱਚੇ ਕਰਤੱਵਾਂ ਦੀ ਪੇਸ਼ਗੀ ਕੀਤੀ ਹੈ। ਇੰਨ੍ਹਾਂ ਸਲੋਕਾ ਵਿੱਚ ਰਾਜਨੀਤਿਕ, ਸਮਾਜਿਕ, ਧਾਰਮਿਕ, ਅਧਿਆਤਮਿਕ ਆਦਿ ਦੇ ਯਥਾਰਥ ਨੂੰ ਚਿਤਰਿਆ ਤੇ ਨਾਲ ਹੀ ਰਹੱਸਵਾਦੀ ਅਨੁਭਵ ਨੂੰ ਵੀ ਰਚਿਆ। ਸਲੋਕਾਂ ਵਿੱਚ ਪਾਉੜੀਆਂ ਦੀ ਵੰਡ ਇੱਕੋ ਜਿਹੀ ਨਹੀਂ। ਹਰ ਪਾਉੜੀ ਵਿੱਚ 8-8 ਤੁਕਾਂ ਹਨ। ਇਸ ਵਿੱਚ ਅਰਬੀ ਫਾਰਸੀ ਸ਼ਬਦਾਵਲੀ ਤੇ ਸੁਧੱਕੜੀ ਦੇ ਅੰਸ਼ ਵੀ ਮਿਲਦੇ ਹਨ।

**ਵਾਰ ਮਲਾਰ :**

ਇਸ ਵਾਰ ਨੂੰ 'ਰਾਣੇ ਕੈਲਾਸ਼ ਤਥਾ ਮਾਲਦੇ ਦੀ ਧੁਨਿ' ਤੇ ਗਾਉਣ ਦਾ ਸੰਕੇਤ ਮਿਲਦਾ ਹੈ। ਇਸ ਵਿੱਚ 28 ਪਾਉੜੀਆਂ ਵਿੱਚੋਂ 27 ਵੀ ਪਾਉੜੀ ਨੂੰ ਗੁਰੂ ਅਰਜਨ ਦੇਵ ਜੀ ਨੇ ਨਵੀਨ ਦਿੱਖ ਵਿੱਚ ਪੇਸ਼ ਕੀਤਾ। ਪਾਉੜੀਆਂ ਤੋਂ ਇਲਾਵਾ 58 ਸਲੋਕ ਵੀ ਸ਼ਾਮਿਲ ਹਨ। ਇਸ ਵਾਰ ਵਿੱਚ ਰੂੜੀਵਾਦ ਦਾ ਖੰਡਨ ਕਰਕੇ ਵਾਸਤਵਿਕ ਧਾਰਮਿਕ ਕਾਰਜਾਂ ਵਿੱਚ ਲੀਨ ਹੋਣ ਦੀ ਭਾਵਨਾਵਾਂ ਨੂੰ ਪੇਸ਼ ਕੀਤਾ ਤੇ ਦੁਨੀਆਂ ਵਿੱਚ ਪਰਮਾਤਮਾ ਸਬੰਧੀ ਗਿਆਨ ਦੀ ਪ੍ਰਾਪਤੀ, ਨਾਮ ਸਿਮਰਨ, ਸਦਾਚਾਰਕਤਾ ਨੂੰ ਸ੍ਰੇਸਠ ਧਰਮ ਦਰਸਾਇਆ। ਸਲੋਕਾਂ ਵਿੱਚ ਧਾਰਮਿਕ, ਆਰਥਿਕ, ਸਮਾਜਿਕ ਕੁਰੀਤੀਆਂ ਆਦਿ ਬਾਰੇ ਗੁਰੂ ਜੀ ਨੇ ਅਸੰਤੋਸ਼ ਪ੍ਰਗਟਾਇਆ ਹੈ। ਇਸ ਵਿੱਚ ਗੁਰੂ ਨਾਨਕ ਦੇਵ ਜੀ ਦੇ 24 ਸਲੋਕ ਮਿਲਦੇ ਹਨ। ਸਲੋਕਾਂ ਦੀਆ ਤੁਕਾਂ ਇੱਕ ਸਮਾਨ ਨਹੀਂ ਤੇ ਤੁਕਾਂ ਗਿਣਤੀ ਵੀ ਵੱਖੋਂ ਵੱਖਰੀ ਹੈ। ਸਲੋਕ ਕੇਂਦਰੀ ਪੰਜਾਬੀ ਵਿੱਚ ਰਚੇ ਮਿਲਦੇ ਹਨ ਬੇਸ਼ੱਕ ਕਿਤੇ ਕਿਤੇ ਲਹਿੰਦੀ ਪੰਜਾਬੀ ਦਾ ਪ੍ਰਭਾਵ ਵੀ ਮਿਲਦਾ ਹੈ।

**ਆਸਾ ਦੀ ਵਾਰ :**

ਆਸਾ ਦੀ ਵਾਰ ਇੱਕ ਮਹੱਤਵਪੂਰਨ ਰਚਨਾ ਹੈ। ਇਸ ਦਾ ਕੀਰਤਨ ਸਿੱਖ ਸਮਾਗਮਾਂ ਅਤੇ ਹੋਰ ਮੰਗਲਮਈ ਕਾਰਜਾਂ ਤੇ ਕੀਤਾ ਜਾਂਦਾ ਹੈ ਤੇ ਇਸ ਨੂੰ "ਟੁੰਡੇ ਅਸ ਰਾਜੈ ਕੀ ਧੁਨੀ" ਤੇ ਗਾਉਣ ਦਾ ਆਦੇਸ਼ ਹੈ। ਇਸ ਵਾਰ ਵਿੱਚ ਕੁੱਲ 24 ਪਾਉੜੀਆਂ ਹਨ ਤੇ 59 ਸਲੋਕ। ਜਿਸ ਵਿੱਚੋਂ 44 ਸਲੋਕ ਗੁਰੂ ਨਾਨਕ ਦੇਵ ਜੀ ਦੇ ਹਨ ਬਾਕੀ ਦੇ 15 ਗੁਰੂ ਅੰਗਦ ਦੇਵ ਜੀ ਦੁਆਰਾ ਰਚੇ ਗਏ ਹਨ। ਮੂਲ ਰੂਪ ਵਿੱਚ ਆਸਾ ਦੀ ਵਾਰ ਪਾਉੜੀ ਵਿੱਚ ਰਚੀ ਰਚਨਾ ਸੀ। ਪਾਉੜੀਆਂ ਨਾਲ ਸ਼ਲੋਕਾਂ ਦੀ ਵੰਡ ਇੱਕ ਸਮਾਨ ਨਹੀਂ ਹੈ ਤੇ ਨਾ ਹੀ ਤੁਕਾਂ ਵਿੱਚ ਕੋਈ ਸਮਾਨਤਾ ਮਿਲਦੀ ਹੈ। ਪਾਉੜੀਆਂ 5-5 ਤੁਕਾਂ ਦੀਆਂ ਹਨ ਇੰਨ੍ਹਾਂ ਵਿੱਚ ਪੰਜਵੀਂ ਤੁੱਕ ਬਾਕੀਆਂ ਤੁੱਕਾਂ ਨਾਲੋਂ ਛੋਟੀ ਹੈ, ਇਸ ਵਿੱਚ ਸਾਰੀ ਪਾਉੜੀ ਦਾ ਸਾਰ-

ਤੱਤਵ ਹੁੰਦਾ ਹੈ। ਇਸ ਵਿਧਾਨ ਦੀ ਵਰਤੋਂ ਕੇਵਲ 22ਵੀਂ ਪਾਉੜੀ ਵਿੱਚ ਹੀ ਨਹੀਂ ਕਿਉਂਕਿ ਇਸ ਵਿੱਚ 5 ਦੀ ਥਾਂ 6 ਤੁੱਕਾਂ ਦੀ ਵਰਤੋਂ ਕੀਤੀ ਗਈ ਹੈ। ਬਿੰਬਾਵਲੀ ਤੇ ਯੁੱਗ ਚਿਤ੍ਰਣ ਇਸ ਵਾਰ ਦੇ ਸਲੋਕਾਂ ਨੂੰ ਵਿਲੱਖਣਤਾ ਵਿੱਚ ਦਰਸਾਉਂਦੀ ਹੈ।ਇਸ ਵਾਰ ਦੀ ਭਾਸ਼ਾ ਸਾਧ ਭਾਸ਼ਾ ਤੋਂ ਪ੍ਰਭਾਵਿਤ ਪੰਜਾਬੀ ਹੈ। ਅਰਬੀ ਫ਼ਾਰਸੀ ਦਾ ਪ੍ਰਭਾਵ ਵੀ ਕਾਫ਼ੀ ਮਿਲਦਾ ਹੈ। ਵਾਰ ਦੇ ਕੁਝ ਕੁ ਸਲੋਕਾਂ ਦੀਆਂ ਤੁਕਾਂ ਵਿੱਚ ਵਿਸਮਾਦ, ਭੈ, ਕੁਦਰਤ, ਆਦਿ ਸ਼ਬਦਾਂ ਦੀ ਪੁਨਰਾਵਿੱਤਰੀ ਹੈ ਜਿਸ ਕਰਕੇ ਇਸ ਵਿੱਚ ਇੱਕ ਖਾਸ ਕਿਸਨ ਦਾ ਨਾਦ-ਸੌਂਦਰਯ ਹਾਜ਼ਰ ਹੈ।ਸ਼ੈਲੀ ਪੂਰਨ ਤੌਰ ਤੇ ਪਾਖੰਡ ਖੰਡਨੀ ਹੈ, ਪਰ ਪਾਉੜੀਆਂ ਵਿੱਚ ਸਹਿਜ ਅਭਿਵਿਅਕਤ ਦਾ ਰੂਪ ਵੀ ਮਿਲਦਾ ਹੈ।

**4. ਫੁਟਕਲ ਪਦ :**

ਇੰਨ੍ਹਾਂ ਫੁਟਕਲ ਪਦਾਂ ਵਿੱਚ ਚਉਪਦੇ, ਅਸ਼ਟਪਦਿਆਂ, ਚੰਤ, ਸੋਲਹੇ ਤੇ ਸਲੋਕ ਮਿਲਦੇ ਹਨ।

**ਚਉਪਦੇ :**

ਇਹ ਇੱਕ ਅਜਿਹਾ ਛੰਦ ਵਿਧਾਨ ਹੈ। ਇਸ ਵਿੱਚ ਚਾਰ ਤੁਕਾਂ ਦੇ ਪਦੇ ਨੂੰ ਹੀ ਚਉਪਦਾ ਆਖਿਆ ਜਾਂਦਾ ਹੈ।"ਪਰ ਡਾ. ਰਤਨ ਸਿੰਘ ਜੱਗੀ ਦੱਸਦੇ ਹਨ ਕਿ ਚਾਰ ਤੋਂ ਘੱਟ-ਵੱਧ ਪਦਿਆਂ ਵਾਲੇ ਪਦ-ਸਮੁੱਚ ਨੂੰ ਦੁਪਦਾ, ਤ੍ਰਿਪਦਾ, ਚਉਪਦਾ, ਪੰਚਪਦਾ, ਛਿਪਦਾ ਆਦਿ ਵੀ ਲਿਖਿਆ ਮਿਲਦਾ ਹੈ ਪਰ ਪ੍ਰਧਾਨਤਾ ਚਾਰ ਪਦਿਆਂ ਵਾਲੇ ਸਮੁੱਚਾਂ ਦੀ ਹੈ, ਇਸ ਲਈ ਸਭ ਨੂੰ 'ਚਉਪਦਾ' ਸਿਰਲੇਖ ਅਧੀਨ ਰੱਖਿਆ ਗਿਆ ਹੈ।"[8]

**ਅਸਟਪਦੀਆਂ:**

ਅਸਟਪਦੀਆਂ ਦਾ ਮੁੱਖ ਵਿਸ਼ਾ ਦਾਰਸਨਿਕ ਤੇ ਰਹੱਸਮਈ ਦੀ ਜਗ੍ਹਾਂ ਤੇ ਵਧੇਰੇ ਮਨੁੱਖੀ ਜਿੰਦਗੀ ਦੇ ਨੇੜਲੇ ਵਿਸ਼ਿਆਂ ਨੂੰ ਪ੍ਰਕਾਸ਼ਮਾਨ ਕੀਤਾ ਹੈ। ਅੱਠ ਸ਼ਬਦਾਂ ਵਾਲੇ ਪਦਿਆਂ ਨੂੰ ਅਸਟਪਦੀਆਂ ਦਾ ਨਾਮ ਦਿੱਤਾ ਹੈ ਪਰ ਇਹ ਨਿਯਮ ਸਾਰੀਆਂ ਅਸਟਪਦੀਆਂ ਤੇ ਇੱਕੋਂ ਜਿਹਾ ਨਹੀਂ। ਆਮ ਤੌਰ ਤੇ "ਸੱਤ ਜਾਂ ਸੱਤ ਤੋਂ ਵਧੇਰੇ ਪਦਾਂ ਦੇ ਸਮੂਹ ਵਾਲੀਆਂ ਕਾਵਿ ਰਚਨਾਵਾਂ ਨੂੰ ਅਸਟਪਦੀ ਦਾ ਨਾਮ ਦੇਣ ਦੀ ਪਰੰਪਰਾ ਰਹੀ ਹੈ। ਘੱਟੋਂ ਘੱਟ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਅਸਟਪਦੀਆਂ ਦਾ ਰੂਪ ਵਿਧਾਨ ਇਹੋ ਦ੍ਰਿੜ ਕਰਵਾਂਦਾ ਹੈ।"[9]

**ਛੰਤ :**

ਛੰਤ ਵਿੱਚ ਗੁਰੂ ਨਾਨਕ ਦੇਵ ਜੀ ਨੇ 24 ਸ਼ਬਦਾਂ ਦੀ ਰਚਨਾ ਕੀਤੀ ਹੈ। ਛੰਤ ਮੰਗਲਮਈ ਸ਼ਬਦਾਂ ਦਾ ਅਸਲ ਨਾਮ ਹੈ। ਇੱਥੇ ਜੀਵਾਤਮਾ ਰੂਪ ਵਿੱਚ ਨਾਇਕਾ ਦੇ ਵਿਦਰੋਹ ਦੀ ਅਨੁਭੂਤੀ, ਸੰਯੋਗ ਅਭਿਲਾਸ਼ਾ ਆਦਿ ਸੁਖੀ ਭਾਵਨਾ ਦਾ ਪ੍ਰਗਟਾ ਕੀਤਾ ਹੈ। ਇੰਨ੍ਹਾਂ ਛੰਤਾਂ ਵਿੱਚ ਭਗਤੀ ਰਸ ਜੋ ਧਾਰਮਿਕ ਤੇ ਸਰਯਾਦਿਤ ਅਭਿਵਿਅਕਤ ਹੈ ਉਸ ਅਧੀਨ ਪੇਸ਼ਗੀ ਕੀਤੀ ਹੈ। ਰਹੱਸਵਾਦ ਨੂੰ ਬੜ੍ਹੀ ਹੀ ਤੀਬਰਤਾ ਤੇ ਸਲੀਕੇ ਨਾਲ ਪ੍ਰਗਟ ਕੀਤਾ ਹੈ। ਇਸ ਤੋਂ ਇਲਾਵਾ ਤੁਖਾਰੀ ਰਾਗ ਵਿੱਚ ਬਾਰਹਮਾਹਾ ਨੂੰ ਵੀ 'ਛੰਤ' ਸਿਰਲੇਖ ਹੇਠ ਸੰਕਲਿਤ ਕੀਤਾ ਹੈ।

**ਸੋਲਹੇ :**

ਸੋਲਹਿਆਂ ਵਿੱਚ ਬ੍ਰਹਮੰਡ ਦੀ ਉਤਪਤੀ, ਕੁਦਰਤ ਦੀ ਸ੍ਰਿਸਟੀ,ਸਰਬ ਵਿਆਪਕਤਾ ਆਦਿ ਪੱਖਾਂ ਨੂੰ ਵਿਸਤਾਰ ਸਾਹਿਤ ਪ੍ਰਕਾਸ਼ਮਨ ਕੀਤਾ ਹੈ। ਇਸ ਵਿੱਚ ਸਰਲ ਪੰਜਾਬੀ ਦੀ ਵਰਤੋਂ ਕੀਤੀ ਗਈ ਤੇ ਕਿਤੇ -ਕਿਤੇ ਸੁਧੱਕੜੀ ਦਾ ਪ੍ਰਭਾਵ ਵੀ ਮਿਲਦਾ ਹੈ। ਸੋਲਹਾ ਵਿੱਚ ਵਸਤੂ ਸਥਿਤੀ ਨੂੰ ਵੀ ਬੜੇ ਸੁਚੱਜੇ ਤੇ ਢੁੱਕਵੇਂ ਚਿਤ੍ਰਨ ਰਾਹੀ ਰਚਿਆ। ਪ੍ਰੋ. ਸਾਹਿਬ ਸਿੰਘ ਅਨੁਸਾਰ "ਹਰੇਕ ਸ਼ਬਦ ਵਿੱਚ 16 ਬੰਦਾਂ ਵਾਲੇ ਸ਼ਬਦਾਂ ਨੂੰ ਸੋਲਹੇ ਕਿਹਾ ਜਾਂਦਾ ਹੈ, ਪਰ ਘੱਟ ਵੱਧ ਭੀ ਮਿਲਦੇ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਸੋਲਹੇ ਅਸਟਪਦੀਆਂ ਦੇ ਮੁੱਕਣ ਤੇ ਦਰਜ ਹਨ।ਸੋਹਲੇ ਸਿਰਫ ਮਾਰੂ ਰਾਗ ਵਿੱਚ ਹਨ। ਇੰਨ੍ਹਾਂ ਵਿੱਚ 'ਰਹਾਉ' ਦੀ ਤੁਕ ਨਹੀਂ ਹੈ।"[10]

**ਸਲੋਕ :**

ਫੁਟਕਲ ਪਦਾਂ ਵਿੱਚ ਸਭ ਤੋਂ ਅਧਿਕ ਰਚਨਾ ਸਲੋਕ ਹੈ। ਇੰਨ੍ਹਾਂ 260 ਸਲੋਕਾਂ ਵਿੱਚੋਂ 114 ਸਲੋਕ ਗੁਰੂ ਜੀ ਦੀਆਂ ਤਿੰਨ ਵਾਰਾਂ ਵਿੱਚ ਸ਼ਾਮਿਲ ਹਨ ਤੇ 107 ਸਲੋਕ ਦੂਜੇ ਗੁਰੂਆਂ ਦੀਆ ਵਾਰਾਂ ਵਿੱਚ ਦਰਜ ਹਨ। ਜਿਵੇਂ: ਵਡਹੰਸ, ਸੋਰਟ, ਸੂਹੀ, ਬਿਲਾਵਲ ਆਦਿ ਰਾਗਾਂ ਵਿੱਚ ਦਰਜ ਹਨ ਪਰ ਰਾਗ ਅਤੇ ਤੁਕਾਂ ਦੀ ਗਿਣਤੀ ਨਿਸ਼ਚਿਤ ਨਹੀਂ। "ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਅਰਜਨ ਸਾਹਿਬ ਦੁਆਰਾ ਰਚੇ ਦੋ ਤੋਂ ਸੋਲਾਂ ਤੁਕਾਂ ਤੱਕ ਦੇ ਸਲੋਕ ਅੰਕਿਤ ਹਨ ਪਰ ਆਮ ਕਰਕੇ ਸਲੋਕ ਦੋ ਜਾਂ ਚਾਰ ਤੁਕਾਂ ਦੇ ਹੀ ਰਚੇ ਜਾਣ ਦੀ ਪਰੰਪਰਾ ਹੈ।"[11] ਇਸ ਵਿੱਚ ਭਾਵਾਂ ਤੇ ਵਿਚਾਰਾਂ ਦੀ ਵਧੇਰੇ ਪ੍ਰਧਾਨਤਾ ਹੈ।ਇੰਨ੍ਹਾਂ ਸਲੋਕਾਂ ਦੇ ਮੁੱਖ ਵਿਸ਼ੇ ਪਰਮਾਤਮਾ ਦੀ ਉਸਤਤ, ਸਦਾਚਾਰਤਾ, ਅਧਿਆਤਮਿਕਤਾ ਨਾਲ ਹੈ ਤੇ ਨਾਲ ਹੀ ਸਮਾਜਿਕ, ਰਾਜਨੀਤਕ ਆਦਿ ਸੰਬੰਧੀ ਕੁਰੀਤੀਆਂ ਦਾ ਖੰਡਨ ਕਰਕੇ ਤੀਬਰ ਅਲੋਚਨਾ ਕੀਤੀ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਪਰਮਾਤਮਾ ਦੀ ਏਕਤਾ ਨੂੰ ਦਰਸਾਇਆ। ਪਰਮਾਤਮਾ ਦੀ ਬਣਾਈ ਸ੍ਰਿਸਟੀ ਤੇ ਸਮਾਜ ਵਿਚਲੀ ਏਕਤਾ ਨੂੰ ਇੱਕਤਾ ਦਾ ਪ੍ਰਤੀਕ ਮੰਨਿਆ। ਬਾਣੀ ਵਿੱਚ ਇੱਕਤਾ ਦੇ ਸੰਦੇਸ਼ ਨੂੰ ਸਮੁੱਚੇ ਵਿਸ਼ਵ ਦੀ ਅਧਿਆਤਮਿਕ, ਸਮਾਜਿਕ, ਸਦਾਚਾਰਕਤਾ, ਰਾਜਨੀਤੀ ਆਦਿ ਚੇਤਨਾ ਦਾ ਨਵੀਨ ਆਧਾਰ ਬਣਾ ਕੇ ਪੇਸ਼ ਕੀਤਾ।

## ਹਵਾਲੇ ਟਿੱਪਣੀਆਂ


1. 'ਤਿਤੁ ਮਹਿਲ ਜੋ ਸਬਦ ਹੋਆ, ਸੋ ਪੋਥੀ ਜੁਬਾਨਿ ਗੁਰੂ ਅੰਗਦ ਜੋਗ ਮਿਲੀ'। ਪੁਰਾਤਨ ਜਨਮ ਸਾਖੀ, ਸੰਪਾਦਕ ਵਾਰਾਂ ਭਾਈ ਗੁਰਦਾਸ, ਵਾਰ 1, ਪੰਨਾ 32
2. ਭਾਈ ਵੀਰ ਸਿੰਘ, ਪੰਨਾ 208
3. ਸਤਿਗੁਰੂ ਬਿਨਾਂ ਹੋਰ ਕਚੀ ਹੈ ਬਾਣੀ॥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 920
4. ਗੁਰੂ ਗ੍ਰੰਥ ਸਾਹਿਬ, ਪੰਨਾ 432.
5. ਉਹੀ, ਪੰਨਾ 78.
6. ਡਾ. ਮਹਿੰਦਰ ਕੌਰ ਗਿੱਲ, ਆਦਿ ਗ੍ਰੰਥ ਲੋਕ ਰੂਪ, ਪੰਨਾ 47.
7. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 104.
8. ਡਾ.ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼, ਪੰਨਾ 465.
9. ਡਾ.ਕੁਲਦੀਪ ਸਿੰਘ ਧੀਰ, ਪੰਜਾਬੀ ਦੇ ਮੌਲਿਕ ਤੇ ਪਰੰਪਾਗਤ ਕਾਵਿ ਰੂਪਾਕਾਰ, ਪੰਨਾ 18.
10. ਪ੍ਰੋ.ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ , ਪੋਥੀ 7, ਪੰਨਾ 525.
11. ਡਾ.ਕੁਲਦੀਪ ਸਿੰਘ ਧੀਰ, ਪੰਜਾਬੀ ਦੇ ਮੌਲਿਕ ਤੇ ਪਰੰਪਰਾਗਤ ਕਾਵਿ ਰੂਪਾਕਾਰ, ਪੰਨਾ 66

# ਅਧਿਆਇ : ਦੂਜਾ

# ਆਸਾ ਦੀ ਵਾਰ : ਅਧਿਆਤਮਿਕ ਚੇਤਨਾ

# ਅਧਿਆਇ : ਦੂਜਾ

## ਆਸਾ ਦੀ ਵਾਰ : ਅਧਿਆਤਮਿਕ ਚੇਤਨਾ

ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ ਇਸੇ ਸਮਾਜ ਵਿੱਚ ਰਹਿ ਕੇ ਹੀ ਉਸ ਦਾ ਪਾਲਣ ਪੋਸ਼ਣ ਤੇ ਸਰਬਪੱਖੀ ਵਿਕਾਸ ਹੁੰਦਾ ਹੈ। ਹੌਲੀ ਹੌਲੀ ਮੁਨੱਖ ਵੀ ਸਮਾਜ ਦਾ ਰਿਣੀ ਹੋ ਜਾਂਦਾ ਹੈ। ਵਿਸ਼ਵ ਦੇ ਹਰ ਮਨੁੱਖ ਦਾ ਸਮਾਜ ਪ੍ਰਤੀ ਫ਼ਰਜ ਹੈ ਕਿ ਸਮਾਜ ਨੂੰ ਚੰਗੇਰੇ ਬਣਾਏ ਤੇ ਸਮਾਜ ਨੂੰ ਚੰਗੇਰਾ ਬਣਾਉਣ ਦਾ ਆਧਾਰ ਅਧਿਆਤਮਿਕ ਚੇਤਨਾ ਦੇ ਆਧਾਰ ਉੱਪਰ ਹੈ। ਅੱਜ ਪੂਰਾ ਸੰਸਾਰ ਇੱਕ ਵਿਸ਼ਵੀ ਪਿੰਡ ਬਣ ਚੁੱਕਾ ਹੈ ਪਰ ਇਸ ਵਿਸ਼ਵੀ ਪਿੰਡ ਵਿੱਚ ਅਨੈਤਿਕਤਾ ਦੀਆਂ ਭਾਵਨਾਵਾਂ ਨੇ ਸੰਸਾਰ ਵਿੱਚੋ ਪ੍ਰੇਮ ਅਤੇ ਭਾਈਚਾਰੇ ਦੀਆਂ ਤੰਦਾਂ ਕਮਜ਼ੋਰ ਕਰ ਦਿੱਤੀਆਂ। ਊਚਾਂ ਨੀਚਾਂ, ਜਾਤ ਪਾਤ, ਡਰ, ਬੇਨਾਮੀ ਦੀ ਭਾਵਨਾਵਾਂ ਪੈਦਾ ਹੋ ਗਈਆ ਜਾਂ ਹੋ ਰਹੀਆਂ ਹਨ ਤੇ ਇਸ ਅਨੈਤਿਕਤਾ ਦੀ ਭਾਵਨਾ ਦੇ ਖਾਤਮੇ ਲਈ ਗੁਰੂ ਨਾਨਕ ਦੇਵ ਜੀ ਦੇ ਆਸਾ ਦੀ ਵਾਰ ਰਚਿਤ ਬਾਣੀ ਵਧੇਰੇ ਢੁਕਵੀਂ ਹੈ।

ਅਜੋਕੀ ਸਦੀਂ ਵਿੱਚ ਜਦੋਂ ਦੁਨੀਆਂ ਇੱਕ ਪਿੰਡ ਦਾ ਰੂਪ ਧਾਰਨ ਕਰ ਰਹੀ ਹੈ ਤਾਂ ਇੱਕ ਸਮਾਜ ਅਤੇ ਸੱਭਿਆਚਾਰ ਦੇ ਲੋਕਾਂ ਦਾ ਇੱਕ ਦੂਜੇ ਦੇ ਨੇੜੇ ਆਉਣਾ ਤੇ ਉਹਨਾਂ ਦੇ ਪ੍ਰਭਾਵ ਲਗਭਗ ਸੰਭਵ ਹਨ। ਵਿਸ਼ਵ ਪਿੰਡ ਵਿੱਚ ਜਿੱਥੇ ਖੁਲਦਿਲੀ ਅਤੇ ਵਪਾਰ ਵਧਿਆ ਉਥੇ ਨਾਲ ਹੀ ਸਮਾਜ ਵਿੱਚ ਇੱਕ ਦੂਜੇ ਦੇ ਨੇੜੇ ਰਹਿਣ ਵਾਲੇ ਲੋਕਾਂ ਦੇ ਮਨਾਂ ਵਿੱਚ ਹਰ ਥਾਵਾਂ ਤੇ ਉਚ ਨੀਚ ਜਾਤਪਾਤ ਦਾ ਹਯਾ ਵੀ ਵੱਧ ਰਿਹਾ ਹੈ। ਜਿਸ ਨਾਲ ਨੈਤਿਕ ਕਦਰਾਂ ਕੀਮਤਾਂ ਦੀ ਕੋਈ ਪਕੜ ਨਹੀਂ ਰਹੀ ਇਸ ਕਰਕੇ ਵਿਸ਼ਵ ਪਿੰਡ ਦਾ ਹਿੱਸਾ ਹੋਣ ਦਾ ਬਾਵਜੂਦ ਅੱਜ ਮਨੁੱਖ ਇੱਕਲਾ ਹੋ ਗਿਆ ਹੈ ਅਜਿਹੀ ਸਥਿਤੀ ਵਿੱਚ ਮਨੁੱਖ ਆਪਣੇ ਅਸਲੀ ਮਾਰਗ ਤੋਂ ਭਟਕ ਗਿਆ ਹੈ ਅੱਜ ਵਿਸ਼ਵੀਕਰਨ ਦੇ ਪ੍ਰਭਾਵ ਤੋ ਬਚਣਾ ਅਸੰਭਵ ਹੋ ਗਿਆ ਹੈ।

ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਵਿੱਚ ਅੱਜ ਵੀ ਜਾਤ ਪਾਤ ਦੇ ਵਿਸ਼ਿਆ ਤੇ ਵਿਚਾਰ ਚਰਚੇ ਹੁੰਦੇ ਰਹਿੰਦੇ ਹਨ। ਧਰਮ ਸਥਾਨ ਜੋ ਸਮਾਜ ਦਾ ਥੰਮ ਹੁੰਦੇ ਹਨ। ਇਹਨਾਂ ਤੋਂ ਹੀ ਅਧਿਆਤਮਿਕ ਚੇਤੰਨਤਾ ਦੀ ਅਗਵਾਈ ਮਿਲਦੀ ਹੈ। ਇਸ ਅਧਿਆਤਮਿਕ ਸਭਾ ਦਾ ਵਰਣਨ ਗੁਰੂ ਨਾਨਕ ਦੇਵ ਜੀ ਨੇ ਮੂਲ ਮੰਤਰ ਵਿੱਚ ਵੀ ਕੀਤਾ ਹੈ ਜਿਸ ਦਾ ਅਰਥ ਇੱਕ ਸ਼ੁੱਧ ਪਰਮ-ਹੋਂਦ ਹੈ ਜੋ ਅਜੂਨੀ ਤੇ ਅਕਾਲ ਹੈ। ਜਿਸ ਨੇ ਸਾਰੀ ਸ੍ਰਿਸ਼ਟੀ ਨੂੰ ਪੈਦਾ ਕੀਤਾ ਹੈ। ਇਸ ਸੱਤਾ ਲਈ ਗੁਰੂ ਸਹਿਬ ਨੇ ਵੱਖ-ਵੱਖ ਨਾਂ ਦਿੱਤੇ ਹਨ। ਸੱਚ, ਸੱਚਾ, ਇੱਕ, ਬਰਹਮ ਆਦਿ ਦਾਰਸ਼ਨਿਕ ਸ਼ਬਦ ਵੀ ਵਰਤੇ ਹਨ ਇਸ ਤੋਂ ਇਲਾਵਾ "ਵੱਡਾ","ਉੱਚਾ" ਆਦਿ ਰਹੱਸਵਾਦੀ ਸਬਦਾਂ ਦਾ ਪ੍ਰਯੋਗ ਵੀ ਕੀਤਾ ਹੈ। ਇਸ ਤੋਂ ਬਿਨਾਂ ਅਰੂਪ, ਅਕਾਲ, ਅਜੋਨੀ, ਨਿਰੰਕਾਰ, ਅਸਰ, ਅਲਖ, ਅਗੰਮ ਆਦਿ ਸ਼ਬਦਾ ਦਾ ਪ੍ਰਯੋਗ ਕਰਕੇ ਉਪਨਿਸ਼ਦਾ ਦੀ ਵਿਧੀ ਨੂੰ ਵੀ ਅਪਣਾਇਆ ਹੈ। ਇਹ ਚੇਤੰਨਤਾ ਭਾਵ ਸੂਝ, ਗਿਆਨ ਮਾਨਵ ਜਾਤੀ ਨੂੰ ਸੱਚ ਨਾਲ ਜਾਣੂ ਕਰਵਾਉਂਦਾ ਹੈ। ਇਹ ਵਿਸ਼ਵ ਉਸੇ ਪ੍ਰਮਾਤਮਾ ਦੀ ਖੇਡ ਹੈ ਇਸੇ ਦੀ ਸਾਜੀ ਹੋਈ ਹੈ। ਇਸ ਲਈ ਇਸ ਵਿਸ਼ਵ ਵਿੱਚ ਰਹਿ ਰਹੇ ਮਾਨਵ ਦੀ ਹੋਂਦ ਭੌਤਿਕਤਾ ਤੋਂ ਵਧੇਰੇ ਅਧਿਆਤਮਕ ਹੈ। ਮਾਨਵ ਦਾ ਅਸਲੀ ਸੱਚ ਉਸ ਦੇ

ਸਰੀਰ ਦੀ ਸੁੰਦਰਤਾ ਨਹੀਂ ਬਲਕਿ ਉਸ ਦੀ ਆਤਮਾ ਨੂੰ ਕਿਹਾ ਜਾਂਦਾ ਹੈ। ਕਿਉਂਕਿ ਸਰੀਰ ਤਾਂ ਮਿੱਟੀ ਨਾਲ ਹੀ ਮਿੱਟੀ ਹੋ ਜਾਂਦਾ ਹੈ। ਪਰ ਮਾਨਵ ਇਸ ਮਿੱਟੀ ਦੇ ਸਰੀਰ ਨੂੰ ਹੀ ਆਪਣੀ ਅਸਲੀ ਸੁੰਦਰਤਾ ਮੰਨਦਾ ਤੇ ਇਸ ਭੁੱਲ ਨਾਲ ਉਹ ਆਪਣੀ ਹੋਂਦ ਨੂੰ ਪਹਿਚਾਣ ਨੀ ਪਾਉਂਦਾ ਫਿਰ ਉਹ ਤਾਤਵਿਕ ਸਰੂਪ ਪ੍ਰਤੀ ਚੇਤੰਨ ਨਾ ਹੋ ਕੇ ਆਪਣੇ ਸੱਚੇ ਮਾਰਗ ਤੋਂ ਪਿੱਛੇ ਰਹਿ ਜ਼ਾਂਦਾ ਹੈ। ਅੱਜ ਇਸ ਵਿਸ਼ਵੀਕਰਨ ਯੁੱਗ ਵਿੱਚ ਮਾਨਵ ਕਾਮ, ਕ੍ਰੋਧ, ਲੋਹ, ਮੋਹ, ਅਹੰਕਾਰ ਆਦਿ ਵਿੱਚ ਬੁਰੀ ਤਰ੍ਹਾਂ ਹੋਇਆ ਹੈ। ਇੰਨ੍ਹਾਂ ਵਿਕਾਰਾਂ ਕਾਰਨ ਮਾਨਵ ਦੀ ਅਧਿਆਤਮਿਕ ਚੇਤੰਨਤਾ ਵੀ ਖਤਮ ਹੁੰਦੀ ਜਾ ਰਹੀ ਹੈ। ਜਿਸ ਨਾਲ ਵਿਸ਼ਵ ਸਾਂਤੀ ਨਸ਼ਟ ਹੋ ਰਹੀ ਹੈ ਕਿਉਂਕਿ ਅੱਜ ਮਨੁੱਖ ਸਰੀਰਕ ਤੋਂ ਮਾਨਸਿਕ ਵਿਕਾਰਾਂ ਵਿੱਚ ਉਲਝਿਆ ਹੋਇਆ ਹੈ ਜਿਸ ਕਾਰਨ ਮਨੁੱਖ ਮਾਨਵੀ ਰਿਸ਼ਤਿਆ ਦੇ ਪਿਆਰ ਨੂੰ ਵੀ ਭੁੱਲਦਾ ਜਾ ਰਿਹਾ ਹੈ ਅਤੇ ਆਪਣੇ ਸਵਾਰਥਾਂ ਨੂੰ ਮਹੱਤਵ ਦਿੰਦਾ ਹੋਇਆ ਦੁਨਿਆਵੀ ਵਿਚਾਰਾਂ ਵਿੱਚ ਪਿਸਦਾ ਜਾ ਰਿਹਾ ਹੈ। ਜਿਸ ਨਾਲ ਮਨੁੱਖ ਦੀ ਬੁੱਧੀ ਫੇਲ ਹੁੰਦੀ ਨਜ਼ਰ ਆਉਂਦੀ ਹੈ। ਉੱਥੇ ਆਸਾ ਦੀ ਵਾਰ ਬਾਣੀ ਮਾਰਗ ਕਰਦੀ ਹੋਈ ਮਾਨਵੀ ਭਾਵਨਾਵਾਂ ਨੂੰ ਗਤੀਸ਼ੀਲ ਕਰਦੀ ਹੈ ਫਿਰ ਸਰੀਰ ਨੂੰ ਸੇਵਾ ਵਿੱਚ ਭਾਵ ਸਰਬੱਤ ਦੇ ਭਲੇ ਵਿੱਚ ਅਤੇ ਮਨ ਨੂੰ ਪਰਮਾਤਮਾ ਦੀ ਮੱਤ ਵਿੱਚ ਚੱਲਣ ਦਾ ਉਦੇਸ਼ ਪੇਸ਼ ਕੀਤਾ ਹੈ। ਜਿਸ ਦੁਆਰਾ ਮਾਨਵ ਨਾ ਕੇਵਲ ਰੱਬ ਨਾਲ ਸਗੋਂ ਬ੍ਰਹਿਮੰਡ ਨਾਲ ਵੀ ਇੱਕ ਹੋਣ ਦਾ ਅਨੁਭਵ ਪ੍ਰਾਪਤ ਕਰਦਾ ਹੈ। ਅੱਜ ਵਿਸ਼ਵੀਕਰਨ ਕਰਕੇ ਬੇਸ਼ੱਕ ਏਕਤਾ ਦਾ ਨਾਅਰਾ ਹਰ ਕੋਈ ਬੁਲੰਦ ਆਵਾਜ਼ ਵਿੱਚ ਦੇ ਰਿਹਾ ਹੈ ਪਰ ਊਚ ਨੀਚ, ਜਾਤ-ਪਾਤ, ਰੰਗ ਰੂਪ ਆਦਿ ਦਾ ਬੋਲਬਾਲਾ ਅਜੇ ਵੀ ਹੈ ਪਰ ਇਸ ਬਾਣੀ ਵਿੱਚ ਸਭ ਲਈ ਇੱਕ ਹੀ ਮਾਰਗ ਪੇਸ਼ ਕੀਤਾ ਹੋਇਆ ਹੈ। ਇਸ ਬਾਣੀ ਦੇ ਉਦੇਸ਼ ਕਿਤੇ ਕਿਸੇ ਧਰਮ, ਕੌਮੀਅਤ ਅਧਾਰ ਉੱਪਰ ਕੋਈ ਵਿਤਕਰਾ ਨਹੀਂ ਸਗੋਂ ਵਿਸ਼ਵੀ ਭਾਈਚਾਰੇ ਦੀ ਏਕਤਾ ਦਾ ਮਾਰਗ ਮਿਲਦਾ ਹੈ। ਜਿਸ ਵਿੱਚ ਸਾਰੇ ਧਰਮ ਦੇ ਭੇਦ ਮਿਟਾ ਕੇ ਅਧਿਆਤਮਿਕ ਏਕਤਾ ਦੀ ਗੱਲ ਕੀਤੀ ਹੈ ਅਵਤਾਵਾਦ ਦਾ ਖੰਡਨ ਕੀਤਾ ਤੇ ਕਣ ਕਣ ਵਿੱਚ ਵਿਆਪਕ ਹੈ ਉਹ ਪ੍ਰਮਾਤਮਾ ਜੋ ਸਾਰੀ ਸ੍ਰਿਸ਼ਟੀ ਨੂੰ ਚਲਾਉਂਦਾ ਜਨਮ ਮਰਨ ਤੋਂ ਰਹਿਤ ਬਿਨ੍ਹਾਂ ਕਿਸੇ ਡਰ-ਭੈਅ ਦੇ ਚਾਰੋਂ ਪਾਸੇ ਉਸੇ ਦਾ ਪ੍ਰਕਾਸ਼ਮਾਨ ਹੈ। ਇਹ ਪਰਮਾਤਮਾ ਦੀ ਪ੍ਰਾਪਤੀ ਲਈ ਇੱਕ ਗੁਰੂ ਦੀ ਜ਼ਰੂਰਤ ਹੁੰਦੀ ਹੈ ਸਾਡੇ ਧਾਰਮਿਕ ਗ੍ਰੰਥਾਂ ਉਪਨਿਸ਼ਦਾ, ਗੀਤਾ, ਰਮਾਇਣ, ਕੁਰਾਨ ਆਦਿ ਵਿੱਚ ਵੀ ਗੁਰੂ ਦੀ ਮਹੱਤਤਾ ਨੂੰ ਦਰਸਾਇਆ ਹੈ। ਜਿਸ ਤੋਂ ਪਤਾ ਚੱਲਦਾ ਹੈ ਕਿ ਇੱਕ ਗੁਰੂ ਹੀ ਹੈ ਜੋ ਸਧਾਰਨ ਮਨੁੱਖ ਨੂੰ ਧਰਮ ਮਨੁੱਖ ਬਣਾ ਸਕਦਾ ਜਿਸ ਨਾਲ ਮਾਨਵ ਜਾਤੀ ਦੇ ਅਗਿਆਨ ਅੰਧਕਾਰ ਵੀ ਦੂਰ ਹੋਣਗੇ।ਸੱਚਾ ਗੁਰੂ ਹੀ ਮਾਨਵ ਜਾਤੀ ਨੂੰ ਭੇਦ ਭਾਵ ਤੋਂ ਮੁਕਤ ਏਕਤਾ ਵਿੱਚ ਵਿਸ਼ਵਾਸ ਕਰਨਾ ਸਿਖਾਉਂਦਾ ਹੈ।

ਆਸਾ ਦੀ ਵਾਰ ਵਿੱਚ ਇੱਕ ਅਨੋਖੀ ਦਾਰਸ਼ਨਿਕ ਵਿਆਖਿਆ ਮਿਲਦੀ ਹੈ ਇਸ ਦੀ ਰਚਨਾ ਬੇਸ਼ੱਕ 15ਵੀਂ ਸਦੀ ਵਿੱਚ ਹੋਈ ਮੰਨੀ ਜਾਂਦੀ ਹੈ ਪਰ ਇਹ ਅੱਜ 21ਵੀਂ ਸਦੀ ਦੇ ਦੌਰ ਵਿੱਚ ਵਿਸ਼ਵ ਨੂੰ ਏਕਤਾ ਦੀ ਚੇਤੰਨਤਾ ਦਿੰਦੀ ਹੈ ਅੱਜ ਵਿਸ਼ਵ ਜੋ ਦੁੱਖ, ਸੁੱਖ, ਲੋਭ, ਮੋਹ, ਨਿੰਦਾ ਆਦਿ ਕੁਰੀਤੀਆਂ ਵਿੱਚ ਕੈਦ ਹੈ ਤਾਂ ਇਥੇ ਗੁਰੂ ਜੀ ਮਨੁੱਖੀ ਜੀਵਨ ਵਿੱਚ ਇਹਨਾਂ ਸਾਰੇ ਬੰਧਨਾਂ ਨੂੰ ਕੋਈ ਥਾਂ ਹੀ ਨਹੀਂ ਦਿੱਤੀ ਸਗੋਂ ਇੱਕ ਆਦਰਸ਼ ਤੇ ਵਿਸ਼ਵੀ ਏਕਤਾ ਲਈ ਆਵਾਜ ਦਿੱਤੀ ਜਿਸ ਨਾਲ ਮਾਨਸਿਕ ਬੰਧਨਾਂ ਤੋਂ ਮੁਕਤੀ ਅਤੇ ਧਰਮ ਆਦਰਸ਼ ਜੀਵਨ ਦਾ ਉਦੇਸ਼ ਮਿਲਦਾ ਹੈ ।

ਇੱਥੇ ਇੱਕ ਖਾਸ ਸੁਨੇਹਾ ਇਸ ਬਾਣੀ ਵਿੱਚ ਇਹ ਹੈ ਕਿ ਮਾਨਵ ਜਾਤੀ ਨੂੰ ਪ੍ਰੇਮ ਅਤੇ ਸਦਗੁਣ ਧਾਰਨਾ ਕਰਕੇ ਵਿਸ਼ਵੀ ਏਕਤਾ ਤੇ ਸਾਂਤੀ ਰੱਖਣੀ ਚਾਹੀਦੀ ਹੈ। ਜਿਸ ਨਾਲ ਇੱਕ ਆਦਰਸ਼ ਮਾਨਵ ਉਦੈ ਹੁੰਦਾ ਹੈ ਜੋ ਸੀਮਤ ਦੁਆਰਾ ਤੋਂ ਹੁੰਦਾ ਹੋਇਆ ਬ੍ਰਹਿਮੰਡ ਚੇਤਨਾ ਨੂੰ ਵੀ ਪ੍ਰਾਪਤ ਲੈਂਦਾ ਹੈ ।

"ਆਸਾ ਦਾ ਵਾਰ" ਵਿੱਚ ਗੁਰੂ ਜੀ ਨੇ ਇੱਕ ਨਵੀਨ ਧਰਮ ਦੀ ਨੀਂਹ ਰੱਖੀ ਤੇ ਜਿਸ ਵਿੱਚ ਪ੍ਰਾਮਤਮਾ ਦੇ ਸਰਬ ਵਿਆਪੀ ਅਤੇ ਸਰਬਸ਼ਕਤੀਮਾਨ ਰੂਪ ਨੂੰ ਮੰਨ ਕੇ ਵਿਸ਼ਵੀ ਏਕਤਾ ਦਾ ਪ੍ਰਤੀਕ ਮੰਨਿਆ ਹੈ। ਜਿਸ ਨਾਲ ਸਾਰੇ ਵਿਤਕਰੇ ਮਿਟਣਗੇ ਪਰਸਪਰ ਗਿਆਨ, ਸਹਿਯੋਗ, ਸਦਾਭਾਵਨਾ ਏਕਤਾ ਦਾ ਮਾਹੌਲ ਪੈਦਾ ਹੋ ਜਾਵੇਗਾ ਤੇ ਅੱਜ ਵਿਸ਼ਵ ਦੇ ਵਿਕਾਸ ਲਈ ਇਹ ਸਦਾਭਾਵਨਾਵਾਂ ਅਤਿ ਜ਼ਰੂਰੀ ਹਨ। ਇਸ ਗਿਆਨ ਲਈ ਆਸਾ ਦੀ ਵਾਰ ਢੁੱਕਵੀਂ ਹੈ ਜੋ ਮਨੁੱਖ ਨੂੰ ਸਮੇਂ-ਸਮੇਂ 'ਤੇ ਸੇਧ ਤੇ ਰਹਿਨੁਮਾਈ ਅਗਵਾਈ ਦਾ ਮਾਰਗ ਦੇਵੇਗੀ।

**ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥**

**ਜਿਨਿ ਮਾਣਸ ਤੇ ਦੇਣ ਤੇ ਕੀਏ ਕਰਨ ਨ ਲਾਗੀ ਵਾਰ॥**[1]

ਇਸ ਵਾਰ ਵਿੱਚ ਸਿੱਖਿਆ ਮਲਦੀ ਹੈ ਕਿ ਜੋ ਵਿਸ਼ਵ ਵਿੱਚ ਰਹਿੰਦੇ ਹਰ ਮਾਨਵ ਲਈ ਜ਼ਰੂਰੀ ਹੈ। ਕਿ ਮਾਨਵ ਨੂੰ ਰੱਬ ਦੇ ਪਹਿਲੂ ਤੋਂ ਜਾਣੂ ਹੋਣਾ ਚਾਹੀਦਾ ਹੈ। ਜਿਸ ਨਾਲ ਮਾਨਵ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਕਿ ਜਦ ਉਸ ਦਾ ਸਰੀਰ ਮਿੱਟੀ ਵਿੱਚ ਮਿੱਟੀ ਹੋ ਜਾਵੇਗਾ ਤਾਂ ਉਸ ਦੀ ਆਤਮਾ ਨੂੰ ਰੱਬ ਦਾ ਨਾਮ ਹੀ ਪਾਰ ਉਤਾਰੇਗਾ ਤੇ ਜੋ ਦੁਨਿਆਵੀ ਦਿਖਾਵੇ ਭਾਵ ਹੰਕਾਰ ਲਈ ਜਿੰਦਗੀ, ਝੂਠੀ ਸ਼ਾਨੋ ਸ਼ੌਕਤ ਹੈ।ਇਹ ਸਭ ਦੁਨਿਆਵੀ ਭੁਲੇਖੇ ਹਨ। ਆਸਾ ਦੀ ਵਾਰ ਅਨੁਸਾਰ ਇੱਕ ਪਰਮਾਤਮਾ ਦਾ ਨਾਂ ਹੀ ਸੱਚਾ ਹੈ। ਜੋ ਇੰਨ੍ਹਾਂ ਦਿਖਾਵਿਆਂ ਤੇ ਭੁਲੇਖਿਆ ਤੋਂ ਦੂਰ ਹੈ।

**ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥**

**ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਿਰ ਖੇਤ॥**[2]

ਅੱਜ ਦੇ ਵਿਸ਼ਵੀਕਰਨ ਯੁੱਗ ਵਿੱਚ ਲੋਕ ਬੇਸ਼ੱਕ ਵਿਸ਼ਵੀ ਏਕਤਾ ਦਾ ਹੋਕਾ ਦੇ ਰਹੇ ਹਨ। ਪਰ ਹਿਰਦੇ ਅੰਦਰੋਂ ਉਹ ਆਪਣੇ ਅਸਲੀ ਮਾਰਗ ਤੋਂ ਭਟਕ ਗਏ ਹਨ। ਅੱਜ ਜੋ ਲੋਕ ਪ੍ਰਮਾਤਮਾ ਨੂੰ ਚੇਤੇ ਨਹੀਂ ਕਰਦੇ ਆਪਣੇ ਆਪ ਵਿੱਚ ਬੁੱਧੀਮਾਨ ਬਣੇ ਹੋਏ ਹਨ, ਜੋ ਉਪਰੋਂ ਤਾਂ ਸੁੱਖ ਸਹੂਲਤਾਂ ਮਾਨਣ ਦਾ ਦਾਅਵਾ ਕਰਦੇ ਹਨ ਪਰ ਅਸਲ ਵਿੱਚ ਅੰਦਰੋਂ ਟੁੱਟੇ ਹੋਏ ਹੁੰਦੇ ਹਨ। ਬੇਸ਼ੱਕ ਉਹ ਆਪਣੇ ਵਿਚਾਰਾਂ ਨੂੰ ਇਸ ਦੁਨੀਆਂ ਵਿੱਚ ਅਟੱਲ ਰੱਖਣ ਦੀ ਕੋਸ਼ਿਸ਼ ਕਰਦੇ ਹਨ ਪਰ ਸਮੇਂ ਦੇ ਬਦਲ ਨਾਲ ਲੋਕ ਇਹ ਵਿਚਾਰਾਂ ਨੂੰ ਫਜ਼ੂਲ ਸਮਝ ਕੇ ਛੱਡ ਦਿੰਦੇ ਹਨ। ਜਿਸ ਨਾਲ ਉਹ ਮਨੁੱਖ ਇਕੱਲੇ ਹੋ ਜਾਂਦੇ ਹਨ। ਆਸਾ ਦੀ ਵਾਰ ਅਨੁਸਾਰ ਮਨੁੱਖ ਨੂੰ ਹਮੇਸ਼ਾ ਮਨ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਤੇ ਸੋਚ ਨੂੰ ਸਚਿਆਰਾ ਬਣਾਉਣ ਲਈ ਦੂਜਿਆਂ ਦੀ ਖੁਸ਼ੀ ਦਾ ਵੀ ਧਿਆਨ ਕਰਨਾ ਚਾਹੀ

**ਸਚੇ ਤੇਰੇ ਖੰਡ ਸਚੇ ਬ੍ਰਹਮੰਡ॥**

**ਸਚੇ ਤੇਰੇ ਲੋਅ ਸਚੇ ਆਕਾਰ॥**

**ਸਚੇ ਤੇਰੇ ਕਰਣੇ ਸਰਬ ਬੀਚਾਰ॥**

**ਸਚਾ ਤੇਰਾ ਅਮਰੁ ਦੀਬਾਣੁ॥**

**ਸਚਾ ਤੇਰਾ ਹੁਕਮੁ ਸਚਾ ਫੁਰਮਾਣੁ॥**

**ਸਚਾ ਤੇਰਾ ਕਰਮੁ ਸਚਾ ਨੀਸਾਣੁ॥**[3]

ਇਹਨਾਂ ਸਤਰਾਂ ਵਿੱਚ ਸਪੱਸ਼ਟ ਕੀਤਾ ਹੈ ਕਿ ਪਰਮਾਤਮਾ ਅਟੱਲ ਹੈ ਉਸ ਨੇ ਜੋ ਰਚਨਾ ਕੀਤੀ ਹੈ ਉਹ ਵੀ ਸੱਚ ਹੈ। ਉਸ ਦੀ ਕਿਰਪਾ ਰਾਹੀ ਬ੍ਰਹਮੰਡ, ਖੰਡ ਆਦਿ ਜਿਨ੍ਹਾਂ ਦੀ ਸਿਰਜਨਾ ਹੋਈ ਹੈ। ਇਹ ਸਭ ਉਸ ਪਰਮਾਤਮਾ ਦੇ ਹੁਕਮ ਅਧੀਨ ਹੈ। ਇਹਨਾਂ ਸਤਰਾਂ ਰਾਹੀ ਸਪੱਸ਼ਟ ਕੀਤਾ ਹੈ ਕਿ ਇਹ ਵਿਸ਼ਵ ਅਸਲ ਵਿੱਚ ਇੱਕ ਸੁੰਦਰ ਸੁਪਨੇ ਦੀ ਤਰ੍ਹਾਂ ਇੱਕ ਭਰਮ ਹੈ ਜਿਸ ਦਾ ਕੋਈ ਅੰਤ ਨਹੀਂ ਹੈ। ਅੱਜ ਵਿਸ਼ਵੀਕਰਨ ਯੁੱਗ ਵਿੱਚ ਬੇਸ਼ੱਕ ਵਿਗਿਆਨ ਨੇ ਖੰਡ ਬ੍ਰਹਮੰਡ ਨੂੰ ਬਹੁਤ ਜਾਣ ਲਿਆ ਪਰ ਫਿਰ ਵੀ ਪਰਮਾਤਮਾ ਦੀ ਪਹੁੰਚ ਤੇ ਉਸ ਦੀ ਰਚਨਾ ਦਾ ਭੇਦ ਮਾਨਵ ਨਹੀਂ ਪਾ ਸਕਿਆ। ਕਿਉਂ ਕਿ ਪਰਮਾਤਮਾ ਇੱਕ ਅਜਿਹਾ ਭੇਦ ਹੈ ਜਿਸ ਨੂੰ ਪਾਉਣ ਲਈ ਮਨੁੱਖ ਅੰਦਰ ਅਧਿਆਤਮਿਕਤਾ ਦਾ ਹੋਣਾ ਲਾਜ਼ਮੀ ਹੈ।

**ਇਹੁ ਜਗੁ ਸਚੈ ਕੀ ਹੈ ਕੋਠੜੀ ਸਚੈ ਕਾ ਵਿਚਿ ਵਾਸੁ॥**

**ਇਕਨ੍ਹਾ ਹੁਕਮਿ ਸਮਾਇ ਲਏ ਇਕਨਾ ਹੁਕਮੇ ਕਰੇ ਵਿਣਾਸੁ॥**[4]

ਇਸ ਵਿਸ਼ਵ ਵਿੱਚ ਸਾਰੇ ਉਸ ਪਰਮਾਤਮਾ ਦੇ ਅਨੁਸਾਰੀ ਹੁਕਮ ਨਾਲ ਚੱਲਦੇ ਹਨ। ਇਹ ਜਗਤ ਉਸ ਦਾ ਹੀ ਕੋਠੜਾ ਹੈ ਜਿਸ ਵਿੱਚ ਸੱਚ ਦਾ ਵਧੇਰੇ ਆਦਰ ਸਮਾਨ ਹੈ, ਪਰ ਅੱਜ ਵਿਸ਼ਵੀਕਰਨ ਯੁੱਗ ਵਿੱਚ ਇਸ ਸੱਚ ਦੀ ਹੋਂਦ ਘੱਟਦੀ ਜਾ ਰਹੀ ਹੈ। ਪਰਮਾਤਮਾ ਜੋ ਕਦੀ ਤਾਂ ਦੁਨੀਆਂ ਨੂੰ ਆਪਣੇ ਹੁਕਮ ਅਨੁਸਾਰੀ ਕਰਕੇ ਸੁੰਦਰ ਬਣਾਉਂਦਾ ਹੈ ਤੇ ਕਦੀ ਇਸ ਸੰਸਾਰ ਦਾ ਨਾਸ ਕਰਦਾ। ਇਹ ਪਰਮਾਤਮਾ ਹੀ ਆਪਣੇ ਮਰਜੀ ਅਨੁਸਾਰ ਦੁਨੀਆਂ ਨੂੰ ਚਲਾਉਂਦਾ ਵਿਸ਼ਵ ਦਾ ਹਰ ਜੀਵ ਪਰਮਾਤਮਾ ਅਧੀਨ ਹੋ ਕੇ ਹੀ ਚਲਦਾ ਹੈ। ਪਰ ਅੱਜ ਵਿਸ਼ਵ ਦਾ ਹਰ ਮਾਨਵ ਮਾਰਗ ਤੋਂ ਭਟਕ ਕੇ ਵਿਕਾਰਾਂ ਵਿੱਚ ਹੀ ਜਾ ਰਿਹਾ ਹੈ। ਆਸਾ ਦੀ ਵਾਰ ਭੌਤਿਕਵਾਦੀ ਵਿਸ਼ਵ ਨੂੰ ਆਪਣਾ ਅਧਿਆਤਮਕ ਰੂਪ ਪੇਸ਼ ਕਰਕੇ ਸੰਸਾਰ ਦੇ ਅਸਲੀ ਮਾਰਗ ਦਰਸ਼ਕ ਬਾਰੇ ਇਹ ਸੰਦੇਸ਼ ਦਿੰਦੀ ਹੈ ਕਿ ਮਨੁੱਖ ਨੂੰ ਏਕਤਾ, ਪਿਆਰ, ਸਾਂਝ ਨੂੰ ਬਿਨਾਂ ਕਿਸੇ ਭੇਦ ਭਾਵ ਅਪਣਾਉਣਾ ਚਾਹੀਦਾ ਹੈ।

**ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥**

**ਛੂਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥**

**ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥**

**ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥**[5]

ਅੱਜ ਦੇ ਵਿਸ਼ਵੀਕਰਨ ਯੁੱਗ ਵਿੱਚ ਮਨੁੱਖ ਪਰਮਾਤਮਾ ਨੂੰ ਭੁੱਲਦਾ ਜਾ ਰਿਹਾ ਹੈ ਅਤੇ ਆਪਣੇ ਸੁਆਰਥਾਂ ਲਈ ਚਤੁਰ ਬਣਦਾ ਰਿਹਾ ਹੈ। ਮਨੁੱਖ ਪਰਮਾਤਮਾ ਦੇ ਅਸਲੀ ਮਾਰਗ ਤੋਂ ਭਟਕ ਕੇ ਅੱਜ ਆਪਣੇ ਨਿੱਜੀ ਹਿੱਤਾਂ ਲਈ ਛਲ ਕਪਟ ਕਰਨ ਤੋ ਵੀ ਨਹੀਂ ਡਰਦਾ। ਅੱਜ ਮਾਨਵ ਦੀ ਹੋਂਦ ਬਿਲਕੁੱਲ ਸੁੰਨੀ ਪੈਲੀ ਵਾਂਗ ਹੈ, ਜਿੱਥੇ ਤਿੱਲ ਬੁਆੜ ਤਾਂ ਫਲਦੇ ਤੇ ਫੁਲਦੇ ਹਨ ਪਰ ਕਿਸੇ ਕੰਮ ਨਹੀਂ ਆਉਂਦੇ ਭਾਵ ਜੇ ਮਨੁੱਖ ਪਰਮਾਤਮਾ ਨੂੰ ਮਨੋਂ ਵਿਸਾਰਦਾ ਤਾਂ ਉਹ ਜਿੰਦਗੀ ਵਿੱਚ ਵਿਕਾਰਾਂ ਦਾ ਸ਼ਿਕਾਰ ਹੁੰਦਾ ਰਹਿੰਦਾ ਹੈ। ਵਿਸ਼ਵੀਕਰਨ ਯੁੱਗ ਵਿੱਚ ਤਾਂ ਮਨੁੱਖ ਭੌਤਿਕਵਾਦ ਨੂੰ ਮਹੱਤਵ ਦੇ ਰਿਹਾ ਹੈ ਜੋ ਵਿਕਾਰਾਂ ਨਾਲ ਭਰਿਆ ਹੋਇਆ ਹੈ। ਆਸਾ ਦੀ ਵਾਰ ਮਨੁੱਖ ਨੂੰ ਇਸ ਭੌਤਿਕਵਾਦ ਜੀਵਨ ਵਿੱਚ ਪਰਮਾਤਮਾ ਦੀ ਮਹਤੱਤਾ ਦੱਸਦੀ ਹੈ ਕਿ ਪਰਮਾਤਮਾ ਦਾ ਨਾਂ ਹੀ ਮਨੁੱਖ ਨੂੰ ਵਿਕਾਰਾਂ ਵਿੱਚੋਂ ਕੱਢ ਸਕਦਾ ਜੇਕਰ ਮਨੁੱਖ ਪਰਮਾਤਮਾ ਨੂੰ ਸੱਚੇ ਮਨੋਂ ਯਾਦ ਕਰੇ।

**ਇਕਨ੍ਹਾ ਭਾਣੈ ਕਢਿ ਲਏ ਇਕਨ੍ਹਾ ਮਾਇਆ ਵਿਚਿ ਨਿਵਾਸੁ॥**

**ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੈ ਰਾਸਿ॥**

**ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸਿ॥**[6]

ਇਹ ਵਿਸ਼ਵ ਇੱਕ ਹੈ ਜੋ ਪਰਮਾਤਮਾ ਦੀ ਬਣਾਈ ਕੋਠੜੀ ਵਿੱਚ ਰਹਿੰਦਾ ਹੈ। ਸਮਾਜ ਇਸ ਪਰਮਾਤਮਾ ਦੇ ਹੁਕਮ ਨਾਲ ਚਲਦਾ ਹੈ ਪਰ ਅੱਜ ਸਾਰੇ ਦੇਸ਼ ਕੌਮ ਆਪਣੇ ਸੁਆਰਥਾਂ ਲਈ ਆਪਸੀ ਅੰਤਰ ਵਿਰੋਧ ਹੋਣ ਕਾਰਨ ਸੱਚੇ ਮਾਰਗ ਤੋਂ ਭਟਕ ਕੇ ਤਬਾਹੀ ਦੇ ਕੰਢੇ ਤੇ ਖੜ੍ਹੇ ਹੋਏ ਹਨ ਜੋ ਮਨੁੱਖ ਦੀ ਤਬਾਹੀ ਦਾ ਕਾਰਨ ਬਣ ਸਕਦਾ ਹੈ। ਇਸ ਲਈ ਲੋੜ ਹੈ ਪਿਆਰ, ਸਾਂਝ, ਏਕਤਾ, ਭਾਈਚਾਰਕਤਾ ਦੀ ਜੋ ਵਿਸ਼ਵ ਪੱਧਰ ਉੱਪਰ ਪ੍ਰਸ਼ਾਰ ਤੇ ਸੰਚਾਰ ਨਾਲ ਹੀ ਹੋ ਸਕਦੀ ਹੈ। ਅਧਿਆਤਮਿਕ ਚੇਤਨਾ ਇਸ ਗੱਲ ਬਾਰੇ ਮਨੁੱਖ ਨੂੰ ਜਾਗਰੂਕਤਾ ਦਿੰਦੀ ਹੈ ਕਿ ਪਰਮਾਤਮਾ ਇੱਕ ਹੈ ਇਸ ਲਈ ਰੱਬ ਦੀ ਬਣਾਈ ਦੁਨੀਆਂ ਤੋਂ ਇਨਕਾਰੀ ਨਹੀਂ ਹੋਣਾ ਚਾਹੀਦਾ। ਨਿੰਦਾ, ਭੇਦ, ਭਾਵ ਦੀ ਜਗ੍ਹਾ ਏਕਤਾ ਵਿੱਚ ਵਿਸ਼ਵਾਸ ਕਰਨਾ ਚਾਹੀਦਾ ਹੈ ਜਿਸ ਨਾਲ ਵਿਸ਼ਵ ਵਿੱਚ ਖੁਸ਼ਹਾਲੀ ਅਤੇ ਸਾਂਝ ਮਜ਼ਬੂਤ ਹੋਵੇਗੀ ਅਤੇ ਅਧਿਆਤਮਿਕ ਏਕਤਾ, ਪਰਮਾਤਮਾ ਭਗਤੀ, ਵਿਸ਼ਵਾਸ ਆਦਿ ਭਾਵਨਾਵਾਂ ਉਤਪੰਨ ਹੋਣਗੀਆਂ। ਜਿਸ ਨਾਲ ਲੋਕਾਂ

ਨੂੰ ਇੱਕ ਸਮਾਨ ਸਤਿਕਾਰ ਤੇ ਅਧਿਕਾਰ ਹੋਣਗੇ ਤੇ ਪਰਮਾਤਮਾ ਨੂੰ ਵੀ ਇੱਕ ਰੂਪ ਵਿੱਚ ਵੇਖਿਆ ਪੂਜਿਆ ਜਾਵੇਗਾ।

**ਵਿਸਮਾਦੁ ਨਾਦ ਵਿਸਮਾਦੁ ਵੇਦ॥**

**ਵਿਸਮਾਦੁ ਜੀਅ ਵਿਸਮਾਦੁ ਭੇਦ॥**

**ਵਿਸਮਾਦੁ ਰੂਪ ਵਿਸਮਾਦੁ ਰੰਗ॥**

**ਵਿਸਮਾਦੁ ਨਾਗੇ ਫਿਰਹਿ ਜੰਤ॥**

**ਵਿਸਮਾਦੁ ਪਾਉਣ ਵਿਸਮਾਦੁ ਪਾਣੀ॥**

**ਵਿਸਮਾਦੁ ਅਗਨੀ ਖੇਡਹਿ ਵਿਡਾਣੀ॥** [7]

ਇਹਨਾਂ ਸਤਰਾਂ ਵਿੱਚ ਕੁਦਰਤ ਦੇ ਬੇਅੰਤ ਰੰਗ ਸ਼ਕਤੀਆਂ ਦੀ ਕਾਰੀਗਰੀ ਦਾ ਕਮਾਲ ਹੈ। ਪਰ ਵਿਸ਼ਵ ਵਿੱਚ ਰਹਿ ਕੇ ਅੱਜ ਦਾ ਮਨੁੱਖ ਪਰਮਾਤਮਾ ਦੀ ਇਸ ਕਾਰੀਗੀਰੀ ਤੋਂ ਬੇਮੁੱਖ ਹੁੰਦਾ ਜਾ ਰਿਹਾ ਹੈ। ਮਨੁੱਖ ਆਪਣੇ ਸਵਾਰਥਾਂ ਲਈ ਇਹਨਾਂ ਰੰਗਾਂ ਨੂੰ ਫਿੱਕੇ ਪਾਉਂਦਾ ਜਾ ਰਿਹਾ ਹੈ। ਲੋੜ ਹੈ ਅੱਜ ਵਿਸ਼ਵ ਨੂੰ ਪਰਮਾਤਮਾ ਦੀ ਇਸ ਕਾਰੀਗੀਰੀ ਦੀ ਮਹੱਤਤਾ ਨੂੰ ਪਹਿਚਾਨਣ ਦੀ ਕਿ ਇਹ ਕੁਦਰਤ ਹੀ ਹੈ ਜਿਸ ਨੇ ਇੰਨੇ ਸੋਹਣੇ ਵਿਸ਼ਵ ਨੂੰ ਸਾਜਿਆ ਫਿਰ ਨਾਦ ਤੇ ਕਈ ਵੇਦ ਉਤਪੰਨ ਕੀਤੇ ਹੋਏ ਹਨ ਤੇ ਬੇਅੰਤ ਜੀਵ ਤੇ ਜੀਵਾਂ ਦੀਆ ਲੱਖਾਂ ਜਾਤੀਆਂ ਇਸ ਧਰਤੀ ਉੱਪਰ ਪੈਦਾ ਕੀਤੀਆਂ ਤੇ ਇਹ ਜਾਤੀਆਂ ਜੀਵ ਉਸ ਇੱਕ ਰੱਬ ਨੇ ਹੀ ਸਾਜੇ ਬਣਾਏ ਹੋਏ ਹਨ। ਜੋ ਪੂਰਨ ਰੂਪ ਵਿੱਚ ਇੱਕ ਸੱਚ ਹੈ। ਕੁਦਰਤ ਦੀ ਕਰਾਮਾਤ ਕਾਰੀਗਰੀ ਵੇਖਣ ਅਸਚਰਜਾ ਵੀ ਹੁੰਦੀ ਹੈ। ਇਸ ਧਰਤੀ ਤੇ ਲੱਖਾ ਅਰਬਾ ਜੀਵ ਪੈਦਾ ਕੀਤੇ ਤੇ ਇਹ ਸਾਜੇ ਜੀਵਾਂ ਵਿਚੋਂ ਸ੍ਰੇਸ਼ਟ ਮਨੁੱਖ ਨੂੰ ਬਣਾਇਆ ਹੈ ਤੇ ਵਿਸ਼ਵ ਵਿੱਚ ਰਹਿੰਦੇ ਮਨੁੱਖ ਦੀ ਹਰ ਪਦਾਰਥਕ ਲੋੜ ਨੂੰ ਵੱਖ-ਵੱਖ ਰੂਪ ਵਿੱਚ ਪਰਮਾਤਮਾ ਨੇ ਹਰ ਚੀਜ਼ ਵਿੱਚ ਭੇਟ ਕੀਤਾ ਹੋਇਆ ਹੈ। ਫਿਰ ਵੀ ਮਾਨਵ ਜਾਤੀ ਆਪਣੇ ਸੁਆਰਥਾਂ ਦੇ ਮੋਹ ਕਾਰਨ ਆਪਣੀ ਜਿੰਦਗੀ ਤੋਂ ਅਸ਼ੰਤੁਸਟ ਹੈ। ਜਦਕਿ ਲੱਖਾ ਕੰਤਾ ਅਜਿਹੇ ਹਨ ਜੋ ਨੰਗੇ ਫਿਰ ਰਹੇ ਹਨ ਪਰ ਫਿਰ ਵੀ ਪਰਮਾਤਮਾ ਦੀ ਸ਼ਰਨ ਵਿੱਚ ਖੁਸ਼ ਹਨ ਉਹਨਾਂ ਦੀ ਜਿੰਦਗੀ ਵਿੱਚ ਸੁਆਰਥ ਭੇਦ ਭਾਵ ਨਹੀਂ ਜਦ ਕਿ ਹਰ ਜੀਵ ਦਾ ਅੰਤ ਸੰਸਕਾਰ ਕਰਮ ਫਲ ਹੀ ਹੁੰਦਾ ਹੈ। ਇਸ ਲਈ ਮਨੁੱਖ ਨੂੰ ਸੁਆਰਥ ਛੱਡ ਪਰਮਾਤਮਾ ਦੇ ਭਾਣੇ ਵਿੱਚ ਖੁਸ਼ ਰਹਿਣਾ ਚਾਹੀਦਾ ਹੈ ਤੇ ਪਰਮਾਤਮਾ ਵੱਲੋਂ ਦਿੱਤੀ ਇਸ ਸ਼੍ਰੇਸ਼ਟ ਮਨੁੱਖੀ ਜਿੰਦਗੀ ਲਈ ਹਮੇਸ਼ਾ ਧੰਨਵਾਦ ਕਰਨਾ ਚਾਹੀਦਾ ਹੈ।

**ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ॥**

**ਕੇਤੀਆ ਕੰਨ੍ਹ ਕਹਾਣੀਆ ਕੇਤੇ ਬੇਦ ਬੀਚਾਰ॥**

**ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ॥**

**ਬਾਜਾਰੀ ਬਾਜਾਰ ਮਹਿ ਅਦਿ ਕਢਹਿ ਬਾਜਾਰ॥**[8]

ਆਸਾ ਦੀ ਵਾਰ ਵਿਸ਼ਵ ਵਿੱਚ ਰਹਿੰਦੇ ਲੋਕਾਂ ਨੂੰ ਏਕਤਾ, ਪਿਆਰ, ਭਾਵਨਾਵਾਂ, ਅਮਨ, ਜਾਗ੍ਰਿਤੀ ਕਰਨ ਲਈ ਯਤਨਸ਼ੀਲ ਹੈ ਮਨੁੱਖ ਨੂੰ ਉਸ ਪਰਮਾਤਮਾ ਦੇ ਮਹੱਤਵ ਭਾਵ ਉਸ ਦੇ ਨਿਰੰਕਾਰ ਰੂਪ ਨੂੰ ਦਰਸਾਇਆ ਹੈ। ਜਿਸ ਨੇ ਇਸ ਵਿਸ਼ਵ ਦਾ ਚਿਤਵ ਕੀਤਾ ਜੋ ਇੱਕ ਹੈ ਅਤੇ ਡਰ ਰਹਿਤ ਹੈ। ਬੇਸ਼ੱਕ ਰਾਮ ਅੱਜ ਦੇ ਯੁੱਗ ਵਿੱਚ ਇੱਕ ਰਹਿਤ ਹੈ ਜਿਸ ਨੂੰ ਮਾਨਵ ਪੂਜਦਾ ਤੇ ਕ੍ਰਿਸ਼ਨ ਦੇ ਵੇਦਾਂ ਨੂੰ ਵਿਚਾਰਦਾ ਪੜਦਾ ਹੈ ਪਰ ਪਰਮਾਤਮਾ ਦਾ ਅਸਲੀ ਮਾਰਗ ਫਿਰ ਵੀ ਮਾਨਵ ਤੋਂ ਕੋਹਾ ਦੂਰ ਰਹਿੰਦਾ ਹੈ। ਪਰ ਜਿਸ ਸਰੀਰ ਨੂੰ ਮਨੁੱਖ ਵੱਖ-ਵੱਖ ਰੂਪ ਦੇ ਕੇ ਬਾਜ਼ਾਰ ਵਿੱਚ ਨੱਚਦਾ ਹੈ ਰਾਸ ਧਾਰਦਾ ਉਹ ਨਾਸ਼ਵਾਨ ਹੈ। ਜਦਕਿ ਪਰਮਾਤਮਾ ਇਨ੍ਹਾਂ ਗੱਲਾਂ ਨੂੰ ਮਨੁੱਖ ਨੂੰ ਸਮਝਾਉਦਾ ਹੈ ਪਰ ਮਨੁੱਖ ਆਪਣੀ ਭਟਕਣਾ ਅੱਗੇ ਪਰਮਾਤਮਾ ਦੇ ਅਸਲੀ ਰੂਪ ਨੂੰ ਭੁੱਲ ਜਾਂਦਾ। ਪਰਮਾਤਮਾ ਦੀ ਪ੍ਰਾਪਤੀ ਇਹਨਾਂ ਅਡੰਬਰਾਂ ਨਾਲ ਨਹੀਂ ਸਗੋਂ ਗੁਰੂ ਦੀ ਮਿਹਰ ਨਾਲ ਮਿਲਦੀ ਹੈ। ਵਿਸ਼ਵ ਵਿੱਚ ਅੱਜ ਹਰ ਮਨੁੱਖ ਨੂੰ ਆਪਣੇ ਸੱਚੇ ਮਾਰਗ ਦੇ ਲਈ ਗੁਰੂ ਦੀ ਲੋੜ ਹੈ ਗੁਰੂ ਦੇ ਮਿਲਣ ਨਾਲ ਮਨੁੱਖ ਦੀ ਹਰ ਸਾਧਨਾ ਪੂਰੀ ਹੁੰਦੀ ਹੈ ਉਸਦਾ ਮਨ ਇਹਨਾਂ ਅਡੰਬਰਾਂ ਵਿੱਚ ਨਹੀਂ ਹੁੰਦਾ ਸਗੋਂ ਗੁਰੂ ਉਸ ਨੂੰ ਇਸ ਵਿਸ਼ਵ ਵਿੱਚ ਚਾਨਣ ਦਾ ਮਾਰਗ ਦਿੰਦਾ ਹੈ। ਜਿਸ ਨਾਲ ਮਨੁੱਖ ਦਾ ਅਗਿਆਨ ਅੰਧਕਾਰ ਦੂਰ ਹੁੰਦਾ ਹੈ।ਸਿੱਟੇ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਅਧਿਆਤਮਿਕ ਚੇਤਨਾ ਵਿਸ਼ਵ ਵਿੱਚ ਇੱਕ ਅਹਿਮ ਚੇਤਨਾ ਹੈ। ਅਧਿਆਤਮਿਕ ਚੇਤਨਾ ਧਾਰਮਿਕ ਸਰੋਕਾਰਾਂ ਨਾਲ ਸਬੰਧਤ ਚੇਤਨਾ ਮੰਨੀ ਜਾਂਦੀ ਹੈ। ਆਧਿਆਤਮਿਕ ਚੇਤਨਾ ਕੁਦਰਤ ਦੇ ਗਿਆਨ ਦਾ ਪ੍ਰਤੀਕ ਹੈ। ਅੱਜ ਦੇ ਸਮੇਂ ਵਿੱਚ ਵਿਸ਼ਵੀਕਰਨ ਕਰਨ ਦੇ ਯੁੱਗ ਵਿੱਚ ਮਨੁੱਖ ਇਸ ਗਿਆਨ ਦੇ ਮਾਰਗ ਤੋਂ ਭਟਕ ਚੁੱਕਾ ਹੈ। ਆਸਾ ਦੀ ਵਾਰ ਇਸ ਵਿਸ਼ਵੀਕਰਨ ਵਿੱਚ ਰਹਿੰਦੇ ਮਨੁੱਖ ਲਈ ਇੱਕ ਨਵੀਨ ਤਸ਼ਵੀਰ ਪੇਸ਼ ਕੀਤੀ ਹੈ ਜੋ ਅਧਿਆਤਮਿਕ ਚੇਤਨਾ ਦੁਆਰਾ ਵਿਸ਼ਵੀ ਏਕਤਾ ਦੇ ਰੂਪ ਵਿੱਚ ਮਾਨਵ ਜਾਤੀ ਨੂੰ ਬਦਲੇਗੀ ਸਿੱਧੇ ਅਸਿੱਧੇ ਤੌਰ ਤੇ ਜਨਜੀਵਨ ਨੂੰ ਪ੍ਰਭਾਵਿਤ ਕਰੇਗੀ। ਵਿਸ਼ਵੀਕਰਨ ਦੇ ਅੰਤਰਗਤ ਅਧੀਨ ਦੇਖਿਆ ਜਾਵੇ ਤਾਂ ਅਧਿਆਤਮਿਕ ਚੇਤਨਾ ਪੂਰੇ ਵਿਸ਼ਵ ਵਿੱਚ ਮਾਨਵੀ ਜਾਤੀ ਦੀ ਮਾਨਸਿਕ ਉੱਪਰ ਏਕਤਾ ਦਾ ਜਿਆਦਾ ਪ੍ਰਭਾਵ ਪਾਵੇਗੀ। ਗੁਰੂ ਜੀ ਦੀ ਇਸ ਬਾਣੀ ਵਿੱਚ ਲੋਕਾਂ ਨੂੰ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਦਾ ਵਿਰੋਧ ਕਰਦੇ ਹੋਏ ਵਿਸ਼ਵ ਦੀ ਮਾਨਵ ਜਾਤੀ ਨੂੰ ਰੱਬ ਨਾਲ ਜੋੜਨ ਦਾ ਯਤਨ ਕੀਤਾ। ਆਸਾ ਦੀ ਵਾਰ ਧਾਰਮਿਕ ਸੰਪ੍ਰਦਾਵਾਂ ਵਿੱਚ ਆ ਕੇ ਚੁੱਕੇ ਅਡੰਬਰਾਂ ਦਾ ਖੰਡਨ ਕਰਕੇ ਇੱਕ ਸੱਚੀ ਜੀਵਨ ਜੁਗਤ ਅਤੇ ਕਲਿਆਣੀ ਸਮਾਜ ਦਾ ਮਾਰਗ ਦਰਸਾਇਆ ਹੈ। ਵਿਸ਼ਵ ਵਿੱਚ ਮਾਨਵ ਨੂੰ ਪਿਆਰ ਨਾਲ ਰਹਿਣ ਦਾ ਸ਼ੰਦੇਸ ਦਿੱਤਾ ਅਧਿਆਤਮਿਕ ਚੇਤਨਾ ਵਿੱਚ ਮਾਨਵੀ ਜਾਤੀ ਨੂੰ ਏਕਤਾ ਤੇ ਪਰਮਾਤਮਾ ਦਾ ਆਦਰਸ਼ਕ ਰੂਪ ਦਰਸਾਇਆ। ਇਸ ਵਿਸ਼ਵ ਵਿੱਚ ਵਿਸ਼ਾਲ ਕੁਦਰਤ ਭਾਵ ਕਿ ਪਰਮਾਤਮਾ ਦਾ ਵਾਧਾ ਹੈ ਅਤੇ ਅੱਜ ਇਨਸਾਨ ਪਰਮਾਤਮਾ ਦੇ ਮਾਰਗ ਤੋ ਭਟਕ ਗਿਆ ਅੱਜ ਮਾਨਵ ਜਾਤੀ ਨੂੰ ਕੁਦਰਤ ਦਾ ਨੂਰ ਉਸ ਦੀ ਪਹੁੰਚ ਸ਼ਕਤੀ ਬਾਰੇ ਜਾਣੂ ਕਰਵਾਉਣਾ ਜ਼ਰੂਰੀ ਹੋ ਗਿਆ ਹੈ। ਆਸਾ ਦੀ ਵਾਰ ਵਿੱਚ ਅਧਿਅਤਾਮਿਕ ਚੇਤਨਾ ਦਾ ਮੁੱਖ ਮਕਸਦ ਹੀ ਮਾਨਵ ਜਾਤੀ ਨੂੰ ਏਕਤਾ ਵਿੱਚ ਵਿਸ਼ਵਾਸ ਤੇ ਸੱਚੇ ਮਨ ਦੀ ਅਹਿਮ ਭੂਮਿਕਾ ਨੂੰ ਪੇਸ਼ ਕਤਿਾ ਹੈ। ਅਧਿਆਤਮਿਕ ਚੇਤੰਨਤਾ ਪਰਮਾਤਮਾ ਦੇ ਪਰਮ

ਅਪਹਾਰ ਗਿਆਨ ਦਾ ਸੂਚਕ ਹੈ। ਵਿਸ਼ਵੀਕਰਨ ਵਿੱਚ ਰਹਿੰਦੇ ਲੋਕਾਂ ਉੱਪਰ ਅੱਜ ਆਧਿਆਤਮਿਕ ਦੀ ਜਗ੍ਹਾਂ ਪੂੰਜੀਵਾਦੀ ਦਾ ਪ੍ਰਭਾਵ ਜ਼ਿਆਦਾ ਹੋ ਰਿਹਾ ਹੈ। ਬਾਣੀ ਵਿੱਚ ਮਾਨਵ ਦੇ ਜੀਵਨ ਨੂੰ ਚੰਗੇ ਆਦਰਸ਼ ਦੀ ਅਸਲ ਤਸਵੀਰ ਵਿੱਚ ਉਲੀਕਿਆ ਹੈ। ਜੋ ਵਿਸ਼ਵੀ ਏਕਤਾ ਦਾ ਇੱਕ ਨਵਾਂ ਰੂਪ ਲਿਆਏਗੀ।

# ਹਵਾਲੇ ਟਿੱਪਣੀਆਂ


1. ਪ੍ਰੋਫ਼ੈਸਰ ਸਾਹਿਬ ਸਿੰਘ, ਆਸਾ ਦੀ ਵਾਰ ਸਟੀਕ, ਪੰਨਾ ਨੰ.22

2. ਉਹੀ, ਪੰਨਾ 22

3. ਉਹੀ, ਪੰਨਾ 25

4. ਉਹੀ, ਪੰਨਾ 28

5. ਉਹੀ,ਪੰਨਾ 22

6. ਉਹੀ, ਪੰਨਾ 28

7. ਉਹੀ ਪੰਨਾ 30-31

8. ਉਹੀ ਪੰਨਾ 37

# ਅਧਿਆਇ : ਤੀਜਾ

# ਆਸਾ ਦੀ ਵਾਰ : ਸਮਾਜਿਕ ਚੇਤਨਾ

# ਅਧਿਆਇ : ਤੀਜਾ

# ਆਸਾ ਦੀ ਵਾਰ : ਸਮਾਜਿਕ ਚੇਤਨਾ

ਅੱਜ ਦੇ ਵਿਸ਼ਵੀਕਰਨ ਯੁੱਗ ਵਿੱਚ ਵੀ ਸਮਾਜ ਦੇ ਵੱਖ-ਵੱਖ ਖੇਤਰਾਂ ਵਿੱਚ ਮਾਨਵ ਦਾ ਅਧਾਰ ਵੀ ਸਮਾਜ ਦੇ ਨਾਲ ਹੈ ਤੇ ਸਮਾਜ ਇੱਕ ਅਜਿਹਾ ਸੰਗਠਨ ਹੈ। ਜਿਸ ਵਿੱਚ ਮਨੁੱਖੀ ਕਿਰਿਆਵਾਂ ਸੁਤੰਤਰ ਤੇ ਸੀਮਤ ਹੁੰਦੀਆਂ ਹਨ ਤੇ ਕੁਝ ਮਾਪਦੰਡ ਵਿਸ਼ਵ ਵਿੱਚ ਮਾਨਵ ਜਾਤੀ ਲਈ ਨਿਸ਼ਚਿੰਤ ਕੀਤੇ ਹੁੰਦੇ ਹਨ। ਜਿਹਨਾਂ ਨੂੰ ਹਰ ਮਨੁੱਖ ਅਪਣਾਉਂਦਾ ਤੇ ਉਹਨਾਂ ਦੇ ਮਾਪਦੰਡਾਂ ਵਿੱਚ ਜਿੰਦਗੀ ਗੁਜਾਰਦਾ ਹੈ। ਜਿੰਦਗੀ ਬਸਰ ਕਰਦਾ ਹੈ ਵਿਸ਼ਵ ਵਿੱਚ ਸਮਾਜ ਇੱਕ ਅਜਿਹੀ ਸ਼ਕਤੀ ਮੰਨੀ ਜਾਂਦੀ ਹੈ ਜੋ ਮਨੁੱਖ ਨੂੰ ਅਸਿਭਅਕ ਤੋਂ ਸਭਿਅਕ ਬਣਾਉਂਦੀ ਹੈ ਤੇ ਸੰਸਕ੍ਰਿਤ ਦਾ ਵਿਕਾਸ ਕਰਦੀ ਹੋਈ ਇੱਕ ਅਨੁਕੂਲ ਵਾਤਾਵਾਰਨ ਦਾ ਮਾਡਲ ਦਰਸਾਉਂਦੀ ਹੈ।

ਵਿਸ਼ਵੀਕਰਨ ਵਿੱਚ ਸਮਾਜਿਕ ਸਬੰਧਾਂ ਦਾ ਜਾਲ ਹੈ ਜਿਸ ਵਿੱਚ ਵੱਖ-ਵੱਖ ਜਾਤਾਂ, ਵੱਖ-ਵੱਖ ਧਰਮ ਵੱਖ-ਵੱਖ ਨਸਲਾਂ ਦੇ ਲੋਕ, ਵੱਖ-ਵੱਖ ਵਰਗਾਂ ਆਦਿ ਸ਼ਾਮਿਲ ਹਨ ਜੋ ਆਪਸੀ ਕਾਰ ਵਿਹਾਰ ਰਿਸ਼ਤੇ ਨਾਤਿਆਂ ਬਣਦੇ ਹਨ। ਮਾਨਵ ਆਪਣੀ ਹਰ ਬੁਨਿਆਦੀ ਲੋੜ ਏਕਤਾ ਵਿੱਚ ਰਹਿ ਕੇ ਮਿਲ ਜੁਲ ਕੇ ਹੀ ਪੂਰਾ ਕਰ ਸਕਦਾ ਹੈ। ਜੋ ਏਕਤਾ ਦਾ ਅਹਿਮ ਰੂਪ ਹੈ ਮਾਨਵ ਇੱਕ ਸਮਾਜਿਕ ਜੀਵ ਹੈ। ਅੱਜ ਵਿਸ਼ਵੀਕਰਨ ਦੇ ਯੁੱਗ ਵਿੱਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਸਮਾਜਿਕ ਚੇਤੰਨਤਾ ਨੂੰ ਦਰਸਾਇਆ ਜਿਸ ਨਾਲ ਇੱਕ ਨਵੇਂ ਸਮਾਜ ਨੂੰ ਇਸ ਵਿਸ਼ਵੀਕਰਨ ਯੁੱਗ ਵਿੱਚ ਲਿਆਉਣਾ ਦੀ ਕੋਸ਼ਿਸ ਹੈ। ਅੱਜ ਬੇਸ਼ੱਕ ਏਕਤਾ ਵਿੱਚ ਰਹਿਣ ਦੀ ਆਵਾਜ ਗੂੰਜ ਰਹੀ ਹੈ ਪਰ ਜੋ ਸਮਾਜ ਸਾਡੇ ਸਾਹਮਣੇ ਹੈ ਇਸ ਵਿੱਚ ਮਾਨਵ ਦੇ ਰਿਸ਼ਤੇ ਨਾਤੇ, ਮੋਹ, ਪਿਆਰ ਸਭ ਦਿਖਾਵਾ ਹੋ ਗਿਆ ਹੈ ਤੇ ਸਾਰਾ ਸਮਾਜ ਇਸ ਏਕਤਾ ਤੋਂ ਭਟਕ ਕੇ ਅਨੇਕਤਾ ਵਿੱਚ ਧਸਦਾ ਜਾ ਰਿਹਾ ਤੇ ਏਕਤਾ ਦਾ ਭਰਮ ਟੱਟਦਾ ਜਾ ਰਿਹਾ ਹੈ।

ਅੱਜ ਵਿਸ਼ਵੀਕਰਨ ਯੁੱਗ ਵਿੱਚ ਮਨੁੱਖ ਆਪਣੇ ਸੁਆਰਥਾਂ ਪਿੱਛੇ ਭੱਜਦਾ ਹੋਇਆ ਆਪਣੀ ਨਿੱਤ ਦੀ ਪਹਿਚਾਣ ਬਦਲਦਾ ਹੈ ਜੋ ਅੱਜ ਜ਼ਰੂਰਤ ਵੀ ਬਣ ਗਿਆ ਹੈ। ਅੱਜ ਹਰ ਵਿਅਕਤੀ ਆਪਣੇ ਸੁਆਰਥਾਂ ਲਈ ਆਪਣੀਆਂ ਸਥਿਤੀਆਂ ਬਦਲ ਰਿਹਾ। ਸਮਾਜ ਵਿੱਚ ਹੋ ਰਹੇ ਬਦਲਾਵ ਤੋਂ ਚੇਤੰਨ ਰਹਿਣ ਦੇ ਗਿਆਨ ਨੂੰ ਦਰਸਾਉਂਦੇ ਹੋਏ ਇੱਕ ਨਵੇਂ ਸਮਾਜ ਨੂੰ ਇਸ ਵਿਸ਼ਵ ਦੇ ਸਾਹਮਣੇ ਪੇਸ਼ ਕਰਨਾ ਹੈ।

ਵਿਸ਼ਵੀਕਰਨ ਯੁੱਗ ਵਿੱਚ ਸਮੂਹਿਕ ਭਾਵਨਾ ਦੀ ਹੋਂਦ ਘੱਟ ਕੇ ਵਿਅਕਤੀ ਵਾਦ ਤੱਕ ਹੀ ਸੀਮਤ ਰਹਿ ਗਈ ਹੈ। ਮਾਨਵ ਜਾਤੀ ਅੰਦਰ ਭਾਈਚਾਰਕ ਭਾਵਨਾਵਾਂ ਲੁਪਤ ਹੋ ਰਹੀਆਂ ਹਨ। ਅੱਜ ਧਰਮ, ਜਾਤ, ਵਰਗ ਮਾਨਵ ਜਾਤੀ ਲਈ ਇੱਕ ਉਲਝਣ ਬਣ ਕੇ ਰਹਿ ਗਿਆ ਹੈ ਜਿਸ ਕਰਕੇ ਸਮੂਹਿਕ ਸੰਘਰਸ਼ ਪਿੱਛੜ ਗਏ।ਲੋਕਾਂ ਦੇ ਵਿਸ਼ਵਾਸ ਟੁੱਟ ਗਏ ਗੁਰੂ ਨਾਨਕ ਦੇਵ ਜੀ ਦੀ ਬਾਣੀ ਆਸਾ ਦੀ ਵਾਰ ਵਿਸ਼ਵ ਵਿੱਚ ਰਹਿੰਦੀ ਮਾਨਵ ਜਾਤੀ ਨੂੰ ਸਮਾਜਿਕ ਦਰਸ਼ਨ ਦੀ ਇੱਕ ਅਹਿਮ ਚੇਤਨਾ ਪ੍ਰਦਾਨ ਕੀਤੀ ਹੈ।

**ਬੰਧਨ ਬੰਧਿ ਭਵਾਏ ਸੋਇ॥**

**ਪਾਇਐ ਕਿਰਤਿ ਨਚੈ ਸਭੁ ਕੋਇ॥**[1]

ਵਿਸ਼ਵੀਕਰਨ ਯੁੱਗ ਵਿੱਚ ਮਾਨਵ ਸਮਾਜਿਕ ਬੰਧਨਾਂ ਵਿੱਚ ਵਹਿੰਦਾ ਜਾ ਰਿਹਾ ਹੈ। ਮਾਨਵ ਦੇ ਭਾਵਾਂ ਚਾਅ ਵੀ ਇੱਕ ਦਿਖਾਵਾ ਬਣ ਗਏ ਹਨ। ਇਸ ਵਿਸ਼ਵੀਕਰਨ ਯੁੱਗ ਵਿੱਚ ਮਨੁੱਖ ਦੀ ਜਿੰਦਗੀ ਰਿਸਤਿਆਂ ਫਰਜਾਂ ਦੇ ਸਵਾਰਥਾ ਵਿੱਚ ਦੱਬੀ ਗਈ ਹੈ। ਮਨੁੱਖ ਇਹਨਾਂ ਸਮਾਜਿਕ ਬੰਧਨਾਂ ਨੂੰ ਨਿਭਾਉਂਦਾ ਹੈ ਪਰ ਆਪਣੀ ਖੁਸ਼ੀ ਦੇ ਮਾਰਗ ਨੂੰ ਅਣਦੇਖਾ ਕਰ ਦਿੰਦਾ ਹੈ ਜਿਸ ਕਾਰਨ ਮਨੁੱਖ ਨੂੰ ਆਪਣੀ ਜਿੰਦਗੀ ਬੋਝਲ ਪ੍ਰਤੀਤ ਹੋਣ ਲੱਗਦੀ ਹੈ। ਵਿਸ਼ਵ ਦੇ ਇਹਨਾਂ ਬੰਧਨਾਂ ਦੀ ਦੀਵਾਰ ਮਨੁੱਖ ਨੂੰ ਪਰਮਾਤਮਾ ਨਾਲੋਂ ਵੱਖ ਕਰਦੀ ਜਾ ਰਹੀ ਹੈ। ਆਸਾ ਦੀ ਵਾਰ ਮਨੁੱਖ ਨੂੰ ਸਮਾਜਿਕ ਚੇਤੰਨਤਾ ਦੁਆਰਾ ਉਸ ਦੇ ਇਹਨਾਂ ਦਿਖਾਵੇ ਵਾਲੇ ਬੰਧਨਾਂ ਦੀ ਜਗ੍ਹਾ ਸਕੂਨ ਤੇ ਸਾਦਗੀ ਦਾ ਮਾਰਗ ਉਸਾਰਦੀ ਇਹਨਾਂ ਸਮਾਜਿਕ ਬੰਧਨਾਂ ਦੀ ਜਗ੍ਹਾਂ ਇਨਸਾਨ ਨੂੰ ਇਹਨਾਂ ਰੀਤੀ ਰਿਵਾਜਾਂ ਵਿੱਚ ਨਿਕਲ ਕੇ ਚੰਗੇ ਬਣਨ ਦੇ ਅਮਲ ਮਾਰਗ ਨੂੰ ਪੇਸ਼ ਕਰਦੀ ਹੈ।

**ਦਇਆ ਕਪਾਹ ਸੰਤੋਖ ਸੂਤੁ ਸਾਤੁ ਗੰਢੀ ਸਤੁ ਵਟੁ॥**

**ਏਹ ਜਨੇਊ ਜੀਆ ਕਾ ਹਈ ਪਾਡੇ ਘਤੁ॥**[2]

ਅੱਜ ਬੇਸ਼ੱਕ ਸੰਸਾਰ ਵਿਸ਼ਵੀਕਰਨ ਦੇ ਨਾਅਰੇ ਨੂੰ ਬੁਲੰਦ ਕਰ ਰਿਹਾ ਹੈ ਸਭ ਸਮਾਜਿਕ ਕੁਰੀਤੀਆਂ ਦਾ ਖੰਡਨ ਵੀ ਕਰਦਾ ਨਜ਼ਰ ਆਉਂਦਾ ਹੈ। ਕਰਮਕਾਂਡ ਤੇ ਸ਼ੋਸ਼ੇਬਾਜੀ ਮਾਨਵ ਜਾਤੀ ਤੇ ਨਾਕਰਾਤਮਕ ਪ੍ਰਭਾਵ ਸਾਫ ਦਿਖਦਾ ਹੈ ਤੇ ਆਸਾ ਦੀ ਵਾਰ ਵਿੱਚ ਸਮਾਜਿਕ ਚੇਤੰਨਤਾ ਵਿੱਚ ਨਕਰਾਤਮਕ ਪ੍ਰਭਾਵਾਂ ਨੂੰ ਵੀ ਮਾਨਵ ਦੇ ਇੱਕ ਪੜਾਅ ਤੇ ਜਾ ਕੇ ਸਕਰਾਤਮਕ ਪ੍ਰਭਾਵ ਵਿੱਚ ਬਦਲੇਗੀ ਤੇ ਮਾਨਵ ਜਾਤੀ ਨੂੰ ਸਮਾਜਿਕ ਚੇਤੰਨਤਾ ਦੁਆਰਾ ਅਖੌਤੀ ਧਾਰਮਿਕ ਆਗੂ ਜੋ ਪਰਮਾਤਮਾ ਦੇ ਨਾਂ ਦੀ ਦੁਰਵਰਤੋਂ ਕਰਦੇ ਹਨ।ਉਹਨਾਂ ਦੇ ਚਿਹਰੇ ਤੋਂ ਨਕਾਬ ਉਤਾਰੇਗੀ। ਮਨੁੱਖ ਨੂੰ ਧਾਰਮਿਕ ਏਕਤਾ ਵਿੱਚ ਜੋੜਨਾ ਵਿੱਚ ਸਹਾਈ ਹੋਵੇਗੀ। ਅੱਜ ਸਮਾਜ ਵਿੱਚ ਧਰਮ ਦੇ ਨਾਂ ਤੇ ਲੋਕਾਂ ਨੂੰ ਗੁੰਮਰਾਹ ਕਰਕੇ ਝੂਠੇ ਕਰਮਕਾਂਡਾ ਦੁਆਰਾ ਪਰਮਾਤਮਾ ਦੇ ਅਸਲੀ ਮਾਰਗ ਤੋ ਕੋਹਾਂ ਦੂਰ ਕਰ ਦਿੱਤਾ ਹਨ ਊਚ ਨੀਚ ਵਹਿਮ ਭਰਮ ਫਿਰ ਤੋਂ ਉੱਠਣ ਲੱਗ ਪਏ। ਇੱਥੇ ਆਸਾ ਦੀ ਵਾਰ ਵਿੱਚ ਸਮਾਜਿਕ ਚੇਤੰਨਤਾ ਦੁਆਰਾ ਧਾਰਮਿਕ ਆਡੰਬਰਾਂ ਦੀ ਥਾਂ ਵਿਅਕਤੀਵਾਦ ਨੂੰ ਹੀ ਮਹੱਤਤਾ ਦੇਵੇਗਾ। ਸਮਾਜਿਕ ਏਕਤਾ ਦੇ ਮਾਰਗ ਦੁਆਰਾ ਮਾਨਵ ਨੂੰ ਇੱਕ ਦੂਜੇ ਦੇ ਨਾਲ ਜੋੜਨ ਤੇ ਭਾਈਚਾਰਕ ਭਾਵਨਾ ਵਧੇਗੀ ਜਿਸ ਨਾਲ ਮਾਨਵ ਅੰਦਰ ਇਹ ਰੀਤੀ ਰਿਵਾਜ ਧਰਮਾਂ, ਜਾਤੀ ਦੇ ਫੋਕੇ ਕਰਮ ਕਾਂਡਾ ਦੀ ਭਾਵਨਾ ਨਹੀਂ ਰਹੇਗੀ। ਜਿਸ ਨਾਲ ਇਹ ਸਮਾਜ ਵਿੱਚ ਰਹਿੰਦੇ ਲੋਕ ਇੱਕ ਜੁੱਟ ਹੋਣਗੇ ਤੇ ਦਿਖਾਵੇ ਛੱਡ ਕੇ ਮਾਨਵੀ ਏਕਤਾ ਦੀ ਸ਼ਕਤੀ ਤੇ ਵਿਸ਼ਵਾਸ ਕਰਨਗੇ।

**ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥**

**ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥**[3]

ਮਨੁੱਖ ਅੱਗ ਵਿੱਚ ਸੜ ਕੇ ਵੀ ਮੁਰਦਾ ਸੁਆਹ ਹੁੰਦਾ ਤੇ ਦਫਨਾ ਕੇ ਵੀ ਮਿੱਟੀ ਵਿੱਚ ਮਿੱਟੀ ਹੁੰਦਾ ਹੈ। ਫਿਰ ਅੱਜ ਦੇ ਵਿਸ਼ਵੀਕਰਨ ਸਮਾਜ ਵਿੱਚ ਅੰਧ ਵਿਸ਼ਵਾਸ ਕਿਉਂ ਹਨ। ਮਨੁੱਖ ਮਿੱਟੀ ਵਿੱਚੋਂ ਹੀ ਪੈਦਾ ਹੁੰਦਾ ਹੈ ਅੰਤ ਮਿੱਟੀ ਵਿੱਚ ਹੀ ਮਿਲਦਾ ਹੈ। ਫਿਰ ਇਹ ਵੱਖਰੇ ਵਿਚਾਰ ਕਿਉਂ ਹਨ ਤੇ ਆਸਾ ਦੀ ਵਾਰ ਸਮਾਜਿਕ ਨੂੰ ਇਹਨਾਂ ਕਿਰਿਆਵਾਂ ਤੋ ਉੱਪਰ ਉੱਠ ਕੇ ਮਾਨਵ ਨੂੰ ਏਕਤਾ ਵਿੱਚ ਜਿਊਣ ਦਾ ਸੰਦੇਸ਼ ਦਿੰਦਾ ਹੈ। ਨਾਨਕ ਬਾਣੀ ਅਨੁਸਾਰ ਜੋ ਸਰੀਰ ਆਪਣੀ ਰੂਹ ਤੋਂ ਹੀ ਵੱਖਰਾ ਹੋ ਗਿਆ ਹੈ। ਉਹ ਮਿੱਟੀ ਬਣ ਗਿਆ ਇਸ ਲਈ ਇਹ ਅੰਧ ਵਿਸ਼ਵਾਸ ਕਿਰਿਆਵਾਂ, ਵਿਖਾਵੇ ਜੋ ਵਿਸ਼ਵ ਵਿੱਚ ਅੱਜ ਵੀ ਪ੍ਰਚਲਿਤ ਹਨ ਉਹ ਕੋਈ ਮਾਇਨੇ ਨਹੀਂ ਰੱਖਦੇ ਚਾਹੇ ਮਨੁੱਖ ਮੁਸਲਮਾਨ ਹੋਵੇ ਜਾਂ ਹਿੰਦੂ ਸਿਰਫ਼ ਉਸ ਦੇ ਅਸਲੀ ਕਰਮ ਉਸ ਦੀ ਕਿਸਮਤ ਦੇ ਫੈਸਲੇ ਤੇ ਨਿਰਭਰ ਹੁੰਦੇ ਹਨ ਇਹ ਮਾਰਯਾਦਾ ਮਨੁੱਖ ਨੇ ਆਪ ਘੜੀਆਂ ਹੋਈਆਂ ਨੇ ਪਰ ਪਰਮਾਤਮਾ ਸਾਹਮਣੇ ਇਹ ਸਭ ਵਿਅਰਥ ਹਨ। ਕਿਉਂਕਿ ਮਾਨਵ ਪਰਮਾਤਮਾ ਹੀ ਅਹਿਮ ਹੈ। ਜਿਸ ਨੇ ਜਗਤ ਨੂੰ ਰਚਿਆ ਹੈ ਮਨੁੱਖ ਚਾਹੇ ਕਿੰਨੇ ਵੀ ਕਰਮ ਕਾਂਡ ਕਰੇ ਪਰ ਪਰਮਾਤਮਾ ਦੇ ਨਾਂ ਤੋ ਬਿਨਾਂ ਜਿਉਂਦਾ ਮਨੁੱਖ ਵੀ ਮਰਿਆਂ ਵਾਂਗ ਹੁੰਦਾ ਹੈ। ਮਨੁੱਖੀ ਜੀਵਨ ਵਿੱਚ ਜਿੱਥੇ ਜਨਮ ਅਹਿਮ ਖੁਸ਼ੀ ਹੈ ਉੱਥੇ ਮੌਤ ਉਸ ਦੀ ਜਿੰਦਗੀ ਵਿੱਚ ਅਟੱਲ ਸੱਚਾਈ ਹੈ। ਜੋ ਹਮੇਸ਼ਾ ਸਾਏ ਵਾਂਗ ਕਦੇ ਵੀ ਕਿਸੇ ਨੂੰ ਵੀ ਆਪਣੇ ਲਪੇਟੇ ਵਿੱਚ ਲੈ ਸਕਦੀ ਹੈ। ਫਿਰ ਵੀ ਮਨੁੱਖ ਕਿਉ ਵਿਸ਼ਵ ਵਿੱਚ ਰਹਿ ਕੇ ਇੱਕ ਦੂਜੇ ਤੋਂ ਆਪਣਾ ਵਿਸ਼ਵਾਸ ਖੋਹ ਰਿਹਾ ਸੁਆਰਥੀ ਬਣ ਰਿਹਾ ਹੈ। ਇੱਥੇ ਆਸਾ ਦੀ ਵਾਰ ਮਨੁੱਖ ਨੂੰ ਧਾਰਮਿਕ ਕਰਮਾਂ ਕਾਂਡਾ ਤੋਂ ਉੱਪਰ ਉੱਠ ਕੇ ਪਰਮਾਤਮਾ ਦੇ ਨਾਮ ਤੇ ਏਕਤਾ ਦਾ ਗਿਆਨ ਦਿੰਦਾ ਹੋਇਆ ਪਿਆਰ ਤੇ ਸਕੂਨ ਦਾ ਸੰਦੇਸ਼ ਵੀ ਪੇਸ਼ ਕੀਤਾ ਹੈ। ਜਿਸ ਨਾਲ ਵਿਸ਼ਵ ਇੱਕ ਖੁਸ਼ਹਾਲ ਅਤੇ ਸੋਹਣਾ ਸਮਾਜ ਹੋਵੇਗਾ। ਰਹੁ ਰੀਤਾਂ ਜੋ ਮੁਰਦੇ ਨੂੰ ਵੀ ਬੰਦੀ ਬਣਾਉਂਦੀਆਂ ਹਨ ਉਹਨਾਂ ਦਾ ਵੀ ਖਾਤਮਾ ਹੋਵੇਗਾ ਮਾਨਵ ਨੂੰ ਪਰਮਾਤਮਾ ਦੇ ਲੜ ਲੱਗਣ ਦਾ ਮਾਰਗ ਮਿਲੇਗਾ ਤੇ ਮੌਤ ਦੇ ਰਸਮਾਂ ਰਿਵਾਜ ਖਤਮਾ ਹੋਵੇਗਾ।

**ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭ ਸੰਸਾਰੁ॥**

**ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥**

**ਕੂੜੁ ਕਾਇਆ ਕੂੜੁ ਰੁਪਾ ਕੂੜਾ ਪੈਨ੍ਹਣਹਾਰ॥**

**ਕੂੜਾ ਕਾਇਆ ਕੂੜ ਕਪੜੁ ਕੂੜੁ ਰੂਪੁ ਅਪਾਰੁ॥**[4]

ਅੱਜ ਸਾਰਾ ਵਿਸ਼ਵ ਵਪਾਰ ਦੇ ਨਾਂ ਉੱਪਰ ਛਲ ਦਾ ਤਮਾਸ਼ਾ ਬਣ ਰਿਹਾ ਹੈ। ਸਮਾਜ ਪੂਰੀ ਤਰ੍ਹਾਂ ਪੂੰਜੀਵਾਦੀ ਹੋ ਗਿਆ। ਵਿਸ਼ਵ ਦੇ ਵੱਖ-ਵੱਖ ਦੇਸ਼ ਆਪਣੇ ਸਵਾਰਥਾਂ ਲਈ ਆਪਣੇ ਆਦਰਸ਼ਾਂ ਤੋਂ ਟੁੱਟ ਚੁੱਕੇ ਹਨ ਜਿਸ ਨਾਲ ਸਮਾਜ ਵੀ ਕੁਰਾਹੇ ਪੈ ਗਿਆ ਹੈ। ਹੁਣ ਸਮਾਜ ਵਿੱਚ ਰਿਸ਼ਤੇਦਾਰੀਆਂ ਵੀ ਵਿਖਾਵਾ ਹੋ ਗਈਆ ਹਨ ਤੇ ਸਵਾਰਥ

ਵੱਲ ਚੱਲ ਪਈਆ। ਅੱਜ ਸਮਾਜ ਵਿੱਚ ਰਿਸਤੇ ਮੋਹ ਦੀ ਜਗ੍ਹਾਂ ਨਫ਼ਰਤ ਦਾ ਰੂਪ ਧਾਰਨ ਕਰ ਲੱਗ ਪਏ ਜੋ ਦੁਸਮਣੀ ਦੀ ਉਪਜ ਦੇ ਬੀਜ ਬੀਜਦਾ ਰਿਹਾ ਹੈ। ਜਿਸ ਨਾਲ ਮਨੁੱਖ ਆਪਣੇ ਸਵਾਰਥਾਂ ਲਈ ਛਲ ਵਿੱਚ ਭਟਕ ਰਿਹਾ ਹੈ। ਇਸੇ ਕਰਕੇ ਸਮਾਜ ਮਾੜੀਆ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ। ਮਨੁੱਖ ਪਰਮਾਤਮਾ ਤੇ ਏਕਤਾ ਦੀ ਜਗ੍ਹਾ ਪੂੰਜੀਵਾਦੀ ਦਿਖਾਵੇ ਵੱਲ ਭੱਜ ਰਿਹਾ ਤੇ ਪੂੰਜੀਵਾਦੀ ਸਭ ਤੋ ਵੱਡਾ ਭਰਮ ਹੈ। ਮਨੁੱਖ ਆਪਣੀ ਝੂਠੀ ਸੁਹਰਤ ਸੰਦਰਤਾ ਤੇ ਕੱਪੜੀਆ ਨਾਲ ਸਮਾਜ ਵਿੱਚ ਦਿਖਾਵਾ ਕਰਦਾ ਹੈ। ਪਰ ਆਸਾ ਦੀ ਵਾਰ ਵਿੱਚ ਸਮਾਜ ਦੇ ਇਸ ਛਲ ਭਰਮ ਬਾਰੇ ਮਾਨਵ ਨੂੰ ਅਸਲੀ ਮਾਰਗ ਦੇ ਰਾਹ ਦਾ ਪ੍ਰਕਾਸ਼ਮਾਨ ਕਰਵਾਇਆ ਹੈ। ਇਹ ਰਾਜ ਸਰਕਾਰਾਂ, ਜਾਤ ਪਾਤ, ਸਭ ਝੂਠ ਹੈ ਤੇ ਇਹ ਸਭ ਪਰਮਾਤਮਾ ਨੇ ਹੀ ਰਚੇ ਹੋਏ ਹਨ ਤੇ ਪਰਮਾਤਮਾ ਅਧੀਨ ਹੀ ਸਭ ਹੈ ਸਮਾਜ ਪਰਮਾਤਮਾ ਨੂੰ ਫਿਰ ਕਿਉਂ ਭੁਲਦਾ ਜਾ ਰਿਹਾ ਤੇ ਇਸ ਬਾਣੀ ਵਿੱਚ ਸਮਾਜ ਨੂੰ ਪਰਮਾਤਮਾ ਦੀ ਰਚਨਾ ਉਸ ਦੀ ਸ਼ਕਤੀ ਅਗਮ ਅਪਾਰ ਬਾਰੇ ਲੋਕਾਂ ਨੂੰ ਚੇਤੰਨ ਕੀਤਾ। ਸਮਾਜ ਨੂੰ ਸਵਾਰਥਾਂ ਦੀ ਜਗ੍ਹਾਂ ਏਕਤਾ ਵਿੱਚ ਰਹਿਣ ਲਈ ਮਾਰਗ ਮਿਲਦਾ ਹੈ ਛਲ ਦੀ ਜਗ੍ਹਾ ਹੱਕ ਹਲਾਲ ਦਾ ਵੱਡਾ ਸੁਨੇਹਾ ਵੀ ਇਸ ਬਾਣੀ ਰਾਹੀ ਮਾਨਵ ਨੂੰ ਮਿਲਦਾ ਹੈ ਤੇ ਰਿਸ਼ਤਿਆਂ ਵਿੱਚ ਸੰਤੁਲਨ ਕਾਇਮ ਕਰਨ ਦੀ ਪ੍ਰੇਰਨਾ ਮਿਲਦੀ ਹੈ। ਜਿਸ ਵਿੱਚ ਸਵਾਰਥਾਂ ਦੀ ਜਗ੍ਹਾਂ ਪਿਆਰ ਤੇ ਇੱਜ਼ਤ ਮਨੁੱਖ ਨੂੰ ਏਕਤਾ ਦੇ ਰਾਹ ਤੇ ਲੈ ਕੇ ਜਾਵੇਗਾ।

**ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ॥**

**ਕੂੜਿ ਕੂੜੇ ਨੇਹ ਲਗਾ ਵਿਸਰਿਆ ਕਰਤਾਰੁ॥**

**ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਦਲਵਹਾਰੁ॥**[5]

ਇਸ ਵਿਸ਼ਵੀਕਰਨ ਸਮਾਜ ਵਿੱਚ ਸਭ ਤੋ ਅਹਿਮ ਮੰਨੇ ਜਾਂਦੇ ਪਤੀ-ਪਤਨੀ ਦੇ ਰਿਸਤੇ ਵੀ ਝੂਠੇ ਪੈ ਰਹੇ ਹਨ। ਜੋ ਕਿ ਇੱਕ ਦੁਜੇ ਨੂੰ ਹੌਸਲਾ ਤੇ ਹਿੰਮਤ ਦਿੰਦੇ ਹਨ ਤੇ ਸਾਰੀ ਉਮਰ ਸਾਥ ਨਿਭਾਉਣ ਦਾ ਵਾਅਦਾ ਹੁੰਦਾ। ਪਰ ਅੱਜ ਸਮਾਜ ਵਿੱਚ ਇਹ ਰਿਸ਼ਤਾ ਕਮਜੋਰ ਹੋ ਰਿਹਾ। ਜਿਸ ਦੇ ਕਾਰਨ ਵਿਸ਼ਵਾਸ ਦੀ ਨੀਂਹ ਵੀ ਖਤਮ ਹੁੰਦੀ ਜਾ ਰਹੀ ਹੈ। ਸਮਾਜ ਵਿੱਚ ਇਹਨਾਂ ਕਾਰਨਾ ਕਰਕੇ ਅੱਜ ਮਨੁੱਖ ਜਿੰਦਗੀ ਤੋ ਹਾਰ ਰਿਹਾ ਹੈ। ਆਸਾ ਦੀ ਵਾਰ ਸਮਾਜ ਦੇ ਇਸ ਅਹਿਮ ਰਿਸਤੇ ਨੂੰ ਸੱਚ ਨਾਲ ਜਾਣੂ ਕਰਵਾਉਦੀ ਹੈ ਕਿ ਮਨੁੱਖ ਨੂੰ ਸਮਾਜਿਕ ਕਿਰਿਆਵਾਂ ਤੋਂ ਬਾਹਰ ਆਪਣੇ ਰਿਸ਼ਤੇ ਨੂੰ ਯਾਦ ਰੱਖੇ ਤੇ ਇੱਜ਼ਤ ਮਾਨ ਪਿਆਰ ਦੇਵੇ ਅਤੇ ਵਿਸ਼ਵਾਸ ਦੀ ਕੜੀ ਮਜ਼ਬੂਤ ਕਰੇ। ਜਿਸ ਨੂੰ ਮਨੁੱਖ ਭੁੱਲ ਬੈਠਾ। ਬਾਣੀ ਅਨੁਸਾਰ ਵਿਸ਼ਵ ਤਾਂ ਨਾਸਵੰਤ ਹੈ ਉਸ ਨੂੰ ਛਲ ਦੀ ਜਗ੍ਹਾਂ ਪਰਮਾਤਮਾ ਵੱਲੋਂ ਬਣਾਏ ਇਸ ਰਿਸ਼ਤੇ ਦੀ ਕਦਰ। ਕਿਉਂ ਕਿ ਇਹੀ ਰਿਸ਼ਤਾ ਸਮਾਜ ਦੀ ਅਹਿਮ ਕੜੀ ਹੈ ਜੋ ਸਮਾਜ ਦੇ ਹਰ ਬਦਲਾਵ ਵਿੱਚ ਬਰਾਬਰ ਦਾ ਹਿੱਸਾ ਪਾਉਂਦਾ ਤੇ ਸਮਾਜ ਵਿੱਚ ਜਿਉਂਦਾ।

**ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ॥**

**ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ॥** [6]

ਇਹ ਵਿਸ਼ਵ ਇੱਕ ਭੁਲੇਖਾ ਹੈ ਜੋ ਮਾਨਵ ਅਤੇ ਸਮਾਜ ਲਈ ਝੂਠ ਬਣ ਕੇ ਰਹਿ ਗਿਆ ਹੈ ਅੱਜ ਸਮਾਜਿਕ ਸਥਿਤੀਆਂ ਸੁਆਰਥਾਂ ਵਿੱਚ ਬਦਲ ਗਈਆਂ ਹਨ। ਅੱਜ ਅਪਣੱਤ ਦੇ ਰਿਸ਼ਤੇ ਮਨੁੱਖੀ ਮਨ ਅੰਦਰੋਂ ਖਤਮ ਹੋ ਗਏ ਤੇ ਬਣਾਵਟੀ ਰਿਸ਼ਤੇ ਜ਼ਿਆਦਾ ਹੋ ਗਏ ਹਨ। ਸਮਾਜਿਕ ਰਿਸ਼ਤੇ ਦਿਖਾਵਾ ਬਣ ਕੇ ਅਸਲੀਅਤ ਤੋ ਕੋਹਾਂ ਦੂਰ ਹੋ ਗਏ ਤੇ ਰਿਸ਼ਤਿਆ ਵਿੱਚ ਮਾਇਆ ਮੋਹ ਵਧੇਰੇ ਹੋ ਗਿਆ ਹੈ। ਆਸਾ ਦੀ ਵਾਰ ਵਿੱਚ ਵਿਸ਼ਵ ਦੇ ਇਸ ਭਰਮ ਬਾਰੇ ਮਾਨਵ ਨੂੰ ਜਾਣੂ ਕਰਵਾਇਆ ਹੈ। ਕਿਉਂ ਕਿ ਸੰਸਾਰ ਸਹਿਦ ਵਾਂਗ ਵੇਖਣ ਨੂੰ ਤੇ ਮਿੱਠਾ ਲੱਗਦਾ ਪਰ ਅੰਦਰੋਂ ਛਲ ਕਾਰਨ ਕੌੜਾ ਹੈ ਭਾਵ ਜੋ ਮਿੱਠੇ ਬੋਲ ਬੋਲੇ ਜਾਂਦੇ ਹਨ ਉਹ ਮਾਇਆ ਤੇ ਆਪਣੇ ਦੇ ਲਈ ਬੋਲੇ ਜਾਂਦੇ ਹਨ ਨਾ ਕਿ ਇੱਕ ਦੂਜੇ ਲਈ ਤੇ ਅਜੋਕੇ ਵਿਸ਼ਵ ਦੇ ਸਮਾਜ ਵਿੱਚ ਇਹ ਝੂਠ, ਛਲ, ਚਾਪਲੂਸੀ ਆਮ ਵੇਖਣ ਨੂੰ ਆਮ ਮਿਲਦੀ ਹੈ। ਆਸਾ ਦੀ ਵਾਰ ਅਨੁਸਾਰ ਇਹ ਕੁਝ ਕੁ ਸਮੇਂ ਦਾ ਦਿਖਾਵਾ ਤੇ ਇਹ ਚਾਪਲੂਸੀ ਹੀ ਮਨੁੱਖ ਵਿੱਚ ਹਉਮੇਂ ਜਗਾਉਂਦੀ ਹੈ ਜੋ ਮਨੁੱਖ ਨੂੰ ਸਮਾਜ ਤੋਂ ਦੂਰ ਕਰ ਦਿੰਦੀ ਹੈ। ਜਦਕਿ ਸਮਾਜ ਮਨੁੱਖ ਦਾ ਆਧਾਰ ਹੈ। ਇਸ ਲਈ ਮਨੁੱਖ ਨੂੰ ਇਹ ਝੂਠ ਤੋਂ ਬਾਹਰ ਸਮਾਜ ਦੀ ਸੱਚਾਈ ਵਿੱਚ ਵਿਚਰਨਾ ਚਾਹੀਦਾ ਤੇ ਦੂਜਿਆਂ ਨਾਲ ਸੱਚੀ ਹਮਦਰਦੀ ਕਰਨੀ ਚਾਹੀਦੀ ਹੈ ਜੋ ਸਮਾਜ ਨੂੰ ਖੁਸ਼ਹਾਲੀ ਦੇ ਰਸ਼ਤੇ ਤੇ ਪਾਵੇਗੀ।

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥**

**ਇਹ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥** [7]

ਇਸ ਵਿਸ਼ਵੀਕਰਨ ਯੁੱਗ ਵਿੱਚ ਧਾਰਮਿਕ ਆਗੂ ਮਾਇਆ ਛਲ ਕਪਟ ਵਿੱਚ ਪੂਰੀ ਤਰ੍ਹਾਂ ਸਮੋ ਗਏ ਹਨ। ਧਰਮ ਦੇ ਅਸਲੀ ਮਾਰਗ ਨੂੰ ਇਹਨਾਂ ਧਾਰਮਿਕ ਆਗੂਆਂ ਨੇ ਆਪਣੇ ਸਵਾਰਥਾਂ ਵਿੱਚ ਬਦਲ ਲਿਆ ਹੈ। ਅੱਜ ਇਹ ਧਾਰਮਿਕ ਸੰਸਥਾ ਵਿੱਚ ਕੋਝੀਆ ਸਿਆਸਤਾਂ ਹੋ ਰਹੀਆਂ ਹਨ। ਸਮਾਜ ਨੂੰ ਇੱਕ ਕਰਨ ਦੀ ਵਜ੍ਹਾ ਇਹ ਅਖੌਤੀ ਆਗੂ ਲੋਕਾਂ ਨੂੰ ਵਾਧੂ ਦੇ ਰੀਤੀ ਰਿਵਾਜ ਅਡੰਬਰਾਂ ਰਾਹੀ ਗੁੰਮਰਾਹ ਕਰ ਰਹੇ ਹਨ। ਸਮਾਜ ਵਿੱਚ ਰਹਿੰਦੇ ਲੋਕ ਵੀ ਇਹਨਾਂ ਅਖੌਤੀ ਆਗੂਆਂ ਦੇ ਜਾਲ ਵਿੱਚ ਫਸ ਰਹੇ ਹਨ ਤੇ ਪਰਮਾਤਮਾ ਨੂੰ ਭੁੱਲ ਸਿਰਫ਼ ਇਹ ਵਿਖਾਵੇ ਰਿਵਾਜ ਰੀਤਾ ਅਡੰਬਰਾਂ ਨੂੰ ਹੀ ਪਰਮਾਤਮਾ ਦਾ ਮਾਰਗ ਮੰਨੀ ਜਾ ਰਹੇ ਹਨ। ਜਦ ਕਿ ਇਹ ਨਿਰਾ ਝੂਠ ਤੇ ਕਮਾਈ ਦਾ ਸਾਧਨ ਹਨ। ਆਸਾ ਦੀ ਵਾਰ ਏਥੇ ਇਹਨਾਂ ਅਡੰਬਰਾਂ ਤੋਂ ਸਮਾਜਿਕ ਚੇਤਨਾ ਦਾ ਉਦੇਸ਼ ਪੇਸ਼ ਕਰਦੀ ਹੈ। ਬ੍ਰਹਮਣਵਾਦ ਜਨੇਉ ਰਸਮ ਮਨੁੱਖ ਨੂੰ ਪਰਮਾਤਮਾ ਦੇ ਲੜ ਲਾਉਣਾ ਦਾ ਢੋਂਗ ਕਰਦੀ ਹੈ ਕਿ ਇਹ ਪਰਮਾਤਮਾ ਨਾਲ ਮਨੁੱਖ ਮਰਨ ਤੱਕ ਜੋੜ ਕੇ ਰੱਖੇਗਾ ਪਰ ਇਹ ਤਾਂ ਇੱਕ ਸਧਾਰਨ ਧਾਗਾ ਜੋ ਸਮਾਜ ਨੂੰ ਵੱਖ ਵੱਖ ਵਰਗਾ ਵਿੱਚ ਵੰਡ ਰਿਹਾ ਨਾ ਕਿ ਸਮਾਜਿਕ ਚੇਤਨਾ ਦੇ ਰਿਹਾ ਹੈ। ਕਿਉਂਕਿ ਇਹ ਚਿੱਟੇ ਰੰਗ ਦਾ ਜਨੇਊ ਪਾਉਣ ਨਾਲ ਮਨੁੱਖ ਆਪਣੀ ਕੁੱਲ ਉੱਚੀ ਸਮਝਣ ਲੱਗਦਾ ਹੈ। ਮਾਨਵ ਵਿੱਚ ਹੰਕਾਰ ਆ ਜਾਂਦਾ ਹੈ ਬਾਣੀ ਅਨੁਸਾਰ ਫਿਰ ਇਹ ਜਨੇਊ ਕਿਸ ਕੰਮ ਦਾ ਜੋ ਮਨੁੱਖ ਨੂੰ ਹੰਕਾਰ ਵਿੱਚ ਪਾ ਦਿੰਦਾ ਹੈ। ਗੁਰੂ ਜੀ ਅਨੁਸਾਰ ਇਹ ਜਨੇਊ ਤਾਂ ਸੂਤ ਹੈ ਜੋ ਵਿਖਾਵਾ ਇੱਕ ਢੋਂਗ

ਹੈ ਅਸਲੀ ਜਨੇਊ ਦਾ ਧਾਗਾ ਤੇ ਮਨੁੱਖ ਅੰਦਰ ਹੋਣ ਚਾਹੀਦਾ ਹੈ। ਜੋ ਦਇਆ, ਸੰਤੋਖ ਨਾਲ ਮਿਲਕੇ ਮਨ ਦੀ ਪਵਿੱਤਰਤਾ ਬਣਾਕੇ ਰੱਖੇ ਮਨੁੱਖ ਦੇ ਆਚਾਰਨ ਨੂੰ ਗੁਣਵਾਨ ਬਣਾਉਣ ਲਈ ਇਹ ਮਨੁੱਖੀ ਮਨ ਅੰਦਰ ਹੀ ਹਾਜ਼ਰ ਹੋਵੇ। ਜੋ ਨਾ ਟੁੱਟੇ ਨਾ ਮੈਲਾ ਹੋਵੇ। ਇਸ ਬਾਣੀ ਦੀਆ ਸਤਰ੍ਹਾਂ ਅਨੁਸਾਰ ਉਹ ਮਨੁੱਖ ਭਾਗਾ ਵਾਲਾ ਹੋਵੇਗਾ ਜਿਸ ਕੋਲ ਇਹ ਸਬਰ ਸੰਤੋਖ ਦਾ ਜਨੇਊ ਮੌਜੂਦ ਹੋਵੇਗਾ ਤੇ ਦੁਨਿਆਵੀ ਦਿਖਾਵੇ ਤੋਂ ਦੂਰ ਸੰਤੋਖ ਜਿੰਦਗੀ ਜਿਉਂਦਾ ਹੈ।

**ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ॥**

**ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ॥**[8]

ਆਸਾ ਦੀ ਵਾਰ ਵਿੱਚ ਇਹਨਾਂ ਸਤਰਾਂ ਰਾਹੀ ਸਮਾਜ ਨੂੰ ਕਰਮਕਾਂਡਾ ਤੇ ਝੂਠੀਆਂ ਸੋਸ਼ੇਬਾਜੀਆਂ ਬਾਰੇ ਜਾਣੂ ਕਰਵਾਇਆ ਹੈ। ਇਸ ਵਿਸ਼ਵੀਕਰਨ ਯੁੱਗ ਵਿੱਚ ਬਾਣੀ ਅਧਿਆਤਮਿਕ ਨੂੰ ਹੀ ਮੁੱਖ ਨਹੀਂ ਰੱਖਦੀ ਸਗੋਂ ਸਮਾਜਿਕ ਚੇਤੰਨਤਾ ਨੂੰ ਵੀ ਹਾਜ਼ਰ ਕਰਦੀ ਹੈ। ਧਰਮ ਦੇ ਨਾਂ ਉਪਰ ਸਮਾਜ ਨੂੰ ਝੂਠੇ ਪੈਰੋਕਾਰ ਲੁੱਟ ਰਹੇ ਹਨ ਲੋਕ ਉਚ ਨੀਚ, ਜਾਤ ਪਾਤ ਜਿਹੇ ਦੰਗਲਾ ਵਿੱਚ ਫਸਦੇ ਜਾ ਰਹੇ ਹਨ। ਪਰਮਾਤਮਾ ਦੇ ਨਾਂ ਤੇ ਵੀ ਸਮਾਜ ਵਿੱਚ ਵੰਡੀਆ ਪੈ ਰਹੀਆਂ ਹਨ। ਆਦਰ ਮਾਨ ਸਤਿਕਾਰ ਵਿਖਾਵਾ ਬਣ ਕੇ ਰਹਿ ਗਿਆ ਹੈ। ਇਸ ਬਾਣੀ ਅਨੁਸਾਰ ਸਾਰੇ ਕਰਮ ਕਾਂਡ ਨੂੰ ਰੱਦ ਕੀਤਾ ਹੈ ਜੋ ਸਮਾਜ ਵਿੱਚ ਜੋ ਫੁੱਟ ਪਾਉਂਦਾ ਉਹ ਕੋਈ ਧਰਮ ਨਹੀਂ ਸਗੋਂ ਸਮਾਜ ਵਿੱਚ ਰਹਿੰਦੇ ਕੁਝ ਅਖੌਤੀ ਇਨਸਾਨਾਂ ਦੀਆਂ ਸੋਚੀਆਂ ਸਮਝੀਆਂ ਚਾਲਾਂ ਹਨ ਜਿਸ ਨਾਲ ਆਮ ਲੋਕਾਂ ਨੂੰ ਭੜਕਾਇਆ ਜਾਂਦਾ ਦਹਿਸਤ ਦਾ ਮਾਹੌਲ ਸਾਜਿਆਂ ਜਾਂਦਾ ਤੇ ਹਜ਼ਾਰਾਂ ਲੋਕ ਇਸ ਦੀ ਬਲੀ ਚੜ੍ਹਦੇ ਹਨ। ਜਦ ਆਮ ਇਨਸਾਨ ਇਹ ਅਖੋਤੀ ਆਗੂਆਂ ਦੀਆਂ ਚਾਲਾਂ ਤੋਂ ਜਾਗਰੂਕ ਹੋ ਜਾਵੇਗਾ ਤਾਂ ਸਮਾਜ ਵਿੱਚ ਏਕਤਾ ਵਧੇਗੀ ਤੇ ਪਰਮਾਤਮਾ ਦੀ ਰਜਾ ਵਿੱਚ ਏਕਤਾ ਤੇ ਖੁਸ਼ਹਾਲੀ ਆਵੇਗੀ ਇਸ ਨਾਲ ਸ਼ੋਸੇਬਾਜੀਆਂ, ਅਵਤਾਰਵਾਦ ਦਾ ਖੰਡਨ ਹੋਵੇਗਾ।

**ਗਊ ਬਿਰਾਹਮਣ ਕਉ ਕਰੁ ਲਾਵਹ, ਗੋਬਰਿ ਤਰਣੁ ਜਾਈ॥**

**ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ॥**

**ਅੰਤਿਰ ਪੂਜਾ ਪੜਹਿ ਕਤੇਬਾ ਸੰਜਮੁ ਤੁਰਕ ਭਾਈ॥**[9]

ਅਜੋਕੇ ਦੌਰ ਦੇ ਸੰਦਰਭ ਰਾਹੀ ਆਸਾ ਦੀ ਵਾਰ ਵਿੱਚ ਧਰਮ ਦੇ ਵਿੱਚ ਵਿਖਾਵੇ ਨਕਲੀਪਨ ਜੋ ਸਦੀਆਂ ਤੋਂ ਚੱਲਿਆ ਆ ਰਿਹਾ ਹੈ ਕਿ ਜਿੱਥੇ-ਜਿੱਥੇ ਧਰਮ ਨੇ ਪੈਰ ਪਸਾਰੇ ਹਨ ਉੱਥੇ-ਉੱਥੇ ਆਡੰਬਰ ਵੀ ਨਾਲ -ਨਾਲ ਚੱਲੇ ਹਨ ਅਤੇ ਇਹਨਾਂ ਆਡੰਬਰਾਂ ਨੇ ਹੀ ਸਮਾਜਿਕ ਕੁਰੀਤੀਆ ਦਾ ਰੂਪ ਧਾਰਨ ਕੀਤਾ ਹੈ। ਕਿਸੇ ਵੀ ਸਮਾਜ ਨੂੰ ਬਦਲਣ ਲਈ ਉਸ ਸਮਾਜ ਦੇ ਲੋਕਾ ਦੀ ਚੇਤਨਾ ਨੂੰ ਬਦਲਣਾ ਜਰੂਰੀ ਹੈ ਅਤੇ ਆਸਾ ਦੀ ਵਾਰ ਵਿੱਚ ਇਹ ਸਾਰੇ ਤੱਤ ਮੌਜੂਦ ਹਨ ਜੋ ਸਮਾਜ ਵਿੱਚ ਫੈਲਿਆ ਕੁਰੀਤੀਆਂ ਤੋਂ ਸਾਨੂੰ ਚੇਤਨ ਕਰਵਾ ਸਕਦੇ ਹਨ ਹਾਲਾ ਕਿ ਇਹ ਬਾਣੀ ਬਹੁਤ ਪੁਰਾਣੀ ਹੈ।

ਪਰ ਇਸ ਬਾਣੀ ਦੀ ਨਵੀਨਤਾ ਅਤੇ ਵਿਸਾਲਤਾ ਇਸ ਗੱਲ ਤੋਂ ਸਾਬਿਤ ਹੁੰਦੀ ਹੈ ਕਿ ਅਜੋਕੇ ਵਿਗਿਆਨਕ ਦੌਰ ਵਿੱਚ ਵੀ ਸਮਾਜ ਹਾਲੇ ਕੁਰੀਤੀਆਂ ਨਾਲ ਹੀ ਜਕੜਿਆ ਪਿਆ। ਜਦ ਕਿ ਆਸਾ ਦੀ ਵਾਰ ਵਿੱਚ ਪ੍ਰਸਤੁਤ ਸਮਾਜਿਕ ਚੇਤਨਾ ਏਕਤਾ ਦੇ ਵਿਸ਼ਵਾਸ ਉੱਪਰ ਸਾਲਾਂ ਤੋਂ ਹੀ ਉਸੇ ਤਰ੍ਹਾਂ ਕਾਇਮ ਹੈ ਤੇ ਇਸ ਬਾਣੀ ਨੇ ਨਕਲੀਪਨ ਦੇ ਦਿਖਾਵਿਆਂ ਪ੍ਰਤੀ ਸਮਾਜ ਨੂੰ ਨਵੀਨ ਮਾਰਗ ਪੇਸ਼ ਕੀਤਾ। ਜੋ ਅਨੇਕਤਾ ਤੇ ਸੱਟ ਮਾਰਦੀ ਹੋਈ ਏਕਤਾ ਦੇ ਮਹੱਤਵ ਨੂੰ ਦੁਨੀਆਂ ਸਾਹਮਣੇ ਪੇਸ਼ ਕਰਦੀ ਹੈ।

**ਮਾਣਸ ਖਾਣੇ ਕਰਹਿ ਨਿਵਾਜ॥**

**ਛੁਰੀ ਵਗਾਇਨਿ ਤਿਲ ਗਲਿ ਤਾਗ॥**

**ਤਿਨ ਘਰਿ ਬ੍ਰਮਹਣ ਪੂਰਹਿ ਨਾਦ॥** [10]

ਸਮਾਜ ਵਿੱਚ ਧਰਮ ਦੇ ਨਾਮ ਤੇ ਗਲਤ ਕੰਮ ਕੀਤੇ ਜਾਂਦੇ ਹਨ। ਦੂਜਿਆਂ ਦੇ ਹੱਕ ਮਾਰ ਦਿੱਤੇ ਜਾਂਦੇ ਹਨ ਜੋ ਸਮਾਜ ਵਿੱਚ ਸਭ ਤੋ ਵੱਡੀ ਬੁਰਾਈ ਹੈ। ਧਰਮ ਦੇ ਨਾਮ ਤੇ ਇਹਨਾਂ ਲੋਕਾਂ ਨੇ ਪਵਿੱਤਰ ਜਾਮੇ ਨੂੰ ਅਪਵਿੱਤਰਤਾ ਵਿੱਚ ਬਦਲ ਦਿੱਤਾ ਹੈ। ਆਪ ਤੇ ਇਹ ਅਖੌਤੀ ਕੱਟੜਤਾ ਕਾਰਨ ਝੂਠ ਬੋਲ ਬੋਲ ਦੂਜਿਆਂ ਦੇ ਹੱਕ ਖਾਂਦੇ ਹੀ ਹਨ ਪ੍ਰੰਤੂ ਸਮਾਜ ਵਿੱਚ ਰਹਿੰਦੇ ਆਮ ਲੋਕਾਂ ਲਈ ਘੋਰ ਪਾਪ ਕਹਿੰਦੇ ਹਨ। ਮਾਨਵ ਨੂੰ ਅਜਿਹਾ ਨਾ ਕਰਨ ਦਾ ਉਪਦੇਸ ਦਿੰਦੇ ਹਨ ਸਮਾਜ ਨੂੰ ਗੁੰਮਹਾਰ ਕਰ ਰਹੇ ਹਨ ਤੇ ਸਮਾਜ ਵੀ ਇਸ ਹਨੇਰੇ ਵਿੱਚ ਪੂਰੀ ਤਰ੍ਹਾ ਗਵਾਚਿਆ ਹੋਇਆ ਹੈ। ਹਰ ਕੋਈ ਆਪਣੇ ਸਵਾਰਥਾਂ ਸਵਾਦਾ ਲਈ ਹੱਕ ਸੱਚ ਨੂੰ ਝੰਜੋੜ ਕੇ ਦੀਨ ਈਮਾਨ ਦਾ ਵਿਖਾਵਾ ਕਰਦੇ ਹਨ। ਧਰਮ ਦੇ ਨਾਮ ਤੇ ਠੱਗਿਆ ਮਾਰ ਰਹੇ ਹਨ। ਜਦ ਕਿ ਮੁਸਲਮਾਨ ਦਰਮ ਅਨੁਸਾਰ ਇਹ ਪਰਾਇਆ ਹੱਕ ਖਾਣਾ ਸੂਰ ਖਾਣ ਦੇ ਬਰਾਬਰ ਤੇ ਹਿੰਦੂ ਲਈ ਗਾਂ ਦਾ ਮਾਸ ਖਾਣ ਸਮਾਨ ਹੈ ਪਰ ਇੱਥੇ ਸਭ ਝੂਠ ਦੀ ਕਮਾਈ ਕਰਨ ਵਿੱਚ ਰੁੱਝੇ ਹੋਏ ਹਨ ਤੇ ਇਨ੍ਹਾਂ ਧਾਰਮਿਕ ਉਦੇਸ਼ਾਂ ਤੇ ਕੋਈ ਅਮਲ ਨਹੀਂ ਕਰ ਰਿਹਾ। ਆਸਾ ਦੀ ਵਾਰ ਵਿੱਚ ਧਾਰਮਿਕ ਸਾਦਗੀ ਦੀ ਸਿਫਤ ਸਲਾਹ ਤੇ ਜ਼ੋਰ ਦਿੱਤਾ ਇਸ ਤੋਂ ਇਲਾਵਾ ਹਿੰਦੂ ਧਰਮ ਵਿੱਚ ਖੋਖਲੇ ਕਰਮਕਾਂਡ ਤੇ ਬ੍ਰਹਮਣਵਾਦ ਦੀ ਪ੍ਰਧਾਨਤਾ ਤੇ ਮੁਸਲਮਾਨਾਂ ਦੇ ਦਿਖਾਵੇ ਦਾ ਧਰਮ ਆਦਿ ਨੂੰ ਸਮਾਜ ਸਾਹਮਣੇ ਵਿਖਾਇਆ ਹੈ। ਗੁਰੂ ਜੀ ਨੇ ਸਮਾਜਿਕ ਚੇਤਨਾ ਲਈ ਮਾਨਵ ਨੂੰ ਸੱਚੇ ਧਰਮ ਆਚਾਰ ਦੇ ਸੰਕਲਪ ਦਿੱਤਾ ਜੋ ਵਿਸ਼ਵ ਵਿੱਚ ਰਹਿੰਦੇ ਮਾਨਵ ਨੂੰ ਇਕਾਗਰਤਾ ਤੇ ਭਾਵਨਾਤਮਕ ਅਧਾਰ ਸਥਾਪਿਤ ਕਰੇਗਾ।

**ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥**

**ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥**

**ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥**

**ਪੜੀਆਹਿ ਜੇਤੇ ਆਰਜਾ ਪੜੀਅਹਿ ਜੇਤੇ ਸਾਸ॥**

**ਪੜੀਐ ਜੇਤੀ ਆਰਜ ਪੜੀਅਹਿ ਜੇਤੇ ਸਾਸ॥**

**ਨਾਨਕ ਲੈਖੈ ਇਕ ਗਲ ਹੋਰ ਹਉਮੈ ਝਖਣਾ ਝਾਖ॥**[11]

ਅੱਜ ਦੇ ਵਿਸ਼ਵੀਕਰਨ ਯੁੱਗ ਵਿੱਚ ਬੇਸ਼ੱਕ ਸਮਾਜ ਨੇ ਹਰ ਪਾਸੇ ਤਰੱਕੀ ਕਰੀ ਹੈ। ਮਾਨਵ ਜਾਤੀ ਉਚੇਰੀ ਵਿੱਦਿਆ ਦਾ ਮਾਨ ਕਰ ਰਹੀ ਹੈ ਜੋ ਸਮੁੱਚੇ ਤੌਰ ਉੱਪਰ ਵਿਖਾਵਾ ਤੇ ਨਕਲੀਪਨ ਜਿਹਾ ਹੈ ਅੱਜ ਸਮਾਜ ਵਿੱਚ ਪੜ੍ਹਿਆ ਲਿਖਿਆ ਮਾਨਵ ਨੂੰ ਜਾਗਰੂਕ ਕਰਨ ਦੀ ਬਜਾਏ ਅਪਾਣੇ ਗਿਆਨਵਾਨ ਹੋਣ ਦੇ ਹੰਕਾਰ ਵਿੱਚ ਘੁੰਮ ਰਿਹਾ ਹੈ। ਦੂਜਿਆਂ ਨੂੰ ਗਿਆਨ ਦੇਣ ਜੀ ਬਜਾਏ ਉਸ ਗਿਆਨ ਨੂੰ ਅਪਣੇ ਸਵਾਰਥਾਂ ਲਈ ਹੀ ਵਰਤਦਾ ਹੈ। ਆਸਾ ਦੀ ਵਾਰ ਵਿੱਚ ਗਿਆਨ ਨੂੰ ਸਮਾਜਿਕ ਚੇਤੰਨਤਾ ਤੇ ਪ੍ਰਕਾਸ਼ਮਾਨ ਦਾ ਤੱਤ ਮੰਨਿਆ ਹੈ ਤੇ ਇਹ ਗਿਆਨ ਜੋ ਮਾਨਵ ਵੱਲੋ ਸਮਾਜ ਵਿੱਚ ਦੂਸਰਿਆਂ ਨੂੰ ਦੇਣ ਨਾਲ ਹੀ ਵੱਧਦਾ ਤੇ ਵਿੱਦਿਆ ਅਨੁਸਾਰ ਦੂਜਿਆ ਲਈ ਪਰਉਪਕਾਰੀ ਹੈ ਜਿਸ ਦਾ ਮੰਤਵ ਸਮਾਜ ਨੂੰ ਏਕਤਾ ਵਿੱਚ ਰੱਖਣਾ ਹੈ। ਹੰਕਾਰ ਹਉਮੇ ਕਰਮਕਾਂਡ ਦੀ ਵਿੱਦਿਆ ਵਿੱਚ ਕੋਈ ਜਗ੍ਹਾਂ ਨਹੀਂ ਹੈ। ਫਿਰ ਵੀ ਮਨੁੱਖ ਵਿੱਦਿਆ ਹਾਸਿਲ ਕਰਕੇ ਅਸਲੀ ਮਾਰਗ ਨੂੰ ਨਹੀਂ ਅਪਣਾਉਂਦਾ ਤੇ ਆਸਾ ਦੀ ਵਾਰ ਅਨੁਸਾਰ ਵਿਸ਼ਵੀਕਰਨ ਗਿਆਨ ਦੀ ਮਹੱਤਤਾ ਦਰਸਾਈ ਤੇ ਨਾਲ ਹੀ ਉਸ ਗਿਆਵਾਨ ਮਨੁੱਖ ਜੋ ਦੂਜਿਆ ਨੂੰ ਸੱਚ ਦੀ ਰੋਸਨੀ ਦੇਣ ਤੋ ਅਸਮੱਰਥ ਹੈ।ਉਹਨਾਂ ਨੂੰ ਗੁਰੂ ਨਾਨਕ ਜੀ ਮੂਰਖ ਦਾ ਦਰਜਾ ਦਿੰਦੇ ਹਨ।

**ਜੇਕਰ ਸੂਤਕੁ ਮੰਨੀਐ ਸਭ ਹੈ ਸੂਤਕੁ ਹੋਇ॥**

**ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ॥**[12]

ਵਿਸ਼ਵੀਕਰਨ ਵਿੱਚ ਰਹਿੰਦੇ ਅਗਿਆਨੀ ਮਾਨਵ ਦੀ ਮਾਨਸਿਕਤਾ ਚਿਤਰੀ ਹੈ ਤੇ ਇਸ ਬਾਣੀ ਵਿੱਚ ਇਹ ਉਦੇਸ ਮਿਲਦਾ ਹੈ। ਕਿ ਸੂਤਕ ਤੇ ਹਰ ਜਗ੍ਹਾਂ ਭਾਵ ਕਣ ਕਣ ਵਿੱਚ ਹੈ ਫਿਰ ਔਰਤ ਲਈ ਹੀ ਇਹ ਵਹਿਮ ਕਿਉਂਕਿ ਏਸ ਧਰਤੀ ਤੇ ਤਾਂ ਹਰ ਜੀਵ ਜਿੰਦ ਵਾਲਾ ਹੈ ਇੱਥੋਂ ਤੱਕ ਕੀ ਸੂਤਕ ਤਾਂ ਗੋਹੇ ਅਤੇ ਲਕੜੀ ਵਿੱਚ ਵੀ ਹੈ ਉਸ ਵਿੱਚ ਵੀ ਤੇ ਕੀੜੇ ਜੰਮਦੇ ਮਰਦੇ ਰਹਿੰਦੇ ਹਨ। ਫਿਰ ਕਿਉਂ ਸਮਾਜ ਇਸ ਵਹਿਮ ਨੂੰ ਨਹੀਂ ਛੱਡਦਾ ਜਦਕਿ ਅਸਲੀ ਸੂਤਕ ਤਾਂ ਉਹ ਹੈ ਜੋ ਪਰਮਾਤਮਾ ਦੇ ਉਲਟ ਲਾਲਚੀ ਹੋਵੇ ਮੰਦੀ ਨਜ਼ਰ ਅਦਿ ਔਗੁਣਾਂ ਵਾਲਾ ਭ੍ਰਿਸ਼ਟ ਮਾਨਵ ਹੀ ਅਸਲੀ ਸੂਤਕ ਹੈ। ਜੰਮਣਾ ਮਰਨਾ ਉਸ ਪਰਮਾਤਮਾ ਦੇ ਹੱਥ ਹੈ ਫਿਰ ਸਮਾਜ ਕਿਉਂ ਇਸ ਵਹਿਮ ਵਿੱਚ ਉਲਝਿਆਂ ਹੋਇਆ ਹੈ। ਮਾਨਵ ਵਿਕਾਰਾਂ ਅਥਵਾ ਸੂਤਕ ਭਰਮ ਨੂੰ ਛੱਡ ਕਿਉਂ ਨਹੀਂ ਦਿੰਦਾ। ਆਸਾ ਦੀ ਵਾਰ ਬਾਣੀ ਅਨੁਸਾਰ ਇਹ ਸਭ ਉਸ ਪਰਮਾਤਮਾ ਦੀ ਰਜਾ ਹੁਕਮ ਵਿੱਚ ਹੀ ਹੁੰਦਾ ਹੈ। ਅਸਲੀ ਸੂਤਕ ਤਾਂ ਸਮਾਜ ਨੂੰ ਨਿਗਲ ਰਿਹਾ ਲੋੜ ਹੈ ਉਸ ਸੂਤਕ ਤੋਂ ਚੇਤੰਨ ਹੋਣ ਦੀ ਜੋ ਵਹਿਮ ਮਾਨਵ ਨੂੰ ਕੋਝੇ ਕੰਮਾਂ ਵਿੱਚ ਪਾਉਂਦਾ ਤੇ ਬੁੱਧੀ ਭ੍ਰਿਸ਼ਟ ਕਰਦਾ। ਆਸਾ ਦੀ ਵਾਰ ਅਨੁਸਾਰ ਸੂਤਕ ਨਿਰਾ ਭਰਮ ਹੀ ਹੈ। ਜਿਸ ਦਿਨ ਇਨਸਾਨ ਨੂੰ ਇਹ ਗੱਲ ਸਮਝ ਆ ਗਈ, ਉਸ ਦਿਨ ਇਹ ਸੂਤਕ ਦਾ ਭਰਮ ਖਤਮ ਹੋ ਜਾਵੇਗਾ।

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਅਹੁ॥**

**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥**[13]

ਅੱਜ ਵਿਸ਼ਵੀਕਰਨ ਯੁੱਗ ਵਿੱਚ ਔਰਤ ਨੂੰ ਮਰਦ ਦੇ ਬਰਾਬਰ ਦੇ ਹੱਕ ਦੇਣ ਦੇ ਸਰਕਾਰਾਂ ਵੱਡੇ ਵੱਡੇ ਵਾਅਦੇ ਕਰ ਰਹੀਆਂ ਹਨ ਤੇ ਔਰਤ ਲਈ ਵੱਖ ਵੱਖ ਕਾਨੂੰਨ ਆਦਿ ਦੀ ਸਹੂਲਤ ਵੀ ਦੇ ਰਹੀਆਂ ਹਨ ਪਰ ਸਮਾਜ ਵਿੱਚ ਔਰਤ ਅੱਜ ਵੀ ਆਪਣੀ ਪਹਿਚਾਣ ਤੇ ਆਪਣੀ ਇੱਜਤ ਨੂੰ ਲੈ ਅਸੁਰੱਖਿਅਤ ਹੈ। ਅੱਜ ਸਮਾਜ ਨੂੰ ਔਰਤ ਦੇ ਹੱਕ ਪ੍ਰਤੀ ਚੇਤੰਨ ਹੋਣ ਦੀ ਜ਼ਰੂਰਤ ਹੈ ਉਸ ਦੇ ਮਹੱਤਵ ਨੂੰ ਸਮਝਣ ਦੀ ਲੋੜ ਹੈ ਤੇ ਆਸਾ ਦੀ ਵਾਰ ਵਿੱਚ ਗੁਰੂ ਜੀ ਨੇ ਔਰਤ ਦਾ ਮਾਣ ਸਤਿਕਾਰ ਤੇ ਉਸ ਦਾ ਹੱਕ ਦਰਜਾ ਬੜੇ ਸਹਿਜ ਢੰਗ ਨਾਲ ਦਰਸ਼ਾਇਆ ਤੇ ਔਰਤ ਨੂੰ ਮਹਾਨ ਜਨਨੀ ਦੱਸਿਆ। ਸਿਹਤਮੰਦ ਸਮਾਜ ਦੀ ਉਸਾਰੀ ਵਿੱਚ ਦੇ ਲਈ ਔਰਤ ਦੀ ਭੂਮਿਕਾ ਸਭ ਤੋਂ ਜ਼ਿਆਦਾ ਜ਼ਰੂਰੀ ਹੈ ਪਰ ਅਸੀ ਦੇਖਦੇ ਹਾਂ ਕਿ ਪਿਛਲੇ ਕੁਝ ਸਮਿਆਂ ਤੋਂ ਪੰਜਾਬ ਹਿੰਦੁਸਤਾਨ ਵਿੱਚ ਹੀ ਨਹੀਂ ਬਲਕਿ ਪੂਰੇ ਵਿਸ਼ਵ ਵਿੱਚ ਔਰਤ ਤੇ ਜੁਲਮ ਵਧਿਆ ਹੈ। ਔਰਤ ਅੱਜ ਘਰ ਵਿੱਚ ਵੀ ਸੁੱਰਖਿਅਤ ਨਹੀਂ ਹੈ । ਅੱਜ ਦੇ ਮੰਡੀਕਰਨ ਯੁੱਗ ਵਿੱਚ ਔਰਤ ਨੂੰ ਵਸਤੂ ਦੇ ਤੌਰ ਵਜੋਂ ਵਰਤਿਆ ਜਾਂਦਾ ਹੈ ਤੇ ਉਸ ਦੀਆਂ ਭਾਵਨਾਵਾਂ ਤੇ ਸੰਵੇਦਨਾਵਾਂ ਦਾ ਕੋਈ ਮੁੱਲ ਨਹੀਂ ਸਾਨੂੰ ਗੁਰੂਆਂ ਦੇ ਰਾਹ ਤੇ ਦੱਸ ਮਾਰਗ ਤੇ ਚਲ ਕੇ ਔਰਤ ਨੂੰ ਮਾਣ ਸਤਿਕਾਰ ਦੇਣਾ ਚਾਹੀਦਾ ਹੈ ਤੇ ਇੱਕ ਪੜੀ ਲਿਖੀ ਸਿਹਤਮੰਦ ਔਰਤ ਹੀ ਸਿਹਤਮੰਦ ਸਮਾਜ ਸਿਰਜ ਸਕਦੀ ਹੈ ਜੇ ਔਰਤ ਨੂੰ ਸਹੀ ਦਿਸ਼ਾ ਅਤੇ ਦਸ਼ਾ ਮਿਲੇ ਤਾਂ ਉਹ ਕਿਸੇ ਵੀ ਪੱਖੋਂ ਮਰਦ ਨਾਲੋ ਘੱਟ ਨਹੀਂ ਹੈ। ਅੱਜ ਭਰੂਣ ਹੱਤਿਆ ਵਰਗੀਆਂ ਲਾਹਨਤਾਂ ਨੂੰ ਗਲੇ ਤੋਂ ਲਾਹੁਣ ਲਈ ਵੀ ਔਰਤ ਨੂੰ ਹੀ ਅੱਗੇ ਅਉਣਾ ਹੈ ਤੇ ਔਰਤ ਦੀ ਇੱਜ਼ਤ ਆਪਣੇ ਹੱਕ ਦੀ ਪੁਕਾਰ ਕਰਦੀ ਹੈ। ਕਿਉਂ ਕਿ ਔਰਤ ਨੂੰ ਸ਼ੁਰੂ ਤੋਂ ਹੀ ਬੇਵੱਸ਼ ਤੇ ਲਾਚਾਰ ਬਣਾਇਆ ਗਿਆ ਹੈ ਤੇ ਇਹ ਨਾ ਇਨਸਾਫ਼ੀ ਦੀ ਰੀਤ ਸਦੀਆਂ ਤੋਂ ਹੀ ਮਰਦ ਪ੍ਰਧਾਨ ਸਮਾਜ ਵਿੱਚ ਚਲਦੀ ਆ ਰਹੀ ਹੈ। ਪਰ ਆਸਾ ਦੀ ਵਾਰ ਵਿੱਚ ਔਰਤ ਦੀ ਅਣਖ ਉਸ ਦੀ ਪਹਿਚਾਣ ਤੇ ਮਹਾਨਤਾ ਨੂੰ ਇਸ ਰਚਨਾ ਵਿੱਚ ਪੇਸ਼ ਕੀਤਾ ਤੇ ਔਰਤ ਨੂੰ ਜਾਗਰੂਕ ਕਰਨ ਲਈ ਹੱਕਾਂ ਲਈ ਡੱਟਣ ਦੀ ਪ੍ਰੇਰਨਾ ਮਿਲਦੀ ਹੈ।

## ਹਵਾਲੇ ਟਿੱਪਣੀਆਂ

1.ਪ੍ਰੋਫੈਸਰ ਸਾਹਿਬ ਸਿੰਘ, ਆਸਾ ਦੀ ਵਾਰ ਸਟੀਕ, ਪੰਨਾ 42

2.ਉਹੀ, ਪੰਨਾ 87

3.ਉਹੀ, ਪੰਨਾ 47

4.ਉਹੀ, ਪੰਨਾ 63

5.ਉਹੀ, ਪੰਨਾ 64

6.ਉਹੀ, ਪੰਨਾ 54

7.ਉਹੀ, ਪੰਨਾ 87

8.ਉਹੀ, ਪੰਨਾ 90

9.ਉਹੀ, ਪੰਨਾ 92

10.ਉਹੀ, ਪੰਨਾ 93

11.ਉਹੀ, ਪੰਨਾ 59

12.ਉਹੀ ਪੰਨਾ 99

13.ਉਹੀ ਪੰਨਾ 104

# ਅਧਿਆਇ : ਚੌਥਾ

# ਆਸਾ ਦੀ ਵਾਰ : ਸਦਾਚਾਰਕ ਚੇਤਨਾ

# ਅਧਿਆਇ : ਚੌਥਾ

## ਆਸਾ ਦੀ ਵਾਰ : ਸਦਾਚਾਰਕ ਚੇਤਨਾ

ਅੱਜ ਦੇ ਵਿਸ਼ਵੀਕਰਨ ਯੁੱਗ ਵਿੱਚ ਪ੍ਰਕਿਰਤੀ ਨਾਲ ਸੰਘਰਸ਼ ਕਰਦਾ ਹੋਇਆ ਮਾਨਵ ਵਿਗਿਆਨ ਦੀ ਸਿਖਰ ਤੇ ਪਹੁੰਚ ਗਿਆ ਹੈ ਪਰ ਨਾਲ ਮਾਨਵ ਆਪਣੀ ਹੋਂਦ ਦੇ ਸੱਚ ਤੋਂ ਹੀ ਕੋਹਾਂ ਦੂਰ ਹੁੰਦਾ ਜਾ ਰਿਹਾ ਹੈ। ਵਿਸ਼ਵੀਕਰਨ ਯੁੱਗ ਵਿੱਚ ਮਾਨਵ ਜਾਤੀ ਦੁਖੀ ਤੇ ਤਰਸਯੋਗ ਹੋ ਗਈ ਹੈ ਹਰ ਪਾਸੇ ਖਿੱਚੋਤਾਣ ਹਫੜਾ ਦਫੜੀ ਕਲੇਸ਼ ਅਦਿ ਦਾ ਬੋਲਬਾਲਾ ਹੋ ਗਿਆ ਹੈ। ਰਿਸ਼ਤੇ ਬਿਖਰ ਰਹੇ ਹਨ ਅਤੇ ਦੀਨ ਇਨਮਾਨ ਖਤਮ ਹੁੰਦਾ ਜਾ ਰਿਹਾ ਹੈ। ਮਾਨਵ ਪ੍ਰਮੇਸ਼ਵਰ ਨੂੰ ਭੁੱਲਦਾ ਜਾ ਰਿਹਾ ਹੈ ਅੱਜ ਹਰ ਮਨੁੱਖ ਚੰਗਾ ਕਹਾਉਣ ਨੂੰ ਬਾਹਰੋਂ ਵਿਖਾਵੇ ਕਰ ਰਿਹਾ ਹੈ ਪਰ ਅਮਲ ਮਾੜੇ ਹਨ ਅੱਜ ਮਨੁੱਖ ਅਸਲੀਅਤ ਤੋਂ ਭੱਜ ਰਿਹਾ ਹੈ। ਅਜੋਕੇ ਯੁੱਗ ਵਿਚ ਮਨੁੱਖ ਦਿਖਾਵੇ ਦੀ ਚਮਕ ਦਮਕ ਵਾਲੀ ਝੂਠੀ ਦੁਨੀਆਂ ਵੱਲ ਆਕਰਸ਼ਿਤ ਹੁੰਦਾ ਜਾ ਰਿਹਾ ਹੈ ਤੇ ਪਰਮਾਤਮਾ ਨੂੰ ਮਨੋਂ ਵਿਸਾਰਦਾ ਜਾ ਰਿਹਾ ਹੈ। ਇਨ੍ਹਾਂ ਅਡੰਬਰਾਂ, ਵਿਖਾਵਿਆਂ ਕਾਰਨ ਲੋਕ ਮਨਾਂ ਦੀ ਹਾਲਤ ਤਰਸਯੋਗ ਬਣਾਈ ਜਾ ਰਹੀ ਹੈ। ਜਿਸ ਨਾਲ ਸਦਾਚਾਰਤਾ ਖਤਮ ਹੁੰਦੀ ਜਾ ਰਹੀ ਹੈ। ਧਰਤੀ ਤੇ ਰਹਿੰਦਾ ਹਰ ਮਨੁੱਖ ਸੰਸਾਰ ਦੀਆਂ ਸਾਰੀਆਂ ਖੁਸੀਆਂ ਮਾਨਵ ਚਾਹੁੰਦਾ ਹੈ ਇਹ ਚਮਕ ਦਮਕ ਕੱਪੜੇ ਗਹਿਣੇ ਸ਼ਾਨੋ ਸ਼ੌਕਤ ਵਾਲਾ ਜੀਵਨ ਅਦਿ ਮਾਨਵ ਨੂੰ ਬਹੁਤ ਸੁਹਾਵਣਾ ਲੱਗਦਾ ਹੈ। ਜਦਕਿ ਅਸਲ ਸਥਿਤੀਆਂ ਵਿੱਚ ਉਤਨੀਆਂ ਸੁਹਾਵਣੀਆਂ ਨਹੀਂ ਹੁੰਦੀਆਂ। ਇਹ ਤਮਾ ਮਨੁੱਖ 'ਚ ਘੱਟਦੀ ਨਹੀਂ ਸਗੋਂ ਵੱਧਦੀ ਜਾ ਰਹੀ ਹੈ। ਮਾਨਵ ਇਹਨਾਂ ਵਿਖਾਵਿਆਂ ਨਾਲ ਨਾ ਤਾ ਰਿਸ਼ਤੇ ਬਣਾ ਸਕਦਾ ਨਾ ਪਿਆਰ ਨਾਲ ਰਹਿ ਸਕਦਾ ਤੇ ਨਾ ਹੀ ਸੰਤੋਖ ਤੇ ਸ਼ਾਂਤਮਈ ਜਿੰਦਗੀ ਨਾਲ ਜਿਉਂ ਸਕਦਾ ਪਰ ਮਨੁੱਖੀ ਮਨ ਅੰਦਰ ਮਾਇਆ ਦਾ ਹੀ ਪਿਆਰ ਹੈ। ਇਹੀ ਪਸਾਰੇ ਦੀ ਚਮਕ ਮਨੁੱਖ ਨੂੰ ਸਦਾਚਾਰਕ ਤੋਂ ਕੋਹਾਂ ਦੂਰ ਭੜਕਾਉਂਦੀ ਹੈ। ਆਵਾਗੌਣ ਵਿੱਚ ਉਲਝਦੀ ਰਹਿੰਦੀ ਹੈ ਤੇ ਮਨੁੱਖ ਸਾਰੀ ਉਮਰ ਇਸ ਮੋਹ ਮਾਇਆ ਦੇ ਚੱਕਰਾਂ ਵਿੱਚ ਉਲਝਿਆ ਰਹਿੰਦਾ ਹੈ ਤੇ ਇਹ ਮਨੁੱਖ ਨੂੰ ਨਕਰਾਤਮਕ ਸਥਿਤੀ ਵੱਲ ਧਕੇਲਦਾ ਹੈ।ਆਸਾ ਦੀ ਵਾਰ ਮਨੁੱਖ ਨੂੰ ਜੀਵਨ ਦੀ ਸਦਾਚਾਰਕਤਾ ਦਾ ਮਾਰਗ ਪੇਸ਼ ਕਰਦੀ ਹੈ। ਮਨੁੱਖ ਨੂੰ ਜਿੰਦਗੀ ਦੇ ਰਹੱਸ ਕਾਰਜ ਬਾਰੇ ਮਨੁੱਖ ਨੂੰ ਗਿਆਨ ਦਿੰਦੀ ਹੈ। ਮਨੁੱਖ ਇਹਨਾਂ ਮੁੱਲਾਂ ਨੂੰ ਛੱਡ ਨੈਤਿਕ ਕਦਰਾਂ ਕੀਮਤਾਂ ਸਦਾਚਾਰਤਾ ਦੇ ਪ੍ਰਭੂ ਮਾਰਗ ਨੂੰ ਦਰਸਾਉਂਦੀ ਹੋਈ ਮਨੁੱਖ ਨੂੰ ਅਸਲ ਮਾਰਗ ਨਾਲ ਜੋੜਦੀ ਹੈ। ਇਹਨਾਂ ਵਿਖਾਵਿਆਂ ਕਰਕੇ ਮਨੁੱਖ ਭਟਕ ਰਿਹਾ ਪਰ ਜਦ ਮਨੁੱਖ ਨੂੰ ਸੋਝੀ ਹੋ ਜਾਵੇਗੀ ਤਾਂ ਉਹ ਸਦਾਚਾਰਕ ਨੂੰ ਹੀ ਵਧੇਰੇ ਮਹੱਤਵ ਦੇਵੇਗਾ ਤੇ ਇਹ ਸੋਝੀ ਗੁਰੂ ਦੇ ਗਿਆਨ ਸਦਕਾ ਹੀ ਪ੍ਰਾਪਤ ਹੁੰਦੀ ਹੈ। ਜਿਸ ਨਾਲ ਮਾਨਵ ਦੇ ਅਤੀਤ ਵਰਤਮਾਨ ਤੇ ਭਵਿੱਖ ਬਾਰੇ ਸਹੀ ਸੇਧ ਪ੍ਰਾਪਤ ਹੁੰਦੀ ਹੈ ਤੇ ਮਨੁੱਖ ਦਿਖਾਵੇ ਅਹੰਕਾਰ ਆਦਿ ਅਜਿਹੇ ਪਸਾਰ ਜਿਨ੍ਹਾਂ ਤੋਂ ਮਨੁੱਖ ਅਜ਼ਾਦ ਹੋ ਜਾਂਦਾ ਹੈ ਜਿਸ ਨਾਲ ਮਨੁੱਖ ਇੱਕ ਅਜਿਹੀ ਸਖਸ਼ੀਅਤ ਵਿੱਚ ਢਲ ਜਾਂਦਾ ਹੈ। ਜਿਸ ਵਿੱਚ ਆਤਮਾ ਮੋਹ ਮਾਇਆ ਤੋਂ ਪਰਾ ਫੁੱਲ ਵਾਂਗ ਨਿਰਲੇਪ ਹੋ ਜਾਂਦੀ ਹੈ। ਮਾਨਵ ਦੇ ਬਾਹਰੀ ਦਿਖਾਵੇ ਵਹਿਮ ਭਰਮ ਅਦਿ ਸਭ ਭਰਾਤੀਆ ਮਿਟ ਜਾਂਦੀਆ ਹਨ ਤੇ ਇਸ ਤਰ੍ਹਾਂ ਮਨੁੱਖ ਕੂੜ ਤੋ ਸੱਚ ਵੱਲ ਕੂਚ ਕਰਦਾ ਹੈ ਪਰ ਜੋ ਮਨੁੱਖ ਇਹਨਾਂ

ਵਿਕਾਰਾਂ ਲਈ ਮਨਮਰਜੀ ਕਰਦਾ ਉਹ ਆਪਣੇ ਮਾਰਗ ਤੋਂ ਦੂਰ ਹੀ ਹੁੰਦਾ ਹੈ। ਮਨੁੱਖ ਸਾਰੀ ਜਿੰਦਗੀ ਇਹਨਾਂ ਵਿਕਾਰਾਂ ਲਈ ਮਨਮਰਜੀਆਂ ਕਰਦਾ ਉਹ ਆਪਣੇ ਮਾਰਗ ਤੋਂ ਦੂਰ ਹੁੰਦਾ ਜਾਂਦਾ ਹੈ। ਆਸਾ ਦੀ ਵਾਰ ਬਾਣੀ ਅਨੁਸਾਰ ਜੋ ਗੁਰਮੁੱਖ ਇਹਨਾਂ ਭੈਅ ਤੇ ਵਿਕਾਰਾਂ ਦੀ ਅਸਲੀਅਤ ਨੂੰ ਸਮਝ ਲੈਂਦਾ ਹੈ ਉਹ ਮਨੁੱਖ ਹਮੇਸ਼ਾ ਸਦਾਚਕਤਾ ਤੇ ਵਿਸ਼ਵਾਸ ਕਰੇਗਾ ਤੇ ਪ੍ਰਭੂ ਦੀ ਇਕਸਾਰਗਤਾ ਤੇ ਪਰਮਾਤਮਾ ਵਿੱਚ ਲੀਨ ਹੋਵੇਗਾ। ਪ੍ਰਮਾਤਮਾ ਦੀ ਰਜਾ ਵਿੱਚ ਮਨੁੱਖ ਸਭ ਦਾ ਭਲਾ ਮੰਗੇਗਾ। ਬਾਣੀ ਵਿੱਚ ਵਿਸ਼ਵੀਕਰਨ ਯੁੱਗ ਵਿੱਚ ਪਰਮਾਤਮਾ ਦੇ ਸੰਕਲਪ ਰਾਹੀ ਮਨੁੱਖ ਨੂੰ ਸਦਾਚਾਰਤਾ ਅਥਵਾ ਆਦਰਸ਼ਕ ਜੀਵਨ ਤੇ ਜ਼ੋਰ ਦਿੰਦੀ ਹੈ ਜਿਸ ਮਨੁੱਖ ਅੰਦਰ ਸਬਰ ਸੰਤੋਖ ਸੰਜਮ ਅਨੁਸ਼ਾਸਨ ਨਹੀਂ ਉਹ ਕਦੀ ਵੀ ਆਦਰਸ਼ਕ ਜਿੰਦਗੀ ਨੂੰ ਨਹੀਂ ਮਾਣੇਗਾ ਹਮੇਸ਼ਾ ਭਟਕਦਾ ਰਹੇਗਾ ਇਹ ਇੱਕ ਸਦਾਚਾਰਕ ਵਿੱਚ ਹੀ ਮਨੁੱਖ ਆਪਣੇ ਜੀਵਨ ਦੀ ਕਰਮ ਭੂਮੀ ਨੂੰ ਸੰਵਾਰਦਾ ਹੈ।

**ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਸਿ॥**

**ਨਾਨਕ ਹੁਕਮੁ ਨਾ ਚਲਈ ਨਾਲਿ ਖਸਮ ਚਲੈ ਅਰਦਾਸਿ॥**[1]

ਅੱਜ ਦੇ ਸਮੇਂ ਵਿੱਚ ਮਨੁੱਖ ਕੋਲ ਜੋ ਵੀ ਹੈ ਉਹ ਪਰਮਾਤਮਾ ਦੀ ਦੇਣ ਹੈ ਪਰ ਮਨੁੱਖ ਇਸ ਭਰਮ ਵਿੱਚ ਜਿਉਂਦਾ ਹੈ। ਕਿ ਉਸਨੇ ਖੁਦ ਸਭ ਬਣਾਇਆ ਤੇ ਮਨੁੱਖ ਆਪਣੀ ਮਿਹਤਨ ਨਾਲ ਹੰਕਾਰ ਵੀ ਕਰਦਾ ਫਿਰ ਇਹ ਮਿਹਨਤ ਵੀ ਬੇਕਾਰ ਹੋ ਕੇ ਅਹੰਕਾਰ ਵਿੱਚ ਤਬਦੀਲ ਹੋ ਜਾਂਦੀ ਹੈ ਤੇ ਮਨੁੱਖ ਵਿੱਚ ਹੰਕਾਰ ਪੈਦਾ ਹੋ ਜਾਂਦਾ ਆਸਾ ਦੀ ਵਾਰ ਵਿੱਚ ਇਹ ਮਿਹਨਤ ਉਸ ਪਰਮਾਤਮਾ ਦੀ ਰਜਾ ਵਿੱਚੋ ਉਸ ਦੇ ਹੁਕਮ ਅਧੀਨ ਮੰਨੀ ਜਾਂਦੀ ਹੈ। ਜੋ ਮਨੁੱਖ ਵਿਕਾਰਾਂ ਤੋਂ ਗੁੱਰਮੁੱਖ ਹੁੰਦਾ ਹੋਇਆ ਪ੍ਰਭੂ ਦੇ ਅੱਗੇ ਅਰਜ ਕਰਦਾ ਤਾਂ ਹੀ ਮਨੁੱਖ ਤਰੱਕੀ ਤੇ ਰਾਹ ਤੇ ਚੱਲਦਾ ਹੈ ਤੇ ਮਨੁੱਖ ਮਿਹਨਤ ਦੇ ਭਰਮਾ ਦੀ ਬਜਾਏ ਰੱਬ ਦੀ ਰਜ਼ਾ ਵਿੱਚ ਖੁਸ਼ ਹੁੰਦਾ ਹੈ। ਆਸਾ ਦੀ ਵਾਰ ਵਿੱਚ ਮਨੁੱਖ ਨੂੰ ਨੈਤਿਕ ਗੁਣਾਂ ਦੇ ਮਹੱਤਵ ਤੇ ਨਾਲ ਨਾਲ ਪਰਮਾਤਮਾ ਦੀ ਰਜਾ ਦਾ ਮਹੱਤਵ ਦਰਸਾਇਆ ਜੋ ਅੱਜ ਦੇ ਵਿਸ਼ਵੀਕਰਨ ਯੁੱਗ ਵਿੱਚ ਘੱਟਦਾ ਜਾ ਰਿਹਾ ਹੈ।

**ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥**

**ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥**

**ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥**

**ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥**[2]

ਇੱਥੇ ਮਨੁੱਖ ਨੂੰ ਅਹੰਕਾਰ ਹਉਮੇਂ ਹੁੰਦੀ ਹੈ ਜਿਸ ਨਾਲ ਮਨੁੱਖ ਅੰਦਰੋਂ ਪ੍ਰੇਮ ਦੀ ਭਾਵਨਾ ਉਡ ਜਾਂਦਾ ਹੈ। ਅੱਜ ਮਾਨਵ ਅੰਦਰ ਨੈਤਿਕਤਾ ਸਦਚਾਰਤਾ ਦੀ ਜ਼ਰੂਰਤ ਹੈ। ਜੇਕਰ ਮਨੁੱਖ ਇਵੇਂ ਹੀ ਹਉਮੈ ਵਿੱਚ ਬੋਲੇਗਾ ਤਾਂ ਉਹ ਇੱਕਲਾ ਹੀ ਰਹਿ ਜਾਵੇਗਾ ਤੇ ਆਪਣੀ ਕਮਾਈ ਹੋਈ ਉਸ ਦੀ ਪੂੰਜੀ ਵੀ ਇਹਨਾਂ ਕਾਰਨਾਂ ਕਰਕੇ ਬੇਕਾਰ ਹੋਵੇਗੀ। ਮਾਨਵ ਲਈ ਸ਼ਾਨੋਂ ਸ਼ੌਕਤ ਦਿਖਾਵੇ ਐਸ਼ੋ ਆਰਾਮ ਸਭ ਅਰਥਹੀਣ ਹਨ। ਆਸਾ ਦੀ ਵਾਰ ਮਨੁੱਖ ਦੇ ਹਉਮੈ ਭਰਾਤੀਆਂ ਨੂੰ ਦੂਰ ਕਰਨ ਦਾ ਇੱਕ ਸੱਚਾ ਮਾਰਗ ਦਿਖਾਉਂਦੀ ਹੈ ਮਨੁੱਖ ਨੂੰ ਅਸਲ ਸਥਿਤੀ ਤੋਂ ਜਾਣੂ ਕਰਵਾਉਂਦੀ ਹੈ। ਬਾਣੀ ਅਨੁਸਾਰ ਮਨੁੱਖ ਸਨਮੁੱਖ ਤੋਂ ਗੁਰਮੁੱਖ ਹੁੰਦਾ। ਰੱਬੀ ਮਾਰਗ ਤੇ ਚੱਲਦਾ ਜਿਸ ਨਾਲ ਮਾਨਵ ਤੇ ਬਰਕਤ ਵੀ ਪਾਉਂਦਾ ਤੇ ਮਨੁੱਖ ਦਾ ਹਿਰਦਾ ਵੀ ਕੋਮਲ ਨਿਰਲੇਪ ਹੋ ਜਾਂਦਾ ਫਿਰ ਮਾਨਵ ਇਹਨਾਂ ਦਿਖਾਵਿਆਂ ਤੋਂ ਦੂਰ ਅਗਿਆਨ ਤੋਂ ਗਿਆਨਵਾਨ ਹੁੰਦਾ ਹੈ। ਜਿਸ ਨਾਲ ਮਨੁੱਖ ਦੀ ਬੋਲੀ ਧੁਰ ਸਦਾਚਾਰਤਾ ਆਦਰਸ਼ ਨੈਤਿਕਤਾ ਆਉਂਦੀ ਹੈ।ਅਜੋਕੇ ਵਿਸ਼ਵੀਕਰਨ ਯੁੱਗ ਵਿੱਚ ਇਹ ਨੈਤਿਕਤਾ ਤੇ ਸਦਾਚਾਰਕਤਾ ਲੋਕਾਂ ਦੇ ਮਨਾਂ ਵਿੱਚੋਂ ਖਤਮ ਹੁੰਦੀ ਜਾ ਰਹੀ ਹੈ। ਆਸਾ ਦੀ ਵਾਰ ਵਿੱਚ ਬੜ੍ਹੇ ਹੀ ਸਹਿਜਤਾ ਨਾਲ ਵਰਨਣ ਕੀਤਾ ਹੋਇਆ ਹੈ।

ਅੱਜ ਦੇ ਵਿਸ਼ਵੀਕਰਨ ਯੁੱਗ ਵਿੱਚ ਲੋਕ ਝੂਠ ਦੇ ਮਖੋਟੇ ਲਾ ਕੇ ਬਾਹਰੋਂ ਬਾਹਰੀ ਖੁਸ਼ੀ ਜਾਹਿਰ ਕਰਦੇ ਹਨ ਪਰ ਦੂਜਿਆਂ ਦੀ ਤਰੱਕੀ ਤੇ ਮਾੜਾ ਸੋਚ ਕੇ ਖੋਟ ਰੱਖਦੇ ਹਨ ਤੇ ਪਰਮਾਤਮਾ ਤੋਂ ਆਪਣੇ ਲਈ ਚੰਗੀ ਕਿਸਮਤ ਦੀ ਮੰਗ ਮੰਗਦੇ ਹਨ ਜਿਸ ਨਾਲ ਮਾਨਵ ਆਪਣੇ ਸੁਆਰਥਾਂ ਨੂੰ ਪਹਿਲ ਦੇ ਰਿਹਾ ਤੇ ਪਰਮਾਤਮਾ ਤੋਂ ਵਿਸਰਦਾ ਜਾ ਰਿਹਾ ਪਰਮਾਤਮਾ ਦੇ ਅਸਲੀ ਮਾਰਗ ਨੂੰ ਸਮਝਣ ਦੀ ਬਜਾਏ ਆਪਣੇ ਐਸ਼ੋ ਅਰਾਮ ਨੂੰ ਅਹਿਮੀਅਤ ਦੇ ਰਿਹਾ ਹੈ। ਅੱਜ ਮਾਨਵ ਦੀ ਜਿੰਦਗੀ ਗੁਰਮੁੱਖ ਹੋਣ ਦੀ ਬਜਾਏ ਮਨਮੁੱਖ ਵਧੇਰੇ ਹੈ। ਅਜੌਕੇ ਦੌਰ ਦੇ ਮਸ਼ੀਨੀ ਯੁੱਗ ਵਾਂਗ ਮਾਨਵ ਵੀ ਮਸ਼ੀਨਾਂ ਵਾਂਗ ਚੱਲ ਰਿਹਾ। ਸਿਰਫ਼ ਆਪਣੀ ਗੱਲ ਨੂੰ ਮੁੱਖ ਰੱਖਕੇ ਅੱਗੇ ਵੱਧਦਾ ਜਾ ਰਿਹਾ ਆਪਣੀ ਸ਼ਕਤੀ ਨਾਲ ਦੂਜਿਆਂ ਦੇ ਹੱਕਾ ਨੂੰ ਵੀ ਲਿਤਾੜਦਾ ਜਾ ਰਿਹਾ ਤੇ ਇੰਨੇ ਸਵਾਰਥੀ ਹੋਣ ਤੇ ਵੀ ਉਹ ਰੱਬ ਤੋਂ ਖੁਸ਼ੀ ਦੀ ਆਸ ਕਰਦਾ ਮਾਨਵ ਭੁੱਲ ਜਾਂਦਾ ਹੈ ਕਿ ਪਰਮਾਤਮਾ ਤਾਂ ਸਰਵ ਵਿਆਪੀ ਹੈ ਉਸ ਦੇ ਅੱਗੇ ਦੇਵਤੇ ਵੀ ਲੁਕੋਂ ਨਹੀਂ ਰੱਖ ਸਕਦੇ ਫਿਰ ਇਨਸਾਨ ਹਉਮੈ ਰੱਖ ਕੇ ਕਿਵੇਂ ਰੱਬ ਤੋਂ ਖੁਸ਼ੀ ਮੰਗ ਸਕਦਾ। ਮਨੁੱਖ ਨੂੰ ਸੰਤੁਸ਼ਟ ਹੋਣ ਲਈ ਹਾਉਮੈ ਨੂੰ ਛੱਡਣਾ ਸੱਚੀ ਸੇਵਾ ਕਰਨਾ ਪਰਮਾਤਮਾ ਦਾ ਨਾਮ ਜਪਣਾ ਤੇ ਸਦਾਚਾਰਤਾ ਵਿੱਚ ਜਿਉਣ ਹੀ ਅਸਲੀ ਕਰਮ ਹੈ।

**ਨਾਲ ਇਆਣੈ ਦੋਸਤੀ ਕਦੇ ਨ ਆਵੈ ਰਾਸਿ॥**

**ਜੇਹਾ ਜਾਣੈ ਤੇਹੋ ਵਰਤੈ ਵੇਖਹੁ ਕੀ ਨਿਰਜਾਸਿ॥**

**ਵਸਤੁ ਅੰਦਰਿ ਵਸਤੁ ਸਮਾਵੈ ਦੂਜੀ ਹੋਵੇ ਪਾਸਿ॥**

**ਸਾਹਿਬ ਸੇਤੀ ਹੁਕਮ ਨ ਚਲੈ ਕਹੀ ਬਣੈ ਅਰਦਾਸਿ॥**

**ਕੂੜਿ ਕਮਾਏ ਕੂੜੋ ਹੋਵੈ ਨਾਨਕ ਸਿਫਤਿ ਵਿਗਾਸਿ॥**[3]

ਅਜੋਕੇ ਦੌਰ ਵਿੱਚ ਮਨੁੱਖ ਬਹੁਤ ਰਿਸ਼ਤਿਆ ਵਿੱਚ ਘਿਰਿਆ ਹੋਇਆ ਹੈ ਤੇ ਇਹਨਾਂ ਰਿਸ਼ਤਿਆ ਦੀ ਆਪਣੀ ਆਪਣੀ ਅਹਿਮੀਅਤ ਹੈ। ਜਿਸ ਵਿੱਚ ਇੱਕ ਦੋਸਤੀ ਦਾ ਰਿਸ਼ਤਾ ਵੀ ਹੈ ਜੋ ਮਾਨਵ ਲਈ ਵਧੇਰੇ ਅਹਿਮ ਹੁੰਦਾ ਤੇ ਦੋਸਤੀ ਦੀ ਸੰਗਤ ਦਾ ਅਸਰ ਮਨੁੱਖ ਦੀ ਪੂਰੀ ਜਿੰਦਗੀ ਤੇ ਪੈਂਦਾ ਹੈ ਜੇਕਰ ਦੋਸਤੀ ਮੂਰਖ ਅਵਾਣ ਨਾਲ ਹੋ ਜਾਵੇ ਤਾਂ ਮਾਨਵ ਵਿਕਾਰਾਂ ਵਿੱਚ ਧਸਦਾ ਚਲਿਆ ਜਾਂਦਾ। ਜਿਸ ਤੋਂ ਮਾਨਵ ਪਿੱਛਾ ਤਦ ਹੀ ਛੁਡਾ ਸਕਦਾ ਜਦ ਮਨੁੱਖ ਆਪਣੇ ਆਪ ਨੂੰ ਬਦਲਦਾ ਅਵਾਣ ਤੇ ਵਿਕਾਰਾ ਦੀ ਜਗ੍ਹਾਂ ਹੱਕ ਸੱਚ ਨਾਲ ਨਿਰਵੈਰ ਹੋ ਕੇ ਖੜ੍ਹਦਾ। ਇਹ ਹੱਕ ਸੱਚ ਪ੍ਰਭੂ ਦੀ ਹੀ ਦੇਣ ਹੁੰਦੀ ਹੈ ਤੇ ਇਸ ਹੱਕ ਸੱਚਨ ਨੂੰ ਪਾਉਣ ਲਈ ਨਿਮਰਤਾ ਅਹਿਮ ਭੂਮਿਕਾ ਨਿਭਾਉਂਦੀ ਹੈ। ਆਸਾ ਦੀ ਵਾਰ ਵਿੱਚ ਨਿਮਰਤਾ ਮਨੁੱਖ ਦੀ ਜਿੰਦਗੀ ਲਈ ਅਹਿਮ ਮਾਰਗ ਮੰਨਿਆ ਗਿਆ। ਗੁਰੂ ਜੀ ਅਨੁਸਾਰ ਇਹ ਨਿਮਰਤਾ ਹੀ ਹੈ ਜਿਸ ਦੁਆਰਾ ਮਨੁੱਖ ਪ੍ਰਭੂ ਦੇ ਦੁਆਰ ਆਉਂਦਾ ਹੈ। ਜਿੰਦਗੀ ਨੂੰ ਖੁਸ਼ਹਾਲ ਬਣਾਉਂਦਾ ਤੇ ਇਹਨਾਂ ਮਨੁੱਖੀ ਧੰਦੇ ਭਾਵ ਰਿਸਤਿਆਂ ਨੂੰ ਵੀ ਨਿਭਾਉਣ ਦਾ ਚੱਜ ਸਿੱਖਦਾ ਹੈ।

**ਨਾਲਿ ਇਆਣਾ ਦੋਸਤੀ ਵਡਾਰੂ ਸਿਉ ਨੇਹ॥**

**ਪਾਣੀ ਅੰਦਰਿ ਲੀਕ ਜਿਉ ਤਿਸ ਸਾ ਥਾਉ ਨ ਥੇਹ॥**[4]

ਅਮੀਰੀ ਹਰ ਮਨੁੱਖ ਦਾ ਸੁਪਨਾ ਪਰ ਇਹ ਅਮੀਰੀ ਇੱਕ ਝਰੋਖਾ ਹੀ ਹੈ ਅੱਜ ਦੇ ਸਮੇਂ ਵਿੱਚ ਸਾਰੇ ਮਨੁੱਖ ਆਪਣੀ ਚਮਕ ਦਮਕ ਨਾਲ ਆਪਣੇ ਆਲੇ ਦੁਆਲੇ ਨੂੰ ਭੁੱਲ ਕੇ ਉਹਨਾਂ ਸਮਾਜਿਕ ਸਰਮਾਏਦਾਰ ਤੇ ਪੂੰਜੀਵਾਦੀਆਂ ਨਾਲ ਦੋਸਤੀ ਨੂੰ ਮਹੱਤਵ ਦੇ ਰਹੇ ਹਨ। ਜਿਹਨਾਂ ਦੇ ਲਈ ਰਿਸ਼ਤੇ ਕੋਈ ਅਹਿਮ ਮਹੱਤਵ ਨਹੀਂ ਹਨ। ਸਗੋਂ ਸਾਨੋਂ ਸੋਕਤ ਝੂਠੀ ਜਿੰਦਗੀ ਇਹ ਸਭ ਕੁਝ ਹੀ ਉਨ੍ਹਾਂ ਦੀ ਜਿੰਦਗੀ ਹੈ ਤੇ ਆਸਾ ਦੀ ਵਾਰ ਵਿੱਚ ਮਾਨਵ ਨੂੰ ਇਹ ਦੱਸਣ ਦੀ ਕੋਸ਼ੀਸ ਕੀਤੀ ਹੈ। ਕਿ ਦੋਸਤੀ ਵਿੱਚ ਉਹ ਅਮੀਰੀ ਗਰੀਬੀ ਨਹੀਂ ਹੋਣੀ ਚਹੀਦੀ ਜੋ ਮਨੁੱਖ ਨੂੰ ਆਪਾ ਭੁੱਲਾ ਦਿੰਦੀ ਹੈ। ਆਪ ਤੋਂ ਨੀਵਾਂ ਅਥਵਾ ਗਰੀਬ ਲੋਕਾਂ ਨੂੰ ਵੇਖ ਕੇ ਖੁਸ਼ੀ ਤੇ ਸੰਤੁਸਟ ਹੋਣਾ ਚਹੀਦਾ ਤੇ ਖੁਸ਼ੀਆਂ ਵਿੱਚ ਸਰੀਕ ਹੋਣਾ ਚਾਹੀਦਾ। ਕਿਉਂਕਿ ਕਿ ਇਹ ਪੂੰਜੀਵਾਦੀ ਸਰਮਾਏਦਾਰ ਲਈ ਤਾਂ ਦੋਸਤੀ ਵੀ ਇੱਕ ਵਪਾਰਕ ਧੰਦੇ ਵਾਂਗ ਹੁੰਦੀ ਹੈ। ਇਹ ਲੋਕ ਨਿੱਜੀ ਸੁਆਰਥਾਂ ਤੇ ਹਿੱਤਾਂ ਲਈ ਉਪਰੋ ਦੋਸਤੀ ਦੇ ਵਿਖਾਵੇ ਕਰਦੇ ਨੇ ਪਰ ਜਿੰਦਗੀ ਵਿੱਚ ਸਾਥ ਨਹੀਂ ਦਿੰਦੇ ਤੇ ਆਮ ਮਨੁੱਖ ਇਹ ਵਹਿਮ ਵਿੱਚ ਰਹਿੰਦਾ ਕਿ ਅਮੀਰ ਉਸ ਦੇ ਸੁੱਖ ਦੁੱਖ ਵਿਚ ਸਹਾਰਾ ਹੋਵੇਗਾ। ਪਰ ਅਮੀਰ ਦੀ ਦੋਸਤੀ ਸਿਰਫ਼ ਕਿਸੇ ਸਵਾਰਥ ਲਈ ਹੀ ਹੁੰਦੀ ਹੈ। ਇਹ ਅਮੀਰਾ ਦੀ ਸ਼ੋਹਰਤ ਜਿਸ ਨਾਲ ਸਾਨੋਂ ਸੌਕਤ ਵਾਲਾ ਜੀਵਨ ਬਤੀਤ ਕਰਦੇ ਨੇ ਇਹ ਪ੍ਰਭੂ ਦੀ ਹੀ ਦਿੱਤੀ ਹੋਈ ਹੈ ਜੋ ਸਦਾ ਮਨੁੱਖ ਨਾਲ ਨਹੀਂ ਰਹਿੰਦੀ ਅਸਲੀ ਅਮੀਰ ਉਹੀ ਹੈ ਜੋ ਪਰਮਾਤਮਾ ਦੀ ਰਜਾ ਵਿੱਚੀ ਨਿਮਰਤਾ ਰੱਖੇ ਉੱਚੀ ਸੋਚ ਤੇ ਸਾਦੇ ਜੀਵਨ ਤੇ ਵਿਸ਼ਵਾਸ਼ ਕਰੇ। ਆਸਾ ਦੀ ਵਾਰ ਵਿੱਚ ਵੀ ਇਹ ਅਮੀਰੀ ਗਰੀਬੀ ਨੂੰ ਛੱਡ ਸੰਤੁਸ਼ਟ ਤੇ ਸਾਦਾ ਜੀਵਨ ਜਿਉਣ ਵਿੱਚ ਵਿਸ਼ਵਾਸ ਕਰਨ ਦਾ ਉਦੇਸ਼ ਮਿਲਦਾ ਜੋ ਅੱਜ ਦੇ ਵਿਸ਼ਵੀਕਰਨ ਯੁੱਗ ਵਿੱਚ ਜ਼ਰੂਰੀ ਹੈ ਕਿਉਂ ਕਿ ਅੱਜ ਹਰ ਮਨੁੱਖ ਸਾਦੇ ਜੀਵਨ ਦੀ

ਜਗ੍ਹਾਂ ਇਸ ਠਾਠ ਬਾਠ ਨੂੰ ਜਿਉਣਾ ਚਾਹੁੰਦੇ ਹਨ ਜਿਸ ਲਈ ਲੋਕ ਅਸੰਤੁਸ਼ਟ ਹੋ ਰਹੇ ਹਨ ਆਪਣੇ ਕਰਤੱਵਾਂ ਤੋਂ ਬੇਮੁੱਖ ਹੋ ਰਹੇ ਹਨ।

**ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ॥**

**ਨਾਨਕ ਸੇਵਕੁ ਕਾਢੀਐ ਜਿ ਸੇਤੀ ਖਸਮ ਸਮਾਇ॥**[5]

ਇਹਨਾਂ ਸਤਰਾਂ ਵਿੱਚ ਸੇਵਾ ਦੇ ਮਹੱਤਵ ਨੂੰ ਪੇਸ਼ ਕੀਤਾ ਕਿ ਸੇਵਾ ਤਨੋਂ ਨਹੀ ਸਗੋਂ ਮਨੋ ਵੀ ਵਧੇਰੇ ਜ਼ਰੂਰੀ ਹੈ। ਅੱਜ ਦੇ ਇਸ ਵਿਸ਼ਵੀਕਰਨ ਯੁੱਗ ਵਿੱਚ ਸੇਵਾ ਕਰਨ ਦਾ ਵਿਖਾਵਾ ਹੀ ਮਨੁੱਖ ਦੇ ਮਨ ਨੂੰ ਅੱਗੇ ਵੱਧਣ ਨਹੀਂ ਦਿੰਦਾ। ਜਦ ਕਿ ਸੇਵਾ ਦਾ ਅਸਲੀ ਰੂਪ ਤਾਂ ਹੈ ਜੋ ਤਨੋਂ ਮਨੋਂ ਪ੍ਰਭੂ ਦੀ ਹਜ਼ੂਰੀ ਵਿੱਚ ਪ੍ਰਮਾਤਮਾ ਦਾ ਨੌਕਰ ਬਣ ਕੇ ਕੀਤੀ ਜਾਂਦੀ ਹੈ। ਸੇਵਾ 'ਚ ਅਮੀਰੀ ਗਰੀਬੀ ਮਾਇਨੇ ਨੀ ਰੱਖਦੇ ਇੱਥੇ ਤਾਂ ਸਿਰਫ ਮਨੁੱਖ ਦਾ ਕੋਮਲ ਹਿਰਦੇ ਵਧੇਰੇ ਮਹੱਤਵ ਹੁੰਦਾ ਤੇ ਇਹ ਸੇਵਾ ਮਨ ਤਨ ਸਵੇਰ ਸ਼ਾਮ ਦੀ ਕਰੜੀ ਮਿਹਨਤ ਨਾਲ ਹੁੰਦੀ ਹੈ। ਇਹੀ ਸਦਾਚਾਰਤਾ ਨਾਲ ਕੀਤੀ ਸੇਵਾ ਮਨੁੱਖ ਦੀ ਪਛਾਣ ਬਣਾਉਂਦੀ ਹੈ ਤੇ ਉਸ ਦੀ ਸਖਸੀਅਤ ਨੂੰ ਨਿਖਾਰਦੀ ਹੈ। ਆਸਾ ਦੀ ਵਾਰ ਵਿੱਚ ਸੇਵਾ ਦਾ ਅਹਿਮ ਗੁਣ ਮਨੁੱਖ ਨੂੰ ਸਦਾਚਾਰਕਤਾ ਵਿੱਚ ਜਿਉਣ ਦਾ ਅਸਲੀ ਮਾਰਗ ਦਰਸਾਇਆ ਤੇ ਨਾਲ ਹੀ ਸੱਚੀ ਮਿਹਨਤ ਲਗਨ ਕਰਨ ਦਾ ਸਲੀਕਾ ਵੀ ਸਿਖਾਇਆ।

**ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਜਾਇ॥**

**ਸੋ ਕਰਤਾ ਕਾਦਰ ਕਰੀਮੁ ਦੇ ਜੀਆ ਰਿਜਕੁ ਸੰਬਾਹਿ॥**

**ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ॥**

**ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ॥**[6]

ਅੱਜ ਦੇ ਸਮੇਂ ਵਿੱਚ ਹਰ ਚੀਜ਼ ਦਿਖਾਵਾ ਹੋ ਗਈ ਮਨੁੱਖ ਨੇ ਮੂੰਹ ਤੇ ਕਈ ਤਰ੍ਹਾਂ ਦੇ ਮਖੌਟੇ ਪਹਿਨੇ ਹੋਏ ਹਨ। ਅੱਜ ਹਰ ਕੋਈ ਆਪਣੇ ਸਵਾਰਥਾਂ ਲਈ ਦੂਸਰੇ ਦਾ ਖ਼ੂਨ ਚੂਸਦਾ, ਇੱਥੋ ਤੱਕ ਕਿ ਚਾਪਲੂਸੀ ਤੱਕ ਵੀ ਕੀਤੀ ਜਾਂਦੀ ਹੈ ,ਪਰ ਇਹ ਸਭ ਮਨੁੱਖ ਦੇ ਗੁਣਾ ਉੱਪਰ ਭਾਰੂ ਪੈ ਰਿਹਾ ਤੇ ਇੰਨ੍ਹਾਂ ਔਗੁਣਾ ਨਾਲ ਮਨੁੱਖ ਆਪੇ ਤੋਂ ਬਾਹਰ ਹੋ ਜਾਂਦਾ ਤੇ ਉਹ ਸਿਰਜਨਹਾਰ ਭਾਵਾਂ ਵਿੱਚ ਪ੍ਰਭੂ ਨੂੰ ਵੀ ਭੁੱਲ ਜਾਂਦਾ। ਜਦਕਿ ਪ੍ਰਭੂ ਹੀ ਮਨੁੱਖ ਨੂੰ ਚੰਗੇ ਕਰਮਾ ਦਾ ਫਲ ਦਿੰਦਾ ਅਸਲ ਪਰਮਾਤਮਾ ਦੀ ਰਜਾ ਤੇ ਭਾਣੇ ਵਿੱਚ ਹੀ ਮਾਨਵ ਨੂੰ ਖੁਸ਼ ਰਹਿਣਾ ਚਾਹੀਦਾ। ਪ੍ਰਮਾਤਮਾ ਸਭ ਜਾਣਦਾ ਹੈ। ਉਹ ਮਨੁੱਖ ਨੂੰ ਕਦੇ ਖੁਸ਼ ਕਰਦਾ ਕਦੇ ਦੁੱਖ ਦਿੰਦਾ, ਜਿਸ ਕਰਕੇ ਮਨੁੱਖ ਪ੍ਰਮਾਤਮਾ ਨੂੰ ਕੋਸਦਾ ਵੀ ਹੈ, ਪਰ ਇੰਨ੍ਹਾਂ ਭਾਣਿਆਂ ਕਰਨ ਪਰਮਾਤਮਾ ਦੀਆ ਹੋਈਆਂ ਬਖਸਾਂ ਨੂੰ ਮਨੁੱਖ ਵਿਸਾਰਨ ਲੱਗ ਜਾਂਦਾ।

**ਹਉ ਵਿਚਿ ਆਇਆ ਹਉ ਵਿਚਿ ਗਇਆ॥**

**ਹਉ ਵਿਚਿ ਜੰਮਿਆ ਹਉ ਵਿਚਿ ਮੁਆ॥**

**ਹਉ ਵਿਚਿ ਦਿਤਾ ਹਉ ਵਿਚਿ ਲਇਆ॥**

**ਹਉ ਵਿਚਿ ਖਟਿਆ ਹਉ ਵਿਚਿ ਗਇਆ॥**

**ਹਉ ਵਿਚਿ ਸਚਿਆਰੁ ਕੂੜਿਆਰੁ॥**[7]

ਆਧੁਨਿਕ ਵਿਸ਼ਵੀਕਰਨ ਦੇ ਯੁੱਗ 'ਚ ਮਨੁੱਖ ਬਾਹਰੋਂ ਹੱਸਦਾ ਪਰ ਅੰਦਰੋਂ ਰੋਂਦਾ। ਮਾਨਵ ਦੀ ਆਤਮਾ ਨੂੰ ਕਿਸੇ ਵੀ ਅੰਦਰੂਨੀ ਸਕੂਨ ਪ੍ਰਾਪਤ ਨਹੀਂ। ਕਿਉਂਕਿ ਇਸ ਪੂੰਜੀਵਾਦ ਯੁੱਗ ਵਿੱਚ ਮਨੁੱਖ ਆਪਣੀਆਂ ਨੈਤਿਕ ਕਦਰਾਂ ਕੀਮਤਾਂ ਨੂੰ ਬਹੁਤ ਪਿੱਛੇ ਛੱਡ ਗਿਆ ਤੇ ਮਾਨਵ ਦੇ ਪੱਲ਼ੇ ਹਉਂਮੇ ਹੰਕਾਰ ਹੈ। ਹੰਕਾਰ ਵਿੱਚ ਜੰਮਦਾ, ਹੰਕਾਰ ਵਿੱਚ ਹੀ ਮਰ ਜਾਂਦਾ, ਪਰ ਪ੍ਰਮਾਤਮਾ ਦੇ ਹੁਕਮਾਂ ਤੋ ਜਾਣੂ ਨਹੀਂ ਹੁੰਦਾ। ਮਾਨਵ ਜੋ ਵੀ ਪੂੰਜੀ ਖੱਟਦਾ ਉਸ ਦੇ ਨਾਲ ਉਹ ਹੰਕਾਰ' ਚ ਆਉਂਦਾ ਜੋ ਉਸ ਦੀ ਹਸਤੀ ਨੂੰ, ਨਾਮ ਨੂੰ ਵੱਡਾ ਨਹੀਂ ਕਰਦਾ ਸਗੋਂ ਉਸ ਦੀ ਹੋਂਦ ਨੂੰ ਬਉਣਾ ਕਰ ਦਿੰਦਾ। ਪਰ ਜਿਸ ਦਿਨ ਮਾਨਵ ਨੂੰ ਹੋਂਦ ਸਮਝ ਆ ਜਾਵੇਗੀ ਤਾਂ ਮਾਨਵ ਨੂੰ ਸਮਝੇਗਾ ਕਿ ਪ੍ਰਮਾਤਮਾ ਹੀ ਸਭ ਤੋਂ ਵੱਡਾ ਹੈ ਤੇ ਪ੍ਰਮਾਤਮਾ ਦੀ ਬਣਾਈ ਦੁਨੀਆਂ ਨੂੰ ਪਿਆਰ ਕਰਨਾ ਚਾਹੀਦਾ ਤੇ ਇਸ ਦੁਨੀਆਂ 'ਚ ਬਿਨਾਂ ਭੇਦ ਭਾਵ ਰਹਿਣਾ ਚਾਹੀਦਾ, ਜਿਸ ਦਿਨ ਮਾਨਵ ਇਹ ਸੱਚ ਸਮਝ ਜਾਵੇਗਾ, ਉਸ ਦਿਨ ਉਸ ਦਾ ਹੰਕਾਰ ਉਸ ਲਈ ਫਜ਼ੂਲ ਹੋ ਜਾਵੇਗਾ ਤੇ ਜਿੰਦਗੀ ਦੀ ਅਸਲੀ ਸਮਝ ਉਸ ਨੂੰ ਸਕੂਨ ਨਾਲ ਜਿਊਣ ਦਾ ਚੱਜ ਸਿਖਾ ਦੇਵੇਗੀ ਤੇ ਉਸ ਦੇ ਹਉਮੈ 'ਮੈਂ' ਦੇ ਖਿਆਲਾਂ ਨੂੰ ਖਤਮ ਕਰੇਗੀ।

**ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥**

**ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥**

**ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ॥**

**ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ॥**

**ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥**[8]

ਅੱਜ ਵਿਸ਼ਵੀਕਰਨ ਯੁੱਗ ਵਿੱਚ ਸੰਜਮ, ਸਾਂਤੀ, ਚੈਨ ਮਾਨਵ ਨੂੰ ਕਿਤੇ ਨਹੀਂ ਲ਼ੱਭਦਾ। ਹਉਮੈ ਜੋ ਮਾਨਵ ਨੂੰ ਪਰਮਾਤਮਾ ਤੋਂ ਵੱਖਰੇ ਕਰਦੀ ਹੈ ਨਤੀਜੇ ਵਜੋਂ ਮਨੁੱਖ ਇਸ ਹਉਮੈ ਦੇ ਘੁੰਮਣ ਘੇਰੀਆਂ 'ਚ ਹੀ ਫਸਿਆ ਰਹਿੰਦਾ। ਹਉਮੈ ਨਾਲ

ਮਾਨਵ ਸੰਜਮਤਾ ਤੋਂ ਦੂਰ ਭਟਕ ਜਾਂਦਾ ਜੋ ਇਕ ਰੋਗ ਹੈ,ਪਰ ਜਿਸ ਰੋਗ ਨੂੰ ਦੂਰ ਕਰਨ ਲਈ ਮਾਨਵ ਜੇ ਰੱਬ ਨਾਲ ਜੁੜ ਜਾਵੇ ਤਾਂ ਸੰਤੋਖ ਆ ਜਾਊ ਸੰਜਮ ਤੇ ਸ਼ਾਂਤੀ ਮਿਲ ਜਾਵੇਗੀ ਕਿਉਂ ਕਿ ਹਉਮੈ ਦਾ ਅੰਤ ਮਾੜਾ ਹੈ ਇਸ ਲਈ ਮਾਨਵ ਨੂੰ ਉਸ ਪ੍ਰਮਾਤਮਾ ਦੀ ਰਜਾ ਵਿੱਚ ਰਹਿ ਕੇ ਸਬਰ ਸੰਤੋਖ ਤੋਂ ਪ੍ਰਮਾਤਮਾ ਦੇ ਰਾਜ ਚ ਜਿੰਦਗੀ ਬਸਰ ਕਰਨੀ ਚਾਹੀਦੀ ਹੈ। ਇਹ ਸੰਜਮ ਹੀ ਹੈ,ਜਿਸ ਨਾਲ ਮਾਨਵ ਹਰ ਚੀਜ਼ ਨੂੰ ਅਪਣਾ ਸਕਦਾ ਤੇ ਈਸ਼ਵਰ ਨਾਲ ਜੁੜ ਸਕਦਾ। ਤੇ ਇਹ ਤਦ ਹੀ ਹੋ ਸਕਦਾ ਜਦ ਮਾਨਵ ਇਸ ਹਉਮੈ ਵਾਲੇ ਰੋਗ ਨੂੰ ਆਪਣੇ ਹਿਰਦੇ ਵਿੱਚੋ ਕੱਢੇਗਾ। ਕਿਉਂਕਿ ਇਸ ਹਉਂਮੈ ਨੇ ਤਾਂ ਮਨੁੱਖ ਨੂੰ ਦੁੱਖ ਤੋਂ ਸਿਵਾ ਹੋਰ ਕੁਝ ਨਹੀਂ ਦੇਣਾ। ਜੇ ਮਾਨਵ ਪ੍ਰਮਾਤਮਾ ਦੇ ਸੱਚੇ ਮਾਰਗ ਤੇ ਚੱਲੇਗਾ ਤਾਂ ਉਸ ਚ ਸੰਜਮਤਾ ਨਾਲ ਸੰਤੋਖ ਆਵੇਗਾ, ਜਿਸ ਨਾਲ ਉਹ ਦੂਜਿਆਂ ਦੀ ਸੇਵਾ ਵੀ ਕਰੇਗਾ ਤੇ ਇਸ ਵਿਸ਼ਵੀਕਰਨ ਵਿਖਾਵੇ ਵਾਲੇ ਯੁੱਗ' ਚ ਸਦਾਚਾਰਕਤਾ ਵਿੱਚ ਰਹਿ ਕੇ ਵੀ ਉੱਚੀ ਮਾਨ ਨਾਲ ਜੀਵਨ ਬਸਰ ਕਰੇਗਾ।' ਆਸਾ ਦੀ ਵਾਰ' ਅਨੁਸਾਰ ਇਸ ਲਈ ਸੰਜਮਤਾ ਦਾ ਗੁਣ ਹੋਣਾ ਲਾਜਮੀ ਹੈ ਜੇ ਸੰਜਮਤਾ ਤਾਂ ਮਾਨਵ ਸਮਾਜ ਵਿੱਚ ਆਪਣੀ ਹੋਂਦ ਨੂੰ ਫਰਸ ਤੋਂ ਅਰਸਾ ਤੱਕ ਲੈ ਜਾਵੇਗਾ।

**ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ॥**

**ਓਨੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥**[9]

ਅੱਜ ਵਿਸ਼ਵੀਕਰਨ ਯੁੱਗ' ਚ ਵਿਖਾਵਾ ਵਧੇਰੇ ਦਿਸਦਾ ਹੈ ਅੱਜ ਮਾਨਵ ਆਪਣੀ ਹੋਂਦ, ਸ਼ਖਸੀਅਤ ਬਣਾਉਣ ਲਈ ਕਈ ਤਰ੍ਹਾਂ ਦੇ ਝੂਠ ਬੋਲਦਾ ਲੋਕਾਂ ਦਾ ਭਲਾ ਕਰਨ ਦਾ ਵਿਖਾਵਾ ਵੀ ਕਰਦਾ ਹੈ। ਜੋ ਮਾਨਵ ਆਪਣੇ ਦਿਖਾਵੇ ਸਆਰਥ ਲਈ ਕਰਦਾ ਹੈ। ਝੂਠੀ ਟੌਹਰ ਬਣਾਉਣ ਦੀ ਕੋਸ਼ਿਸ ਕਰਦਾ ਪਰ ਸਫਲ ਨਹੀਂ ਹੁੰਦਾ। ਸਫ਼ਲ ਉਹੀ ਹੁੰਦਾ ਜੋ ਸੱਚੇ ਦਿਲ ਤੋਂ ਸੰਤੋਖ ਨਾਲ ਰੱਬ ਨੂੰ ਪਿਆਰ ਕਰਦਾ। (ਆਸਾ ਦੀ ਵਾਰ ਅਨੁਸਾਰ) ਉਹ ਮਾਨਵ ਮਾੜੇ ਕੰਮ ਨਹੀਂ ਕਰ ਸਕਦਾ ਤੇ ਦਿਖਾਵਿਆ ਦੀ ਜਗ੍ਹਾ ਸੱਚੇ ਦਿਲੋ ਸਭ ਦੀ ਭਲਾਈ ਕਰਦਾ ਤੇ ਸਾਦਗੀ ਨਾਲ ਮਨੋਂ ਸੇਵਾ ਕਰਦਾ ਹੈ।

**ਉਨੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥**

**ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ॥**

**ਵਡਿਆਈ ਵਡਾ ਪਾਇਆ॥**[10]

ਇਸ ਵਿਸ਼ਵੀਕਰਨ ਯੁੱਗ ਵਿੱਚ ਮਨੁੱਖ ਆਪਣੇ ਸੰਜਮ ਨੂੰ ਪੂਰਨ ਤੌਰ ਖੋਹ ਬੈਠਾ ਹੈ ਜਿਸ ਕਾਰਨ ਅੱਜ ਉਸ ਦੇ ਮੋਹ ਰੂਪ ਜੰਜੀਰ ਵਿੱਚ ਫਸ ਕੇ ਆਪਣੀਆ ਮੰਗਾਂ ਨੂੰ ਸੰਜਮ ਸੰਤੋਖ 'ਚ ਨਹੀਂ ਰੱਖ ਪਾਉਦਾ ਜਿਸ ਕਾਰਨ ਮਨੁੱਖ ਦੁੱਖਾਂ ਵਿੱਚ ਹੀ ਧਸਦਾ ਜਾ ਰਿਹਾ ਹੈ ਉਸ ਨੂੰ ਕਿਤੇ ਸ਼ਾਂਤੀ ਪ੍ਰਾਪਤ ਨਹੀਂ ਹੈ। ਆਸਾ ਦੀ ਵਾਰ ਅਨੁਸਾਰ ਜੋ ਮਨੁੱਖ ਸੰਜਮ ਸੰਤੋਖ 'ਚ ਰਹਿਣਾ ਸਿੱਖ ਲੈਂਦਾ ਉਹ ਸਾਦੇ ਜੀਵਨ ਨੂੰ ਪਹਿਲ ਦਿੰਦਾ ਉਹ ਦਿਖਾਵੇ ਨਹੀਂ ਕਰਦਾ ਨਾ ਹੀ ਮੋਹ ਮਾਇਆ ਦੇ ਲਾਲਚ ਅਤੇ ਨਾ ਹੀ ਮਾੜੇ ਕੰਮ ਕਰਦਾ। ਉਸਦਾ ਖਾਣ ਪੀਣ ਵੀ ਸਾਦਾ ਤੇ ਸਰੀਰਕ ਨਿਰਬਾਹ ਲਈ ਹੋਵੇਗਾ ਨਾ ਕਿ ਦੂਜਿਆਂ ਨੂੰ ਦਿਖਾਵੇ ਜਾਂ ਚਸਕੇ ਵਾਲਾ ਨਹੀਂ ਹੋਵੇਗਾ।ਉਹ ਸਾਦਾ ਜੀਵਨ ਜਿਊਣ ਨਾਲ ਆਪਣੀ ਹੋਂਦ ਨੂੰ ਸੰਤੋਖੀ ਮਨੁੱਖ ਵਿੱਚ ਤਬਦੀਲ ਕਰਕੇ ਪ੍ਰਭੂ ਨੂੰ ਪ੍ਰਾਪਤ ਕਰਨ ਵਿੱਚ ਕਾਮਯਾਬ ਹੋਵੇਗਾ।

**ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ॥**

**ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ॥**

**ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ॥**

**ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ॥**

**ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ॥**

**ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ॥**[11]

ਅੱਜ ਦੇ ਸਮ੍ਹੇਂ ਵਿੱਚ ਲੋਕ ਲੱਖ ਚੰਗੇ ਬਣਨ ਦਾ ਵਿਖਾਵਾ ਕਰਦੇ ਹਨ। ਆਪਣੀ ਅਮੀਰੀ ਦੀ ਝੂਠੀ ਸ਼ਾਨ ਲਈ ਪੁੰਨ ਕਰਦੇ ਹਨ ਤੇ ਧਾਰਮਿਕ ਸਥਾਨਾਂ ਤੇ ਜਾਂਦੇ ਹਨ ਪਰ ਹਿਰਦੇ ਵਿੱਚ ਖਿੜਾਓ ਤੇ ਟਿਕਾ ਨਹੀਂ ਜਿਸ ਕਾਰਨ ਮਨੁੱਖ ਡੋਲਦਾ ਰਹਿੰਦਾ ਹੈ। ਮਨੁੱਖ ਜੰਗਾਂ ਯੁੱਗਾਂ ਵਿੱਚ ਆਪਣੀ ਬਹਾਦਰੀ ਦੇ ਕਾਰਨਾਮੇ ਦਿਖਾਉਂਦਾ ਝੂਠੀ ਸ਼ਾਨ ਵਿੱਚ ਤੁਰਦਾ ਪਰ ਜੇ ਮਨ ਨੂੰ ਇਕਾਗਰ ਕੀਤਾ ਜਾਣ ਦਾ ਯਤਨ ਕੀਤਾ ਜਾਏ ਤਾਂ ਮਨੁੱਖ ਦੀ ਇਹ ਬਹਾਦਰੀ ਬੇਕਦਰੀ ਦੇ ਸਮਾਨ ਹੈ। ਇਸ ਲਈ ਬੇਸ਼ੱਕ ਉਹ ਕਿੰਨਾ ਹੀ ਗਿਆਨਵਾਨ ਹੋਵੇ ਕਿੰਨੀਆਂ ਹੀ ਪਾਠ ਪੁਸਤਕਾਂ ਪੜ੍ਹੇ ਹਨ। ਗੁਰੂ ਜੀ ਦੀ ਬਾਣੀ ਅਨੁਸਾਰ ਪ੍ਰਮਾਤਮਾ ਦੀ ਦਰਗਾਹ ਤੇ ਇਹ ਬਹਾਦਰੀ ਵਿਅਰਥੀ ਹੈ। ਕਿਉਂਕਿ ਪਰਮਾਤਮਾ ਨੇ ਹੀ ਤਾਂ ਇਹ ਸਾਰੀ ਸ੍ਰਿਸ਼ਟੀ ਰਚੀ ਹੈ ਤੇ ਜੰਮਣਾ-ਮਰਨਾ ਸਭ ਉਸ ਦੇ ਹੱਥ ਹੈ।ਨੇਕੀ ਤੇ ਚੰਗੇ ਕੰਮ ਹੀ ਮਨੁੱਖ ਦੀ ਮਤ ਪ੍ਰਮਾਤਮਾ ਦੀ ਦਰਗਾਹ 'ਚ ਉੱਤਮ ਮੰਨਿਆ ਜਾਣਾ ਹੈ।ਮਾਨਵ ਜਿੰਨੀ ਸਦਾਚਾਰਤਾ ਨਾਲ ਧਾਰਮਿਕ ਪ੍ਰੰਪਰਾ ਨੂੰ ਨਿਭਾਏਗਾ।ਉਨਾਂ ਹੀ ਨੇਕੀ ਕਰਨ ਨਾਲ ਅਡੋਲ ਹੋਵੇਗਾ।

**ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥**

**ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥**

**ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥**

**ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥**

**ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥**[12]

ਇਸ ਵਿਸ਼ਵੀਕਰਨ ਯੁੱਗ ਵਿੱਚ ਹਰ ਮਨੁੱਖ ਅੱਜ ਪੜ੍ਹਿਆ ਲਿਖਿਆ ਗਿਆਨਵਾਨ ਕਹਲਾਉਂਦਾ। ਤੇ ਮਨੁੱਖ ਇੰਨਾ ਪੁਸਤਕਾਂ ਰਾਹੀ ਨੀਵਾਂ ਹੋ ਕੇ ਨਿਮਰਤਾ ਨਾਲ ਦੂਜਿਆਂ ਨੂੰ ਵੀ ਜੇ ਸਿੱਖਿਆ ਦੇਵੇ ਤਾਂ ਹੀ ਉਹ ਮਨੁੱਖ ਗਿਆਨਵਾਨ ਹੋ ਸਕਦਾ ਨਹੀਂ ਤੇ ਉਸ ਦੀਆਂ ਪੁਸਤਕਾਂ ਦੇ ਢੇਰ ਜਿੰਨ੍ਹਾਂ ਨੂੰ ਪੜ੍ਹ ਪੜ੍ਹ ਉਸ ਨੇ ਉਮਰ ਗੁਜਾਰ ਦਿੱਤੀ। ਉਸ ਤੇ ਇਸ ਗਿਆਨ ਦਾ ਕੋਈ ਫਾਇਦਾ ਨਹੀਂ ਜੇ ਪੁਸਤਕਾਂ ਪੜ੍ਹ ਉਸ ਦੇ ਅਸਲੀ ਮਾਰਗ ਤੇ ਅਮਲ ਨਹੀਂ ਕੀਤਾ। ਗੁਰੂ ਜੀ ਅਨੁਸਾਰ ਗਿਆਨੀ ਮਨੁੱਖ ਉਹੀ ਹੈ ਜੋ ਨਿਮਰਤਾ ਨਾਲ ਦੂਜਿਆਂ ਦੀ ਖੁਸ਼ੀ ਵਿੱਚ ਖੁਸ਼ੀ ਹੋਵੇ ਤੇ ਹਰ ਇੱਕ ਨੂੰ ਗਿਆਨ ਨਾਲ ਨਿਮਰਤਾ ਤੇ ਪ੍ਰਮਾਤਮਾ ਮਾਰਗ ਦੇ ਮਾਰਗ ਨੂੰ ਦਰਸਾਏ। ਜੇ ਮਨੁੱਖ ਆਪਣੇ ਗਿਆਨ ਦੇ ਹਉਮੈ ਵਿੱਚ ਭਟਕਦਾ ਰਹੇਗਾ ਤਾਂ ਉਹ ਪਰਮਾਤਮਾ ਦੀ ਸਿਫ਼ਤ ਸਲਾਹ ਤੋਂ ਸੱਖਣਾ ਹੀ ਰਹੇਗਾ। ਇਸ ਲਈ ਅੱਜ ਮਨੁੱਖ ਨੂੰ ਜ਼ਰੂਰੀ ਹੈ ਕਿ ਹਉਮੈ ਦੀ ਥਾਂ ਨਿਮਰਤਾ ਸਦਕਾ ਸਭ ਨੂੰ ਸਿੱਖਿਆ ਦਾ ਸਰਵਵਿਆਪੀ ਗਿਆਨ ਦੇਵੇ ਤੇ ਵਿੱਦਿਆ ਦੇ ਝੂਠਾ ਮਾਨ ਨਾ ਕਰੇ। ਆਸਾ ਦੀ ਵਾਰ ਬਾਣੀ ਅਨੁਸਾਰ ਗਿਆਨਵਾਨ ਮਨੁੱਖ ਉਹੀ ਹੈ ਜੋ ਅੱਜ ਦੇ ਵਿਸ਼ਵੀਰਨ ਯੁੱਗ ਵਿੱਚ ਸਮਾਜ ਨੂੰ ਨਿਮਰਤਾ ਸਾਹਿਤ ਏਕਤਾ ਅਤੇ ਵਿੱਦਿਆ ਦੇ ਮਾਰਗ ਪ੍ਰਤੀ ਸਮਾਜ ਨੂੰ ਚੇਤੰਨ ਕਰੇ।

**ਲਿਖਿ ਲਿਖਿ ਪੜਿਆ ਭੇਤਾ ਕੜਿਆ॥**

**ਬਹੁ ਤੀਰਥ ਭਵਿਆ ਤੇਤੋ ਲਵਿਆ॥**[13]

ਮਨੁੱਖ ਝੂਠ ਹੰਕਾਰ ਵਿੱਚ ਜਿਉਂਦਾ ਕਿਉਂ ਕਿ ਪੜ੍ਹੇ ਲਿਖੇ ਨੂੰ ਆਪਣੀ ਵਿੱਦਿਆ ਤੇ ਮਾਣ ਹੈ ਪਰ ਰੱਬ ਅੱਗੇ ਇਹ ਵਿੱਦਿਆ ਝੂਠੀ ਤੇ ਅਹੰਕਾਰ ਹੈ।ਕਿਉਂ ਕਿ ਪ੍ਰਮਾਤਮਾ ਅਨੁਸਾਰ ਅਸਲ ਵਿੱਦਿਆ ਤਾਂ ਉਹ ਹੈ ਜੋ ਪਰਉਪਕਾਰੀ ਦੂਜਿਆਂ ਨੂੰ ਪ੍ਰਕਾਸ਼ਮਾਨ ਕਰਦੀ ਹੈ ਨਾ ਕੀ ਗਰੂਰ ਵਿੱਚ ਢਾਲਦੀ ਹੈ। ਅਸਲੀ ਗਿਆਨਵਾਨ ਇਨਸ਼ਾਨ ਉਹੀ ਹੈ ਜੋ ਆਪਣੇ ਗਿਆਨ ਨਾਲ ਦੂਜਿਆਂ ਦਾ ਵੀ ਭਲਾ ਕਰੇ ਨਿਮਰਤਾ ਨਾਲ ਰਹੇ ਤੇ ਹਲੀਮੀ ਵਿੱਚ ਜੀਵਨ ਬਤੀਤ ਕਰੇ। ਇਸ ਤਰ੍ਹਾਂ ਕਈ ਲੋਕ ਵੱਖ ਵੱਖ ਨਾਵਾਂ ਦੇ ਤੀਰਥਾਂ ਤੇ ਜਾਂਦੇ ਹਨ ਪਰ ਜੀਵਨ ਨੂੰ ਸਫਲ ਬਣਉਣ ਦੀ ਵਜ੍ਹਾਂ ਹੰਕਾਰ ਵਿੱਚ ਹੋ ਜਾਂਦੇ ਹਨ। ਕਿਉਂਕਿ ਉਸ ਨੂੰ ਉਨ੍ਹਾਂ ਤੀਰਥਾਂ ਇਸ਼ਨਾਨਾਂ ਦਾ ਕੋਈ ਫਾਇਦਾ ਹੀ ਨਹੀਂ ਜਦ ਬਾਹਰ ਕੁਝ ਹੋਰ ਹੋਵੇ ਤੇ ਮਨ ਅੰਦਰਿ ਮੈਲ ਹੋਵੇ ਅਸਲੀ ਤੀਰਥ ਤਾਂ ਉਹ ਹੈ ਜਿੱਥੇ ਸਰਬੱਤ ਦਾ ਭਲਾ ਮੰਗਿਆ ਜਾਂਦਾ ਹੈ। ਇਹ

ਵਿਖਾਵੇ ਅਡੰਬਰ ਮਨੁੱਖ ਨੂੰ ਸਦਾਚਾਰਤਾ ਤੋਂ ਦੂਰ ਕਰਮ ਕਾਂਡਾ ਤੇ ਪਖੰਡਾਂ ਵਿੱਚ ਪਾਉਂਦਾ ਹੈ। ਜਿਸ ਨਾਲ ਇਨਸਾਨ ਆਪਣੇ ਮਾਰਗ ਤੋਂ ਭਟਕਦਾ ਤੇ ਸਮਾਜ ਵਿੱਚ ਆਪਣੇ ਸਥਾਨ ਦੂਰ ਹੋ ਜਾਂਦਾ। ਫਿਰ ਇਹੋ ਜਿਹੇ ਗਿਆਨ ਤੇ ਤੀਰਥ ਇਸ਼ਨਾਨ ਦਾ ਕੀ ਫਾਇਦਾ ਜਦ ਮਨੁੱਖ ਸਵਾਰਥ ਨੂੰ ਹੀ ਛੱਡਦਾ ਨਾ ਹੋਵੇ। ਆਸਾ ਦੀ ਵਾਰ ਅਨੁਸਾਰ ਜੋ ਵਿਅਤਕੀ ਵਿੱਦਿਆ ਤੇ ਮਾਣ ਕਰਦਾ ਤੇ ਤੀਰਥ-ਯਾਤਰਾ ਕਰਕੇ ਹੰਕਾਰ ਵਿੱਚ ਆਉਂਦਾ। ਉਹ ਇਸ ਪੂੰਜੀਵਾਦੀ ਯੁੱਗ ਵਿੱਚ ਸਿਰਫ਼ ਆਪਣਾ ਸਵਾਰਥ ਦੇਖ ਰਿਹਾ ਜੋ ਉਸ ਨੂੰ ਮੂਰਖਤਾ ਦੇ ਰਾਹਾ ਤੇ ਲੈ ਕੇ ਜਾ ਰਿਹਾ।

**ਕੂੜ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ॥**

**ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ॥**[14]

ਅੱਜ ਦੇ ਇਸ ਵਿਸ਼ਵੀਕਰਨ ਯੁੱਗ ਵਿੱਚ ਲੋਕਾਂ ਨੂੰ ਜਾਗਰੂਕ ਹੋਣ ਦੀ ਜ਼ਰੂਰਤ ਹੈ। ਕਿਉਂਕਿ ਅੱਜ ਸਾਰਾ ਸੰਸਾਰ ਛਲ ਕਪਟ ਦਾ ਰੂਪ ਧਾਰਨ ਕਰ ਚੁੱਕਿਆ। ਇਹ ਛਲ ਜੋ ਦੂਰੋਂ ਵੇਖਣ ਨੂੰ ਬੜ੍ਹਾ ਹੀ ਮਿੱਠਾ ਤੇ ਸੁਹਾਵਣਾ ਲੱਗਦਾ। ਪਰ ਇਸਦੀ ਚਮਕ ਦਸਕ ਮਾਨਵ ਨੂੰ ਗਲਤ ਰਸਤੇ ਪਾਉਦੀਂ ਹੈ। ਇਹ ਸਭ ਝੂਠ, ਛਲ ਕਪਟ ਵਿਖਾਵਾ ਹੈ। ਅੱਜ ਜੇ ਮਨੁੱਖ ਇਸ ਵਿਖਾਵੇ ਵਿੱਚ ਇੱਦਾ ਹੀ ਧਸਦਾ ਗਿਆ ਤਾਂ ਨੈਤਿਕ ਕਦਰਾਂ ਕੀਮਤਾਂ ਜੋ ਮਾਨਵ ਦੇ ਜੀਵਨ ਦਾ ਸਭ ਤੋਂ ਵੱਡਾ ਗੁਣ ਹੈ। ਉਹ ਝੂਠਾ ਵਿੱਚ ਬਦਲ ਜਾਏਗਾ ਤੇ ਮਨੁੱਖ ਸਾਰੀ ਜਿੰਦਗੀ ਖਜਲ ਖੁਆਰੀ ਵਿੱਚ ਹੀ ਘਿਰਿਆ ਰਹੇਗਾ। ਆਸਾ ਦੀ ਵਾਰ ਅਨੁਸਾਰ ਇਹ ਸਭ ਮਨੁੱਖ ਪ੍ਰਭੂ ਨੇ ਹੀ ਬਣਾਏ ਹੋਏ ਹਨ ਤੇ ਮਨੁੱਖ ਪ੍ਰਮਾਤਮਾ ਦੇ ਸੱਚੇ ਰਸਤੇ ਨੂੰ ਭੁੱਲ ਛਲ ਦੇ ਮੋਹ ਵਿੱਚ ਪ੍ਰਮਾਤਮਾ ਤੋਂ ਹੀ ਵਿਸਰਦਾ ਜਾ ਰਿਹਾ ਹੈ ਮਨੁੱਖ ਇਹ ਭੁੱਲ ਗਿਆ ਹੈ ਪ੍ਰਮਾਤਮਾ ਤੋਂ ਬਿਨਾਂ ਇਹ ਸਾਰਾ ਸੰਸਾਰ ਛਲ ਹੀ ਛਲ ਹੈ ਜਿਸ ਵਿੱਚ ਮਨੁੱਖ ਇਸ ਭਰਮ ਨਾਲ ਜੀਆ ਰਿਹਾ ਕਿ ਉਹ ਐਸ਼ ਆਰਾਮ ਨਾਲ ਜਿਉਂਦਾ ਪਰ ਉਸ ਦਾ ਮਨ ਐਸ ਆਰਾਮ ਵਿੱਚ ਵੀ ਭਟਕਦਾ ਤੇ ਉਸ ਨੂੰ ਸੰਤੁਸ਼ਟੀ ਨਾਲ ਜਿਉਂਣ ਨਹੀਂ ਦਿੰਦਾ। ਜੇ ਮਨੁੱਖ ਪ੍ਰਮਾਤਮਾ ਦੇ ਬਣਾਏ ਜਾਲ ਵਿੱਚ ਬੈਠੇ ਤਾਂ ਉਹ ਇਸ ਸੰਸਾਰਿਕ ਜਾਲ ਦੇ ਝੂਠ ਤੋਂ ਜਾਣੂ ਹੋ ਸਕੇਗਾ। ਏਕਤਾ ਤੇ ਸਦਾਚਾਰਤਾ ਜੀਵਨ ਦੇ ਅਸਲੀ ਮਾਰਗ ਨੂੰ ਸੰਸਾਰੀ ਮਨੁੱਖ ਪਛਾਣੇਗਾ।

**ਸਚੁ ਤਾਪੁਰ ਜਾਣੀਐ ਜਾ ਰਿਦੈ ਸਚਾ ਹੋਇ॥**

**ਕੂੜ ਕੀ ਮਲੁ ਉਤਰੈ ਤਨੁ ਕਰੇ ਰਛਾ ਧੋਇ॥**

**ਸਚੁ ਤਾਪਰ ਜਾਣੀਐ ਜਾ ਸਚਿ ਧਰੇ ਪਿਆਰੁ॥**

**ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ॥**[15]

ਅੱਜ ਸੰਸਾਰ ਵਿਸ਼ਵੀਕਰਨ ਦੀ ਏਕਤਾ ਦੇ ਭਰਮ ਵਿੱਚ ਜਿਉਂ ਰਿਹਾ ਹੈ। ਪਰ ਇਹ ਵਿਸ਼ਵੀਕਰਨ ਵਿੱਚ ਛਲ, ਵਾਸਨਾਵਾਂ ਨਾਲ ਭਰਿਆ ਹੋਇਆ ਹੈ। ਝੂਠ ਵੱਧ ਫੁਲ ਰਿਹਾ। ਜੇਕਰ ਇਹ ਝੂਠ ਦੀ ਮੈਲ਼ ਮਨੁੱਖੀ ਮਨ ਤੋਂ ਉਤਰ ਜਾਵੇ ਤਾਂ ਦੁਨੀਆਂ ਦੇ ਸੱਚ ਨੂੰ ਮਨੁੱਖ ਪਛਾਣ ਸਕਦਾ। ਜਿਸ ਨਾਲ ਮਾਇਆਂ ਦਾ ਮੋਹ ਛਲ ਵਾਸਨਾਵਾਂ ਮਨ ਤੋਂ ਦੂਰ ਹੋਣਗੇ । ਪਰਮਾਤਮਾ ਦੇ ਲੜ ਲੱਗਣ ਨਾਲ ਸਰੀਰਕ ਰੂਪ ਵੀ ਇੱਕ ਨਵੀਨ ਰੂਪ ਵਿੱਚ ਦਿਖੇਗਾ ਤੇ ਮਨੁੱਖ ਪਰਮਾਤਮਾ ਨੂੰ ਹਿਰਦੇ ਵਿੱਚ ਸੱਚ ਦੇ ਲੜ ਲੱਗਕੇ ਜੀਵਨ ਨੂੰ ਸਫ਼ਲ ਬਣਾਵੇਗਾ। ਆਸਾ ਦੀ ਵਾਰ ਵਿੱਚ ਇਸ ਝੂਠੇ ਮੋਹ ਸਬੰਧੀ ਦੱਸਿਆ ਜਾਂਦਾ ਹੈ ਕਿ ਇਹ ਮਨੁੱਖੀ ਮਨ ਨੂੰ ਸਾਂਤੀ ਨਹੀਂ ਦੇ ਸਕਦਾ ਇੱਕ ਸੱਚ ਹੀ ਮਨੁੱਖ ਦੇ ਚਿਹਰੇ ਉੱਪਰ ਨੂਰ ਲਿਆ ਸਕਦਾ ਜਿਸ ਨਾਲ ਜੀਵਨ ਵੀ ਸਫ਼ਲਤਾ ਦੇ ਰਾਹ ਤੇ ਪਵੇਗਾ।

**ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ॥** [16]

ਲਾਲਚ ਜੋ ਮਨੁੱਖ ਨੂੰ ਬੁਰਾ ਬਣਾਉਂਦਾ। ਇਹ ਲਾਲਚ ਹੀ ਮਨੁੱਖ ਨੂੰ ਦੂਜਿਆਂ ਪ੍ਰਤੀ ਈਰਖਾ, ਧੋਖਾ, ਨਿੰਦਾ ਸਿਖਾਉਂਦਾ। ਇਸ ਤੋਂ ਇਲਾਵਾ ਦੂਜਿਆਂ ਦੀਆ ਚੀਜਾਂ ਤੇ ਨਜ਼ਰ ਰੱਖਣਾ ਕਬਜ਼ਾ ਕਰਨਾ ਇਹ ਹੱਕ ਅੱਖ ਨਹੀਂ ਰੱਖਣਾ ਚਾਹੀਦਾ ਹੈ ਪਰ ਅੱਜ ਮਨੁੱਖ ਇਹ ਕਰ ਰਿਹਾ ਹੈ। ਇਸ ਦੇ ਨਾਲ ਰਿਸ਼ਤੇ ਵੀ ਟੁੱਟਦੇ ਰਹੇ ਹਨ। ਵਿਸ਼ਵੀਕਰਨ ਯੁੱਗ ਵਿੱਚ ਅੱਜ ਰਿਸ਼ਤਿਆ 'ਚ ਕੋਈ ਵੀ ਆਪਣਪਨ ਨਾ ਰਹਿ ਕੇ ਹਰ ਕੋਈ ਲਾਲਚ ਵਸ ਪੈ ਗਿਆ ਤੇ ਇਹ ਰਿਸ਼ਤਿਆਂ ਦੀਆਂ ਮੋਹ ਵਾਲੀਆਂ ਤੰਦਾਂ ਫਿੱਕੀਆਂ ਪੈ ਰਹੀਆਂ ਹਨ। ਇਕ ਦੂਜੇ ਦੀ ਪਹਿਚਾਣ, ਪਿਆਰ, ਮੋਹ ਦੀ ਜਗ੍ਹਾਂ ਸਾੜਾ ਹੀ ਮਨੁੱਖ ਦੇ ਪੱਲੇ ਰਹਿ ਗਿਆ, ਜਿਸ ਨਾਲ ਮਨੁੱਖੀ ਮਨ ਇੱਕਲਾ ਹੁੰਦਾ ਜਾ ਰਿਹਾ ਹੈ ਖ਼ੂਨ ਦੇ ਰਿਸ਼ਤੇ ਇਨ੍ਹਾਂ ਲਾਲਚ ਵਸ ਟੁੱਟਦੇ ਜਾ ਰਹੇ ਹਨ। ਜਦਕਿ ਇਹ ਲਾਲਚ ਜਿੰਦਗੀ ਵਿੱਚ ਸਦਾ ਸਾਥ ਨਹੀਂ ਰਹਿੰਦਾ। ਇਹ ਕੁਝ ਸਮੇਂ ਦੀ ਝੂਠੀ ਖੁਸ਼ੀ ਤੇ ਠਾਠ ਬਾਠ ਹੁੰਦੀ ਹੈ। ਮਨੁੱਖ ਦਾ ਸਾਥ ਪ੍ਰਮਾਤਮਾ ਹੈ ਤੇ ਰਿਸ਼ਤੇ ਨਾਤੇ ਵੀ ਤਾਂ ਨਿਭਾਏ ਜਾਣਗੇ ਜੇਕਰ ਮਨੁੱਖ ਇਨ੍ਹਾਂ ਲਾਲਚ ਨੂੰ ਛੱਡ ਆਪਣੇ ਸੱਚੇ ਮਨ ਨਾਲ ਸੰਤੁਸ਼ਟੀ ਵਾਲਾ ਜੀਵਨ ਬਸਰ ਕਰੇ ਤੇ ਪ੍ਰਮਾਤਮਾ ਦੀ ਮਿਹਰ ਵਿੱਚ ਖੁਸ਼ ਰਹੇ ਤੇ ਮਿਹਨਤ ਦੇ ਉੱਪਰ ਵਿਸ਼ਵਾਸ ਕਰੇ ਤੇ ਆਪਣੇ ਰਿਸ਼ਤਿਆ ਨੂੰ ਮਾਣ ਸਤਿਕਾਰ ਦੇਵੇ। ਅੱਜ ਦੇ ਵਿਸ਼ਵੀਕਰਨ ਯੁੱਗ ਵਿੱਚ ਲਾਲਚਾਂ ਕਾਰਨ ਰਿਸ਼ਤੇ ਫਿੱਕੇ ਪੈ ਰਹੇ ਹਨ। ਮਾਨ ਸਤਿਕਾਰ ਖਤਮ ਹੁੰਦਾ ਜਾ ਰਿਹਾ ਹੈ ਜੋ ਇਨਸਾਨ ਦੀ ਸੋਚ ਨੂੰ ਵੀ ਨਕਰਾਤਮਕ ਵੱਲ ਲੈ ਕੇ ਜਾ ਰਿਹਾ ਹੈ। ਆਸਾ ਦੀ ਵਾਰ ਇਨਸਾਨ ਨੂੰ ਰਿਸ਼ਤਿਆ ਦੀ ਅਹਿਮੀਅਤ ਦਰਸਾਉਂਦੀ ਹੈ ਕਿ ਇੰਨ੍ਹਾਂ ਰਿਸ਼ਤਿਆਂ ਨਾਲ ਹੀ ਮਾਨਵ ਦੀ ਹੋਂਦ ਹੈ ਨਹੀਂ ਤੇ ਇਨਸਾਨ ਦਾ ਇਸ ਸੰਸਾਰ ਤੇ ਜਿਉਣਾ ਵੀ ਨਾਮੁਮਕਿਨ ਹੈ ਇਸ ਲਈ ਜ਼ਰੂਰੀ ਹੈ ਕਿ ਇੰਨ੍ਹਾਂ ਰਿਸ਼ਤਿਆਂ ਨੂੰ ਮਨੁੱਖ ਮਹੱਤਵ ਦੇਵੇ ਤੇ ਇਸ ਲਾਲਚ, ਮਾਇਆਂ ਦੀ ਝੂਠੀ ਜਿੰਦਗੀ ਨੂੰ ਛੱਡ ਕੇ ਸ਼ਾਨ ਨਾਲ ਜਿੰਦਗੀ ਬਸਰ ਕਰੇ ।

**ਧੁਰਿ ਕਰਮੁ ਜਿਨਾ ਕਉ ਤੁਧੁ ਪਾਇਆ ਤਾ ਤਿਨੀ ਖਸਮੁ ਧਿਆਇਆ॥**

**ਏਨ੍ਹਾ ਜੰਤਾ ਕੈ ਵਸਿ ਕਿਛੁ ਨਾਹੀ ਤੁਧੁ ਵੇਕੀ ਜਗਤੁ ਉਪਾਇਆ॥**[17]

ਚੰਗੇ ਕਰਮ ਤਾਂ ਹੀ ਮਨੁੱਖ ਕਰ ਸਕਦੇ ਜਦੋਂ ਪਰਮਾਤਮਾ ਦੀ ਮਿਹਰ ਹੁੰਦੀ ਹੈ। ਇਹ ਮਿਹਰ ਉਦੋਂ ਹੀ ਹੁੰਦੀ ਹੈ ਜਦ ਮਾਨਵ ਪ੍ਰਮਾਤਮਾ ਨਾਲ ਜੁੜਦਾ। ਨਾਮ ਸਿਮਰਦਾ ਤਾਂ ਪ੍ਰਮਾਤਮਾ ਵੀ ਆਪਣੇ ਚਰਨਾਂ ਵਿੱਚ ਜੋੜੀ ਰੱਖਦਾ। ਇਹ ਮਿਹਰ ਸਦਕਾ ਹੀ ਜਦ ਮਾਨਵ ਇਸ ਝੂਠ ਤੋਂ ਦੂਰ ਸਕਰਾਤਮਕ ਸੋਚ ਨਾਲ ਸਹਿਜ ਸੁਭਾਅ ਹੋ ਕੇ ਪ੍ਰਭੂ ਨਾਲ ਇੱਕ ਮਿਕ ਹੁੰਦਾ ਹੈ। ਤਾਂ ਪ੍ਰਭੂ ਦੀ ਮਿਹਰ ਵੀ ਹਮੇਸ਼ਾ ਉਸ ਤੇ ਰਹਿੰਦੀ ਹੈ। ਜਿਸ ਨਾਲ ਮਨੁੱਖ ਭੈਅ ਤੋਂ ਦੂਰ ਸਾਂਤ ਤੇ ਸਹਿਜ ਸੁਭਾਅ ਹੋ ਕੇ ਇਸ ਅਸਾਂਤ ਦੁਨੀਆ ਵਿੱਚ ਜਿੰਦਗੀ ਬਸਰ ਕਰਦਾ। ਆਸਾ ਦੀ ਵਾਰ ਅਨੁਸਾਰ ਇਹ ਚੰਗੇ ਕਰਮ ਹੀ ਮਨੁੱਖ ਦੀ ਸਮਾਜ ਵਿੱਚ ਇੱਕ ਅਲੱਗ ਪਹਿਚਾਣ ਬਣਾਉਂਦੇ ਹਨ। ਜੋ ਮਾਨਵ ਨੂੰ ਪਰਮਾਤਮਾ ਦੇ ਸਦਕਾ ਪ੍ਰਾਪਤ ਹੁੰਦੇ ਹਨ। ਜਿਹੜੇ ਉਸ ਨੇ ਆਪਣੇ ਸੱਚੇ ਮਨ ਨਾਲ ਕਮਾਏ ਹੁੰਦੇ ਹਨ ਤੇ ਅੱਜ ਵਿਸ਼ਵੀਕਰਨ ਯੁੱਗ ਵਿੱਚ ਮਾਨਵ ਨੂੰ ਇਸ ਦੇ ਮਹੱਤਵ ਦੀ ਕੋਈ ਸੂਝ ਹੀ ਨਹੀਂ ਜਿਸ ਕਾਰਨ ਮਨੁੱਖ ਪਰਮਾਤਮਾ ਤੋਂ ਵਿਸਰ ਰਿਹਾ ਤੇ ਆਪਣਾ ਵਿਸ਼ਵਾਸ ਪਰਮਾਤਮਾ ਤੋਂ ਵਿਸਰ ਰਿਹਾ ਹੈ।

**ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ॥**

**ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾਕ੍ਰਿਤਹ॥**

**ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ॥**

**ਨਾਨਕ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ॥**[18]

ਜੋਗ ਦਾ ਧਰਮ ਗਿਆਨ ਪ੍ਰਾਪਤ ਕਰਨਾ ਉੱਥੇ ਬ੍ਰਹਮਣਾਂ ਦਾ ਧਰਮ ਵੇਦਾਂ ਤੇ ਵਿਚਾਰ ਕਰਨਾ ਹੈ ਪਰ ਇਹ ਧਾਰਮਿਕ ਆਗੂ ਵਿਸ਼ਵ ਨੂੰ ਗਿਆਨ ਤੇ ਵਿਚਾਰ ਦੀ ਜਗ੍ਹਾ ਰੱਬੀ ਮਾਰਗ ਤੋਂ ਭਟਕਾ ਰਹੇ ਹਨ। ਤੇ ਮਾਨਵ ਨੂੰ ਵੱਖ-ਵੱਖ ਜਾਤਾਂ ਵਿੱਚ ਵੰਡ ਪਾ ਰਹੇ ਹਨ। ਖਤਰੀਆਂ ਨੂੰ ਯੋਧੇ ਤੇ ਸ਼ੂਦਰਾਂ ਨੂੰ ਸੇਵਾ ਕਰਮੀ ਦੱਸਦੇ ਹਨ। ਉਨ੍ਹਾਂ ਨੂੰ ਇਹ ਬ੍ਰਹਮਣ ਵਰਗ ਅੱਜ ਵੀ ਅਸੂਤ ਮੰਨਦੇ ਹਨ ਤੇ ਆਪਣੇ ਆਪ ਨੂੰ ਇਹ ਧਾਰਮਿਕ ਅਖੌਤੀ ਰੱਬ ਦੇ ਪੈਰੋਕਾਰ ਮੰਨੀ ਬੈਠੇ ਹਨ। ਜਦ ਕਿ ਇਹ ਵਿਖਾਵਾ ਤੇ ਢੋਂਗ ਇਨ੍ਹਾਂ ਅਖੌਤੀ ਲੋਕਾਂ ਵੱਲੋਂ ਹੀ ਸਿਰਜੇ ਗਏ ਹਨ। ਜਿਸ ਵਿੱਚ ਕੋਈ ਸਦਾਚਾਰਤਾ ਦਾ ਗੁਣ ਨਜ਼ਰ ਨਹੀਂ ਆਉਂਦਾ ਤੇ ਇਹ ਜਾਤ ਪਾਤ ਵੀ ਭਰਮ ਭੁਲੇਖਾ ਹਨ। ਕਿਉਂ ਕਿ ਮਾਨਵ ਦੀ ਜਾਤ ਇੱਕ ਹੈ ਤੇ ਇਹ ਰੱਬ ਨੇ ਬਣਾਈ ਹੋਈ ਹੈ ਤੇ ਹਰ ਮਨੁੱਖ ਨੂੰ ਸੰਸਾਰ ਵਿੱਚ ਰਹਿਣ ਦਾ ਆਜ਼ਾਦੀ ਹੈ। ਹਰ ਮਨੁੱਖ ਪ੍ਰਮਾਤਮਾ ਦਾ ਦਾਸ ਹੈ ਤੇ ਮਨੁੱਖ ਪਰਮਾਤਮਾ ਦਾ ਹੀ ਰੂਪ ਹੈ। ਦੂਜਿਆਂ ਦਾ ਕਲਿਆਣ ਕਰਨਾ ਇਹੀ ਮਾਨਵ ਦਾ ਮੁੱਖ ਧਰਮ ਹੈ ਜੋ ਇਸ ਸੰਸਾਰ ਦੀ ਏਕਤਾ ਨੂੰ ਵਿਕਸਤ ਕਰੇਗਾ।

**ਸਿੰਮਲ ਰੁਖੁ ਸਰਾਇਰਾ ਅਤਿ ਦੀਰਘੁ ਅਤਿ ਮੁਚੁ॥**

**ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥**

**ਫਲ਼ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥**

**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥**

**ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨੇ ਕੋਇ॥**

**ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥**

**ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥**

**ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥**[19]

ਇੰਨ੍ਹਾਂ ਸਤਰ੍ਹਾਂ ਵਿੱਚ ਸਿੰਮਲ ਦਰੱਖਤ ਦੀ ਉਦਾਹਰਨ ਦੇ ਕੇ ਪੂੰਜੀਵਾਦੀ ਯੁੱਗ ਵਿੱਚ ਮਾਨਵ ਨੂੰ ਸਦਾਚਾਰਕਤਾ ਦੇ ਗੁਣ ਬਾਰੇ ਜਾਣੂ ਕਰਵਾਇਆ। ਕਿ ਸਿੰਮਲ ਰੁੱਖ ਕਿੰਨਾ ਸਿੱਧਾ ਤੇ ਮੋਟਾ ਹੈ ਹਰ ਕੋਈ ਇਸ ਰੁੱਖ ਤੋਂ ਵੀ ਛਾਂ, ਫਲ ਦੀ ਆਸ ਕਰਦੇ ਹਨ। ਪਰ ਇਸ ਦੀ ਸਿਰਫ਼ ਉਚਾਈ ਹੀ ਦਿਖਦੀ ਹੈ ਕੋ ਕਿਸੇ ਕੰਮ ਦਾ ਨਹੀਂ ਤੇ ਇਸ ਦੇ ਫਲ਼ ਫਿਕੇ ਬਕਬਕੇ ਜੋ ਖਾਣ ਦੇ ਕੰਮ ਨਹੀਂ ਆਉਂਦੇ। ਇਹ ਰੁੱਖ ਸਿਰਫ ਉੱਚਾਈ ਕਰਕੇ ਹੀ ਜਾਣਿਆ ਜਾਂਦਾ। ਇਸ ਵਿੱਚ ਹੋਰ ਕੋਈ ਖਾਸੀਅਤ ਨਹੀਂ ਤੇ ਇਵੇਂ ਹੀ ਮਨੁੱਖ ਹੈ। ਜੋ ਆਪਣੇ ਆਪ ਵਿੱਚ ਉੱਚਾ, ਹਉਮੇ ਹੰਕਾਰੀ ਹੋ ਕੇ ਰਹਿੰਦਾ ਉਹ ਸਿੰਮਲ ਰੁੱਖ ਵਾਂਗ ਇਕੱਲਾ ਹੀ ਰਹਿ ਜਾਂਦਾ ਹੈ। ਕੋਈ ਵੀ ਉਸ ਤੋਂ ਉਮੀਦ ਜਾਂ ਆਸ ਨਹੀਂ ਰੱਖਦਾ ਤੇ ਆਪਣੇ ਸੁਆਰਥ ਲਈ ਲਿਫਦਾ ਕਿਸੇ ਦੂਜੇ ਖਾਤਰ ਮਿਠਾਸ ਨਿਮਰਤਾ ਨਹੀਂ ਅਪਣਾਉਦਾ, ਬਣਾਵਟੀ, ਦੋਗਲਾਪਨ ਉਸ ਦੇ ਮੁੱਖ ਧੰਦੇ ਹੁੰਦੇ ਹਨ ਤੇ ਅੱਜ ਸਾਰੇ ਲੋਕ ਇਸ ਬਣਾਵਟੀ ਮਖੌਟੇ ਨੂੰ ਪਹਿਨ ਕੇ ਘੁੰਮਦੇ ਆ, ਝਗੜਦੇ ਆ ਮਾੜੇ ਬੋਲ ਬੋਲਦੇ ਹਨ ਪਰ ਸਕੂਨ ਕਿਧਰੇ ਨਹੀਂ ਪਾਉਦਾ। ਸਕੂਨ ਤੇ ਤਰੱਕੀ ਉਹੀ ਪਾ ਸਕਦਾ ਜੋ ਪਰਮਾਤਮਾ ਦੇ ਲੜ ਲੱਗ ਕੇ ਉਸ ਤੋਂ ਨੀਵਾਂ ਹੋ ਕੇ ਜਿਉਂਦਾ, ਮਿੱਠਤਾ, ਨਿਮਰਤਾ ਨੂੰ ਅਪਣਾਉਂਦਾ ਤੇ ਬਨਾਵਟੀ ਨਕਾਬ ਨੂੰ ਨਹੀਂ ਪਹਿਨਦਾ। ਉਹ ਮਨੁੱਖ ਜੋ ਪਰਮਾਤਮਾ ਦੀ ਰਜ਼ਾ ਵਿੱਚ ਹਮੇਸਾਂ ਖੁਸ਼ ਵੀ ਰਹਿੰਦਾ ਤੇ ਹਰ ਕੋਈ ਉਸ ਤੋਂ ਕੋਈ ਉਮੀਦ ਦੀ ਕਿਰਨ ਜਾਂ ਆਸ ਪੂਰੀ ਹੋਣ ਦੀ ਦੁਆ ਵੀ ਕਰਦਾ ਹੈ। ਅੱਜ ਦੁਨੀਆਂ ਵਿੱਚ ਇਹ ਨਿਮਰਤਾ, ਮਿੱਠਤਾ ਉੱਪਰੋਂ ਉੱਪਰੀ ਦਿੱਖ ਰਹੀ ਹੈ ਪਰ ਮਨ ਵਿੱਚ ਨਹੀਂ। ਇਸ ਲਈ ਹਉਮੇ ਰੱਖਣ ਵਾਲਾ ਮਨੁੱਖ ਸਿੰਮਲ ਰੁੱਖ ਦੀ ਤਰ੍ਹਾਂ ਸਮਾਜ ਵਿੱਚ ਇਕੱਲਾ ਹੈ। ਜਿਵੇਂ ਸਿੰਮਲ ਰੁੱਖ ਇੰਨੇ ਹਰੇ ਭਰੇ ਦਰੱਖਤਾਂ ਵਿੱਚ ਅਲੱਗ ਤੇ ਇਕੱਲਾ ਜਿਹਾ ਦਿਖਦਾ ਉਵੇਂ ਹੀ ਮਨੁੱਖ ਇਸ ਸੰਸਾਰਿਕ ਦੁਨੀਆਂ ਵਿੱਚ ਰਹਿ ਕੇ ਵੀ ਅਸਾਂਤ ਤੇ ਡੋਲ, ਮਨ ਨਾਲ ਇਕੱਲਾ ਜਿਉਂਦਾ ਹੈ। ਇਸ ਲਈ ਮਨੁੱਖ ਨੂੰ ਨੀਵਾਂ ਤੇ ਗਰੀਬ ਹੋਣਾ ਚਾਹੀਦਾ, ਜਿਸ ਨਾਲ ਉਹ ਆਪਣੀਆ ਸਭ ਖਾਹਿਸਾਂ ਵੀ ਪੂਰਨ ਕਰੇਗਾ ਤੇ ਅਡੋਲ ਹੋ ਕੇ ਦੂਜਿਆਂ ਦੇ ਸਾਥ ਨਾਲ ਚੱਲੇਗਾ। ਆਸਾ ਦੀ ਵਾਰ ਅਨੁਸਾਰ ਮਨੁੱਖ ਇਕੱਲਾ ਕੁਝ ਵੀ ਨਹੀਂ ਕਰ ਸਕਦਾ ਹੈ।ਉਹ ਕਿੰਨ੍ਹਾਂ ਹੀ ਅਮੀਰ ਕਿਉਂ ਨਾ ਹੋਵੇ ਪਰ ਉਸ ਨੂੰ ਸਹਾਰੇ ਦੀ ਜਿੰਦਗੀ ਜਿਉਣ ਲਈ ਜ਼ਰੂਰਤ ਪੈਂਦੀ ਹੈ । ਇਹ ਸਹਾਰਾ ਮਨ ਵਿੱਚੋਂ ਹਉਮੇ ਕੱਢ ਕੇ ਮਨ ਨੂੰ ਗਰੀਬੀ ਵਿੱਚ ਪਾ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ। ਕਿਉਂ ਕਿ ਅੱਜ ਦੇ

ਵਿਸ਼ਵੀਕਰਨ ਯੁੱਗ ਵਿੱਚ ਇਸੇ ਹਉਮੇਂ ਕਾਰਨ ਮਾਨਵ ਇਕੱਲਤਾ ਦਾ ਜੀਵਨ ਬਸਰ ਕਰ ਰਿਹਾ ਜੇਕਰ ਹਉਮੇਂ ਛੱਡੇ ਤਾਂ ਉਹ ਦੂਜਿਆਂ ਦੀ ਖੁਸ਼ੀ ਵਿੱਚ ਸਰੀਕ ਹੋ ਕੇ ਖੁਸ਼ੀ ਨਾਲ ਚੰਗਾ ਜੀਵਨ ਬਸਰ ਕਰ ਸਕਦਾ।

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥**

**ਏਹ ਜਾਨੇਊ ਜੀਅ ਕਾ ਹਈ ਤ ਪਾਡੇ ਘਤੁ॥**

**ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥**

**ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥** [20]

ਅੱਜ ਦੇ ਵਿਸ਼ਵੀਕਰਨ ਯੁੱਗ ਵਿੱਚ ਮਨੁੱਖ ਅੰਦਰ ਦਇਆ ਦੀ ਭਾਵਨਾ ਖਤਮ ਹੁੰਦੀ ਜਾ ਰਹੀ ਹੈ। ਮਨੁੱਖ ਦਇਆ ਸੰਤੋਖ ਨਾ ਹੋਣ ਕਰਕੇ ਨਾਸਤਿਕ ਬਣਦਾ ਜਾ ਰਿਹਾ । ਅੱਜ ਮਾਨਵ ਨੂੰ ਅਜਿਹੇ ਜਨੇਊ ਦੀ ਜ਼ਰੂਰਤ ਹੈ ਜੋ ਧਰਮ ਨੂੰ ਖਰਾਬ ਨਾ ਕਰੇ। ਗਰੀਬ ਤੇ ਦਇਆ ਕਰੇ ਤੇ ਉਸ ਜਨੇਊ ਦੀ ਗੰਢ, ਇੰਨੀ ਪੱਕੀ ਹੋਣੀ ਚਾਹੀਦੀਹੈ ਕਿ ਇਹ ਜਨੇਊ ਨਾ ਟੁਟੇ ਨਾ ਮੈਲ਼ਾ ਹੋਵੇ ਬਸ ਮਨੁੱਖੀ ਆਚਰਨ ਸਦਾਚਾਰਤਾ ਵਿੱਚ ਵਿਸ਼ਵਾਸ ਕਰੇ ਤੇ ਇਹ ਸਦਾਚਾਰਤਾ ਵਾਲਾ ਜਨੇਊ ਸਮਾਜ ਨੂੰ ਵੀ ਚੇਤੰਨਤਾ ਦੇ ਰਾਸਤੇ ਪਾਵੇਗਾ। ਇਹ ਧਰਮ ਦੀ ਪਹਿਚਾਣ ਦੀ ਜਗ੍ਹਾਂ ਪਰਮਾਤਮਾ ਦੇ ਬੰਦੇ ਤੇ ਉਸ ਦੇ ਗੁਣਾ ਦੀ ਪਹਿਚਾਣ ਵਾਲਾ ਹੋਵੇ। ਜੋ ਮਨੁੱਖ ਦੇ ਹਮੇਸ਼ਾ ਨਾਲ ਰਹੇ ਇਹ ਮਨੁੱਖ ਦੇ ਮਨ ਦੀ ਮੈਲ ਦੂਰ ਕਰਕੇ ਏਕਤਾ ਬਣਾਵੇ ਤੇ ਇਸ ਜਨੇਊ ਨਾਲ ਮਨੁੱਖ ਆਪਣੇ ਸਾਰੇ ਸਵਾਰਥਾਂ ਨੂੰ ਮਾਰਕੇ ਇਕ ਸਬਰ ਸੰਤੋਖ ਵਿੱਚ ਜਿੰਦਗੀ ਜੀਵੇਗਾ। ਆਸਾ ਦੀ ਵਾਰ ਅਨੁਸਾਰ ਇਹ ਸਬਰ ਸੰਤੋਖ ਹੀ ਮਾਨਵ ਦਾ ਸਭ ਤੋਂ ਉੱਚਾ ਤੇ ਸੁੱਚਾ ਗੁਣ ਹੋਵੇਗਾ ਤੇ ਇਹੀ ਗੁਣ ਉਸ ਦੀ ਪਹਿਚਾਣ ਬਣਾਵੇਗੀ।

**ਚ ਉਕੜਿ, ਮੁਲਿ ਅਣਾਇਆ ਬਹਿ ਚਉਕੈ ਪਾਇਆ॥**

**ਸਿਖਾ ਕੰਨਿ ਚੜਾਇਆ ਗੁਰੂ ਬ੍ਰਾਹਮਣ ਥਿਆ॥**

**ਓਹੁ ਮੁਆ ਓਹੁ ਝੜਿ ਪਾਇਆ ਛਤੇਗਾ ਗਇਆ॥** [21]

ਸਬਰ ਸੰਤੋਖ ਮਨੁੱਖੀ ਸਖਸ਼ੀਅਤ ਦਾ ਸਭ ਤੋਂ ਵੱਡਾ ਗੁਣ ਹੈ। ਜੋ ਮਨੁੱਖ ਨੂੰ ਪ੍ਰਮਾਤਮਾ ਦੇ ਵਿਸ਼ਵਾਸ ਨਾਲ ਜੋੜੀ ਰੱਖਦਾ ਪਰ ਅੱਜ ਇਸ ਵਿਸ਼ਵੀਕਰਨ ਯੁੱਗ ਵਿੱਚ ਲੋਕ ਨਾ ਤੇ ਸਬਰ ਸੰਤੋਖ ਵਿੱਚ ਜਿਉਂਦੇ ਹਨ ਨਾ ਹੀ ਆਪਣੇ ਧਰਮ

ਵਿੱਚ ਅਟੱਲ ਰਹਿੰਦੇ ਹਨ। ਅੱਜ ਮਨੁੱਖ ਵਿਸ਼ਵਾਸ ਨਹੀਂ ਕਰਦਾ ਕਿਸੇ ਦੀਆਂ ਗੱਲਾਂ ਵਿੱਚ ਛੇਤੀ ਆਉਂਦਾ ਆਪਣੇ ਮਨ ਦੀ ਸੁਣਨ ਦੀ ਬਜਾਏ ਆਪਣੇ ਝੂਠੇ ਕੰਨਾਂ ਦੀ ਸੁਣਦਾ ਤੇ ਫਿਰ ਸੋਚੇ ਸਮਝ ਬਿਨਾਂ ਮੂੰਹੋ ਮੰਦੇ ਸ਼ਬਦਾਂ ਦੀ ਵਰਤੋਂ ਕਰਦਾ ਸਮਾਂ ਲੰਘਣ ਤੇ ਫਿਰ ਪਛਤਾਵੇ ਦਾ ਕੀ ਫਾਇਦਾ। ਇਸ ਲਈ ਮਾਨਵ ਨੂੰ ਜ਼ਰੂਰੀ ਹੈ ਵਿਸ਼ਵਾਸ ਅਟੱਲ ਬਣਾਵੇ ਕਿਉਂ ਕਿ ਇੱਕ ਵਿਸ਼ਵਾਸ ਹੀ ਹੈ ਜਿਸ ਤੇ ਮਾਨਵ ਦੇ ਰਿਸ਼ਤੇ ਟਿਕੇ ਹੋਏ ਹਨ। ਅੱਜ ਦੇ ਵਿਸ਼ਵੀਕਰਨ ਯੁੱਗ ਵਿੱਚ ਵੀ ਵਿਸ਼ਵਾਸ ਨੂੰ ਜਿਉਂਦਾ ਰੱਖਣਾ ਜ਼ਰੂਰੀ ਹੈ ਤੇ ਮੂੰਹੋਂ ਸਲੀਕੇ ਨਾਲ ਬੋਲਣਾ। ਕਿਉਂ ਕਿ ਇਹ ਸਲੀਕਾ ਹੀ ਜਿੰਦਗੀ ਦੇ ਅਗਲੇ ਆਧਾਰ ਉਸਾਰਦਾ। ਆਸਾ ਦੀ ਵਾਰ ਬਾਣੀ ਅਨੁਸਾਰ ਜੇ ਮਨੁੱਖ ਮੂੰਹੋਂ ਮਿੱਠਾ ਬੋਲੇਗਾ ਤੇ ਦੂਜਿਆਂ ਦੀ ਅਲੋਚਨਾ ਨਹੀਂ ਕਰੇਗਾ ਤੇ ਨਾ ਹੀ ਚੁਗਲੀ ਸੁਣੇਗਾ ਫਿਰ ਹੀ ਮਨੁੱਖ ਆਪਣੇ ਜੀਵਨ ਦੇ ਮਨੋਰਥ ਵਿੱਚ ਸਫ਼ਲ ਹੋਵੇਗਾ।

**ਸਤਿਗੁਰੁ ਵਡਾ ਕਰਿ ਸਾਲਾਹੀਐ ॥**

**ਜਿਸੁ ਵਿਚਿ ਵਡੀਆ ਵਡਿਆਈਆ॥**

**ਸਹਿ ਮੇਲੇ ਤਾ ਨਦਰੀ ਆਈਆ॥**

**ਜਾ ਤਿਸੁ ਭਾਣਾ ਤਾ ਮਨਿ ਵਸਾਈਆ॥**[22]

ਇਸ ਵਿਸ਼ਵੀਕਰਨ ਯੁੱਗ ਕਈ ਅਜਿਹੇ ਮਨੁੱਖ ਵੀ ਹਨ ਜੋ ਹਮੇਸ਼ਾ ਪ੍ਰਮਾਤਮਾ ਦੀ ਮੇਹਰ ਵਿੱਚ ਖੁਸ਼ ਰਹਿੰਦੇ ਹਨ। ਪਰਮਾਤਮਾ ਦੇ ਵਿਸ਼ਵਾਸ ਵਿੱਚ ਅਡੋਲ ਹਨ ਤੇ ਸਾਦਾ ਜੀਵਨ ਬਤੀਤ ਕਰਦੇ ਹਨ। ਇਹ ਮਿਹਰ ਵੀ ਪ੍ਰਮਾਤਮਾ ਤਾਂ ਹੀ ਕਰਦਾ ਜੇ ਮਨੁੱਖ ਆਪਣੇ ਹਿਰਦੇ ਵਿੱਚ ਮੈਂ ਦੀ ਜਗ੍ਹਾਂ ਗਰੀਬੀ ਨੂੰ ਵਸਾ ਕੇ ਰੱਖਦਾ ਤੇ ਜਿਨਾਂ ਵਿੱਚ ਇਹ ਸਦਾਚਾਰਤਾ ਦੇ ਗੁਣ ਮੌਜੂਦ ਹਨ। ਉਹ ਸਬਰ ਸੰਤੋਖ ਵਾਲੇ ਮਨੁੱਖ ਤੋਂ ਪ੍ਰਮਾਤਮਾ ਵੀ ਕੁਝ ਲੁਕਾ ਕੇ ਨਹੀਂ ਰੱਖਦਾ। ਉਸ ਮਾਨਵ ਦੇ ਸਬਰ ਦਾ ਫਲ ਉਸ ਦੀ ਕੀਤੀ ਮਿਹਨਤ ਵਿੱਚ ਕਿਤੇ ਨਾ ਕਿਤੇ ਚਮਕਦਾ ਹੀ ਹੈ।

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥**

**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥**

**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥**

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥**

**ਭੰਡਹੁ ਹੀ ਭੰਡੁ ਉਪਜੈ ਭੰਡੈ ਬਾਝੁ ਨ ਕੋਇ॥**

**ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥**

**ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ॥**

**ਨਾਨਕ ਤੇ ਮੁਖ ਉਜਲੇ ਤਿਤੁ ਸਚੈ ਦਰਬਾਰਿ॥**[23]

ਔਰਤ ਦੀ ਇੱਜ਼ਤ ਤੇ ਮਾਣ ਉਸਦੀ ਪਹਿਚਾਣ ਮੰਨੀ ਜਾਂਦੀ ਹੈ। ਉਸਦੀ ਇੱਜਤ ਲਈ ਖੜ੍ਹੇ ਹੋਣਾ ਸਦਾਚਾਰਤਾ ਦਾ ਸਭ ਤੋਂ ਵੱਡਾ ਗੁਣ ਹੈ। ਅੱਜ ਦੇ ਵਿਸ਼ਵੀਕਰਨ ਯੁੱਗ ਵਿੱਚ ਬੇਸ਼ੱਕ ਔਰਤ ਨੂੰ ਬਰਾਬਰ ਤੇ ਹੱਕ ਦਿੱਤੇ ਗਏ ਹਨ। ਪਰ ਸਮਾਜ ਦੇ ਕਈ ਅਖੌਤੀ ਆਗੂ ਔਰਤ ਦੀ ਆਜ਼ਾਦੀ ਤੇ ਉਂਗਲ ਉਂਠਾਉਦੇ ਹਨ। ਔਰਤ ਅੱਜ ਦੇ ਸਮੇਂ ਹਰ ਜਗ੍ਹਾ ਤੇ ਮਰਦ ਨਾਲ ਹਰ ਕੰਮ ਵਿੱਚ ਸਾਥ ਦਿੰਦੀ ਹੈ। ਅੱਜ ਔਰਤ ਆਪਣੀ ਪਹਿਚਾਣ ਬਣਾਉਣ ਦੇ ਕਾਬਿਲ ਹੋ ਗਈ। ਆਧੁਨਿਕ ਸਮੇਂ ਦੀ ਔਰਤ ਗਿਆਵਾਨ ਹੈ। ਪਰ ਉਸ ਦਾ ਰੁਤਬਾ ਅੱਜ ਵੀ ਸਮਾਜ ਵਿੱਚ ਹੀਣ ਭਾਵਨਾ ਵਾਲਾ ਹੀ ਹੈ। ਬੇਸ਼ੱਕ ਔਰਤ ਦੇ ਲਈ ਵੱਖੋ-ਵੱਖਰੇ ਕਾਨੂੰਨ, ਹੱਕ ਬਣਾਏ ਗਏ ਹਨ। ਫਿਰ ਵੀ ਅੱਜ ਔਰਤ ਆਪਣੇ ਹੱਕ ਤੇ ਨਿਆਂ ਦੀ ਮੰਗ ਕਰ ਰਹੀ ਹੈ। ਅੱਜ ਵੀ ਰੂੜੀਵਾਦੀ ਵਿਚਾਰਾਂ ਵਾਲੇ ਲੌਕ ਔਰਤ ਨੂੰ ਪੈਰ ਦੀ ਜੁੱਤੀ ਮੰਨਦੇ ਹਨ। ਜਦ ਕਿ ਔਰਤ ਤਾਂ ਅੱਜ ਸੰਸਾਰ ਦੇ ਹਰ ਕੰਮ ਮਰਦ ਦੇ ਬਰਾਬਰ ਹੋ ਕੇ ਕਰਦੀ ਹੈ। ਔਰਤ ਇਸ ਵਿਗਿਆਨਕ ਯੁੱਗ 'ਚ ਧਰਤੀ ਤੋਂ ਪੁਲਾੜ ਤੇ ਵੀ ਪੁੱਜ ਗਈ। ਇੱਥੋਂ ਤੱਕ ਯੁੱਧਾ 'ਚ ਵੀ ਬਹਾਦਰੀ ਦਰਸਾਉਂਦੀ ਰਹੀ ਹੈ। ਪਰ ਫਿਰ ਵੀ ਸਮਾਜ ਵਿੱਚ ਔਰਤ ਦਾ ਪੱਖ ਕਿਤੇ ਨਾ ਕਿਤੇ ਕਮਜ਼ੋਰ ਦਿਖਾਇਆ ਜਾਂਦਾ ਹੈ ਤੇ ਆਸਾ ਦੀ ਵਾਰ ਵਿੱਚ ਔਰਤ ਦੇ ਪੱਖ ਹੱਕ ਦੇ ਲਈ ਗੁਰੂ ਜੀ ਨੇ ਬੁਲੰਦਾ ਆਵਾਜ ਵਿੱਚ ਮਹਾਨਤਾ ਦਰਸਾਈ ਕਿ ਉਹ ਔਰਤ ਹੀ ਹੈ ਜੋ ਮਰਦਾ ਨੂੰ ਜਨਮ ਦਿੰਦੀ ਹੈ ਸਾਰੀ ਜਿੰਦਗੀ ਮਰਦ ਦਾ ਸਾਥ ਨਿਭਾਉਂਦੀ ਤੇ ਔਰਤ ਨਾਲ ਹੀ ਸੰਸਾਰ 'ਚ ਰਿਸਤੇ ਬਣਦੇ ਹਨ ।ਇੱਕ ਇਸਤਰੀ ਤੋ ਇੱਕ ਧੀ ਪੈਂਦਾ ਹੁੰਦੀ ਹੈ। ਫਿਰ ਉਸਨੂੰ ਕਿਉ ਮਾੜਾ ਕਿਹਾ ਜਾਂਦਾ ਔਰਤ ਹੀ ਇਸ ਸੰਸਾਰ ਨੂੰ ਸੁਵਾਰਦੀ ਬਣਾਉਦੀ ਏ ਤੇ ਧਰਤੀ ਦਾ ਕੋਈ ਅਜਿਹਾ ਮਾਨਵ ਨਹੀਂ ਜੋ ਔਰਤ ਤੋਂ ਪੈਦਾ ਨਹੀਂ ਹੋਇਆ। ਸਿਰਫ਼ ਪ੍ਰਮਾਤਮਾ ਹੀ ਹੈ ਜਿਸ ਨੇ ਔਰਤ ਤੋਂ ਜਨਮ ਨਹੀਂ ਲਿਆ। ਅੱਜ ਵੀ ਔਰਤ ਨੂੰ ਦੇਵੀ ਦਾ ਰੂਪ ਮੰਨਿਆ ਜਾਂਦਾ ਪਰ ਫਿਰ ਵੀ ਦੇਵੀ ਨੂੰ ਅੱਜ ਵਿਗਿਆਨਕ ਕਾਢਾ ਨਾਲ ਕੁੱਖਾ ਚ ਵੀ ਮਾਰ ਦਿੱਤਾ ਜਾਂਦਾ। ਜੋ ਮਰਦ ਦੇ ਹਉਂਮੈ ਦੀ ਸ਼ਾਨ ਦੀ ਝੂਠੀ ਦਿਖਾਵਟ ਹੈ। ਉਹ ਨਹੀਂ ਸਮਝਦਾ ਕਿ ਔਰਤ ਨਾਲ ਤਾਂ ਜੱਗ ਵਸਦਾ, ਜਿਸਨੇ ਵੱਡੇ ਵੱਡੇ ਗੁਰੂਆ-ਪੀਰਾ ਨੂੰ ਜਨਮ ਦਿੱਤਾ। ਫਿਰ ਕਿਉਂ ਇਸ ਦਾ ਖਾਤਮਾ ਕਰਦਾ। ਇਸਤਰੀ ਤਾਂ ਹਮੇਸ਼ਾ ਨਿਮਰਤਾ ਨਾਲ ਆਪਣੇ ਪਰਿਵਾਰ ਤੋਂ ਸਭ ਵਾਰਦੀ ਹੈ ਤੇ ਗੁਰੂ ਜੀ ਨੇ ਕਿਹਾ ਕਿ ਉਹ ਇਸਤਰੀ ਹਮੇਸ਼ਾ ਸੱਚੇ ਪ੍ਰਭੂ ਦੇ ਦਰਬਾਰ ਵਿੱਚ ਉੱਚਾ ਦਰਜਾ ਪਾਉਂਦੀ ਹੈ, ਜਿਸ ਦੀ ਆਤਮਾ ਹਮੇਸ਼ਾ ਦੂਜਿਆਂ ਦੀ ਭਲਾਈ ਸੋਚਦੀ ਹੈ ਉਹ ਔਰਤ ਹੈ।

**ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ॥**

**ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ॥**[24]

ਇਸ ਵਿਸ਼ਵੀਕਰਨ ਯੁੱਗ ਅੱਜ ਉਹੀ ਮਾਨਵ ਖੁਸ਼ ਹੈ ਜੋ ਮਨੋਂ ਸੱਚਾ ਹੈ। ਜੋ ਬਾਹਰੋਂ ਦਿਖਾਵਾ ਕਰਦਾ ਤੇ ਅੰਦਰੋਂ ਸੜਦਾ ਤੇ ਅਜਿਹੇ ਮਨੁੱਖ ਦਾ ਮਨ ਹਮੇਸ਼ਾ ਅਸਾਂਤ ਰਹਿੰਦਾ ਹੈ। ਉਹ ਬਾਹਰੋਂ ਹੱਸਦਾ ਅੰਦਰੋ ਰੋਂਦਾ ਬੇਸ਼ੱਕ ਉਹ ਲੱਖ ਤੀਰਥਾਂ ਤੇ ਜਾਂਦਾ ਤੇ ਪ੍ਰਮਾਤਮਾ ਨੂੰ ਧਿਆਉਂਦਾ ਪਰ ਮਨ ਅੰਦਰੋਂ ਹੰਕਾਰ ਕਾਰਨ ਇਹ ਬੇਅਰਥ ਹੈ। ਜਦ ਤੱਕ ਮਨ ਅੰਦਰ ਮੈਲ਼ ਹੈ ਤਦ ਤੱਕ ਮਨੁੱਖ ਤਰੱਕੀ ਵੀ ਨਹੀਂ ਕਰ ਸਕਦਾ। ਉਹ ਮਨੋਂ ਇਕੱਲਾ ਹੁੰਦਾ ਹੈ। ਆਸਾ ਦੀ ਵਾਰ ਅਨੁਸਾਰ ਲੋੜ ਹੈ ਮਨੁੱਖ ਨੂੰ ਸਦਾਚਾਰ ਦਾ ਗੁਣ ਧਾਰਨ ਕਰੇ ਤੇ ਮਨ ਨੂੰ ਸਾਫ ਰੱਖੇ, ਜਿਸ ਨਾਲ ਜਗਤ 'ਚ ਉਸਦੀ ਨੇਕੀ ਝਲਕੇਗੀ ਤੇ ਪਛਾਣ ਦਾ ਮੁਥਾਜ ਵੀ ਬਣੇਗਾ। ਉਸ ਨੂੰ ਤੀਰਥਾਂ ਦੇ ਵਿਖਾਵੇ ਦੀ ਵੀ ਜ਼ਰੂਰਤ ਨਹੀਂ ਹੋਵੇਗੀ। ਜੇਕਰ ਮਾਨਵ ਦੂਜਿਆਂ ਦੀ ਭਲਾਈ ਕਰੇ ਵੱਡਿਆਂ ਦੀ ਸੇਵਾ ਕਰੇ। ਕਿਉਂ ਕਿ ਅੱਜ ਦੇ ਵਿਸ਼ਵੀਕਰਨ ਯੁੱਗ ਵਿੱਚ ਬਜ਼ੁਰਗਾਂ ਦੀ ਸੇਵਾ ਹੀ ਅਸਲੀ ਤੀਰਥ ਹਨ ਪਰ ਉਨ੍ਹਾਂ ਪ੍ਰਤੀ ਨਵੀਂ ਪੀੜੀ ਆਪਣੀਆਂ ਜਿੰਮੇਵਾਰੀਆਂ ਭੁੱਲਦੀ ਜਾ ਰਹੀ ਹੈ ਤੇ ਲੋੜ ਹੈ ਉਨ੍ਹਾਂ ਨਾਲ ਸਮਾਂ ਬਿਤਾਉਣ ਦੀ ਉਨ੍ਹਾਂ ਦੀ ਖੁਸ਼ੀ ਵਿੱਚ ਸ਼ਾਮਿਲ ਹੋਣ ਦੀ ਜਿਸ ਨਾਲ ਅੰਦਰੋਂ ਵੀ ਖੁਸ਼ੀ ਦੀ ਇੱਕ ਨਵੀਂ ਚਿਣਗ ਫੁੱਟੇਗੀ। ਫਿਰ ਇਹ ਸਾਥ ਸੇਵਾ ਹੀ ਅਸਲੀ ਤੀਰਥ ਹੋ ਜਾਵੇਗਾ।

**ਚੰਗੇ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ॥**

**ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ॥**[25]

ਜੇ ਮਨੁੱਖ ਚੰਗਾ ਕੰਮ ਕਰੇਗਾ ਤਾਂ ਉਸ ਦਾ ਨਾਮ ਹੋਵੇਗਾ। ਉਸ ਦੀ ਚੜ੍ਹਤ ਹੋਵੇਗੀ ਤੇ ਉਸਦੀ ਪਹਿਚਾਣ ਹੁੰਦੀਹੈ। ਮਨੁੱਖ ਜੇਕਰ ਕੋਈ ਮਾੜਾ ਕੰਮ ਕਰਦਾ ਤਾਂ ਉਹ ਮੰਦੇ ਕੰਮ ਦਾ ਹਿਸਾਬ ਕਿਤਾਬਾ ਵਿੱਚ ਨਹੀਂ ਆਉਂਦਾ ਤੇ ਨਾ ਹੀ ਉਸ ਦੇ ਐਬਾ ਨੂੰ ਕੋਈ ਚੇਤੇ ਕਰਦਾ। ਇਸ ਲਈ ਵਿਸ਼ਵੀਕਰਨ ਯੁੱਗ ਵਿੱਚ ਅੱਜ ਹਰ ਇਨਸਾਨ ਗੁਣਾ ਦੀ ਗੁਥਲੀ ਨਾ ਹੋ ਕੇ ਇੱਕ ਮਸ਼ੀਨ ਬਣ ਗਿਆ। ਜਿਸਨੂੰ ਆਪਣੇ ਸਵਾਰਥਾਂ ਵਿੱਚ ਮਾੜੇ ਚੰਗੇ ਨਾਲ ਕੋਈ ਲੈਣ ਦੇਣ ਨਹੀਂ ਰਿਹਾ। ਮਨੁੱਖ ਆਪਣੇ ਸੰਸਕਾਰਾਂ ਨੂੰ ਭੁੱਲ ਗਿਆ ਆਪਣੀ ਸਚਾਈ ਤੇ ਵਿਸ਼ਵਾਸ ਨੂੰ ਖੋਹ ਰਿਹਾ ਸਵਾਰਥੀ ਬਣ ਰਿਹਾ ਹੈ। ਜਿਸ ਨਾਲ ਵਿਸ਼ਵਾਸ ਵਿੱਚ ਰਿਸ਼ਤੇ ਤੋਂ ਮੋਹ ਦੀਆਂ ਤੰਦਾ ਵੀ ਫਿੱਕੀਆਂ ਪੈਂਦੀਆਂ ਜਾ ਰਹੀਆਂ ਹਨ। ਗੁਰੂ ਅਸਾ ਦੀ ਵਾਰ ਅਨੁਸਾਰ ਜੋ ਮਨੁੱਖ ਪ੍ਰਮਾਤਮਾ ਦੀ ਸਦਾਚਾਰਤਾ ਵਿੱਚ ਜਿਉਂਦਾ ਉਹ ਚੰਗੇ ਕੰਮ ਕਰਦਾ ਤੇ ਉਨਾਂ ਕੰਮਾਂ ਨੂੰ ਮਨੁੱਖ ਤੋਂ ਬਾਅਦ ਉਸ ਦੀ ਮਹਾਨਤਾ ਦੇ ਕਿੱਸਿਆ ਦੁਆਰਾ ਯਾਦ ਕੀਤਾ ਜਾਂਦਾ। ਮੰਦੇ ਨੂੰ ਤਾਂ ਕੋਈ ਵੀ ਆਪਣਾ ਨੀ ਮੰਨਦਾ ਨਾ ਕੋਈ ਯਾਦ ਕਰਦਾ। ਅਜਿਹਾ ਮਨੁੱਖ ਤਾਂ ਸੱਚੀ ਦੋਸਤੀ ਦੇ ਲਾਇਕ ਵੀ ਨਹੀਂ ਗਿਣਿਆ ਜਾ ਸਕਦਾ। ਜੋ ਗਿਣ-ਗਿਣ ਆਪਣੇ ਸਵਾਰਥਾਂ ਲਈ ਪਿਆਰ ਦੀ ਸਾਂਝ ਪਾਉਦਾ ਤੇ ਅੰਤ ਵਿੱਚ ਉਹ ਇਕੱਲਾ ਹੀ ਰਹਿ ਜਾਂਦਾ ਫਿਰ ਉਸ ਦਾ ਕੋਈ ਸਾਥ ਨਹੀਂ ਦਿੰਦਾ। ਇਸ ਲਈ ਮਨੁੱਖ ਨੂੰ ਨਿਰਸਵਾਰਥ ਹੋ ਕੇ ਹਰ ਇਨਸਾਨ ਦਾ ਮਾਨ ਸਨਮਾਨ ਕਰਨਾ ਚਾਹੀਦਾ ਹੈ।

**ਸਲਾਮੁ ਜਬਾਬ ਦੋਵੈ ਕਰੇ ਮੁੰਢਹੁ ਘੁਥਾ ਜਾਇ॥**

**ਨਾਨਕ ਦੋਵੈ ਕੂੜੀਆ ਥਾਇ ਨ ਕਾਇ ਪਾਇ॥** [26]

ਅੱਜ ਦੇ ਯੁੱਗ 'ਚ ਹਰ ਕੋਈ ਆਪਣੇ ਆਪ ਨੂੰ ਗਿਆਨਵਾਨ ਮੰਨਦਾ ਤੇ ਹਰ ਇੱਕ ਨੂੰ ਆਪਣੇ ਪਿੱਛੇ ਰੱਖਣਾ ਪਸੰਦ ਕਰਦਾ। ਅੱਜ ਵੱਡੇ ਛੋਟੇ ਦਾ ਲਿਹਾਜ ਸੰਸਕਾਰ, ਸ਼ਿਸਟਾਚਾਰ ਵੀ ਕਿਧਰੇ ਅਲੋਪ ਹੁੰਦੇ ਜਾ ਰਹੇ ਹਨ। ਜਿਸ ਕਰਕੇ ਸਦਾਚਾਰਕਤਾ ਕਿਤੇ ਗੁੰਮ ਹੁੰਦੀ ਜਾ ਰਹੀ ਹੈ। ਵਾਦ-ਵਿਵਾਦ ਸੰਸਾਰ ਦੇ ਪੂੰਜੀਵਾਦੀ ਯੁੱਗ ਵਿੱਚ ਪਰਿਵਾਰਾਂ ਨੂੰ ਤੋੜ ਰਿਹਾ। ਪਿਆਰ ਰਿਸ਼ਤੇ, ਅਪਣਾਪਣ, ਹੌਲੀ-ਹੌਲੀ ਘੱਟਦਾ ਜਾ ਰਿਹਾ ਤੇ ਮੈਂ ਹਉਮੈ ਹਰ ਮਨੁੱਖ ਵਿੱਚ ਵੱਧਦਾ ਜਾ ਰਿਹਾ। ਜਿਸ ਕਾਰਨ ਸੰਸਕਾਰ ਵੀ ਵਿਖਾਵੇ ਦੀ ਪੱਟੀ ਵਿੱਚ ਤਨੋਂ ਹੀ ਹਨ ਮਨੋਂ ਨਹੀਂ। ਇਸ ਵਿਸ਼ਵੀਕਰਨ ਯੁੱਗ ਵਿੱਚ ਅੱਜ ਜੋ ਲੋਕੀ ਆਪਣੇ ਸੰਸਕਾਰਾਂ ਨੂੰ ਭੁੱਲਦੇ ਜਾ ਰਹੇ ਹਨ। ਆਸਾ ਦੀ ਵਾਰ ਵਿੱਚ ਉਨ੍ਹਾਂ ਲੋਕਾਂ ਨੂੰ ਇਹ ਸੰਸਕਾਰ ਸਦਾਚਾਰਕਤਾ ਦੇ ਗੁਣਾਂ ਦੀ ਅਹਿਮੀਅਤ ਦਰਸਾਈ ਹੈ ਕਿ ਮਾਨਵ ਨੂੰ ਆਪਣੀ ਹੋਂਦ ਨਹੀਂ ਭੁੱਲਣੀ ਚਾਹੀਦੀ ਤੇ ਹਮੇਸ਼ਾ ਸਤਿਕਾਰ ਤੇ ਸੇਵਾ ਦੀ ਭਾਵਨਾ ਤਨੋਂ ਮਨੋਂ ਰੱਖਣੀ ਚਾਹੀਦੀ ਹੈ। ਜੋ ਮਾਨਵ ਨੂੰ ਇੱਕ ਸਾਂਤੀ ਦਾ ਸਕੂਨ ਦੇਵੇਗੀ।

# ਹਵਾਲੇ ਟਿੱਪਣੀਆਂ

1.ਪ੍ਰੋਫੈਸਰ ਸਾਹਿਬ ਸਿੰਘ, ਆਸਾ ਦੀ ਵਾਰ ਸਟੀਕ, ਪੰਨਾ 114

2.ਉਹੀ, ਪੰਨਾ106

3.ਉਹੀ, ਪੰਨਾ 112

4.ਉਹੀ, ਪੰਨਾ 113

5.ਉਹੀ, ਪੰਨਾ 115

6.ਉਹੀ, ਪੰਨਾ 117

7.ਉਹੀ, ਪੰਨਾ 50

8.ਉਹੀ, ਪੰਨ 53

9.ਉਹੀ, ਪੰਨਾ 54

10.ਉਹੀ, ਪੰਨਾ 51

11.ਉਹੀ, ਪੰਨਾ 59

12.ਉਹੀ, ਪੰਨਾ 60

13.ਉਹੀ, ਪੰਨਾ 64

14.ਉਹੀ, ਪੰਨਾ 65

16.ਉਹੀ, ਪੰਨਾ 67

17.ਉਹੀ ,ਪੰਨਾ 73

18.ਉਹੀ , ਪੰਨਾ 75

19.ਉਹੀ ,ਪੰਨਾ 84

20.ਉਹੀ, ਪੰਨਾ 87

21.ਉਹੀ, ਪੰਨਾ 101

22.ਉਹੀ ,ਪੰਨਾ 104

23.ਉਹੀ, ਪੰਨਾ 106

24.ਉਹੀ, ਪੰਨਾ 109

25.ਉਹੀ, ਪੰਨਾ 109

26.ਉਹੀ,ਪੰਨਾ ਨੰ.109

# ਅੀਧਆਾਇ : ਪੰਜਵਾਂ

# ਆਸਾ ਦੀ ਵਾਰ : ਰਾਜਨੀਤਿਕ ਚੇਤਨਾ

# ਅੀਧਆਇ : ਪੰਜਵਾਂ

## ਆਸਾ ਦੀ ਵਾਰ : ਰਾਜਨੀਤਿਕ ਚੇਤਨਾ

ਹਰ ਯੁੱਗ ਵਿੱਚ ਰਾਜਨੀਤੀ ਕਿਸੇ ਵੀ ਸਮਝ ਦੀ ਮਹੱਤਵਪੂਰਨ ਕੜੀ ਰਹੀ ਹੈ। ਸਮਾਜ ਦੀ ਦਿਸ਼ਾ ਅਤੇ ਦਸ਼ਾ ਬਦਲਣ ਵਿੱਚ ਰਾਜਨੀਤੀ ਦਾ ਅਹਿਮ ਹੱਥ ਰਿਹਾ ਹੈ। ਪਰ ਅੱਜ ਵਿਸ਼ਵੀਕਰਨ ਯੁੱਗ ਵਿੱਚ ਬਦਕਿਸਮਤੀ ਇਹ ਹੈ ਕਿ ਰਾਜਨੀਤੀ ਬਹੁਤ ਨਿਮਨ ਜਾਂ ਸਧਾਰਨ ਹੀ ਰਹੀ ਹੈ। ਇਸ ਵਿੱਚ ਵਿਚਰ ਰਹੇ ਲੋਕਾਂ ਨੇ ਆਮ ਜਨਤਾ ਦੀ ਬਹਾਲੀ ਲਈ ਨਹੀਂ ਸਗੋਂ ਆਪਣੇ ਮਤਲਬ ਪੂਰਾ ਕਰਨ ਲਈ ਰਾਜਨੀਤੀ ਦਾ ਕਿੱਤਾ ਚੁਣਿਆ। ਜਿਸ ਕਾਰਨ ਵਿਸ਼ਵ ਦੇ ਆਮ ਲੋਕਾਂ ਦੀ ਹਾਲਤ ਦਿਨੋਂ ਦਿਨ ਨਿਗਰਨ ਵੱਲ ਜਾਣ ਲੱਗ ਗਈ। ਇਸ ਦਾ ਕਾਰਨ ਅਸੀਂ ਪੂਰੀ ਤਰ੍ਹਾਂ ਰਾਜਨੇਤਾਵਾ ਉੱਪਰ ਵੀ ਨਹੀਂ ਲਾਈ ਜਾ ਸਕਦੀ ਕਿਉਂ ਕਿ ਉਨ੍ਹਾਂ ਨੂੰ ਅਸੀਂ ਆਮ ਜਨਤਾ ਨੇ ਹੀ ਚੁਣਿਆ ਹੈ। ਸੋ ਕਿਤੇ ਨਾ ਕਿਤੇ ਅਸੀਂ ਖੁਦ ਵੀ ਇਸ ਲਈ ਕਸੂਰਵਾਰ ਹਾਂ। ਕਿਓਂ ਕਿ ਲੋਕ ਸਮੂਹ ਜਿਸ ਨੂੰ ਚਾਹੁੰਦਾ ਹੈ ਉਹੀ ਸਾਡੇ ਤੇ ਰਾਜ ਕਰਦਾ ਹੈ। ਪਰ ਕੀ ਇਹ ਲੋਕ ਸਮੂਹ ਰਾਜਨੀਤੀ ਪ੍ਰਤੀ ਚੇਤੰਨ ਹੈ? ਅੱਜ ਵਿਸ਼ਵੀਕਰਨ ਵਿੱਚ ਰਾਜਨੀਤਿਕ ਏਕਤਾ ਦੀ ਲੋੜ ਹੈ। ਹਰ ਮਨੁੱਖ ਨੂੰ ਜੋ ਵੋਟ ਦੇਣ ਦੇ ਕਾਬਿਲ ਹੈ ਉਸ ਨੂੰ ਰਾਜਨੀਤੀ ਉੱਪਰ ਵਿਚਾਰ ਕਰਨਾ ਚਾਹੀਦਾ ਹੈ। ਸਹੀ ਗਲਤ ਦਾ ਫ਼ੈਸਲਾ ਲੈਣ ਦੀ ਸੋਚ ਰੱਖਣੀ ਚਾਹੀਦੀ ਹੈ ਅਤੇ ਜੇ ਉਹ ਰਾਜਨੀਤੀ ਤੋਂ ਪੂਰੀ ਤਰ੍ਹਾਂ ਅਸੰਤੁਸ਼ਟ ਹੈ ਤਾਂ ਉਸ ਨੂੰ ਖੁਦ ਇਹ ਜਿੰਮੇਵਾਰੀ ਚੁੱਕਣੀ ਚਾਹੀਦੀ ਹੈ। ਇੱਕ ਮਜ਼ਬੂਤ ਤਰੀਕੇ ਨਾਲ ਰਾਜਨੀਤੀ ਵਿੱਚ ਉੱਤਰਨਾ ਚਾਹੀਦਾ ਹੈ।ਕਿਉਂ ਕਿ ਜਿੰਦਗੀ ਜਿਉਣ ਦੇ ਦੋ ਹੀ ਤਰੀਕੇ ਹਨ ਪਹਿਲਾਂ ਜੋ ਹੁੰਦਾ ਹੋਣ ਦਿਉ ਜਾਂ ਫਿਰ ਜਿੰਮੇਵਾਰੀ ਚੁੱਕ ਕੇ ਉਸ ਨੂੰ ਬਦਲਣ ਦੀ ਹਿੰਮਤ ਕਰੋ।

ਜਦ ਅਸੀਂ ਕਿਸੇ ਚੀਜ਼ ਨੂੰ ਬਦਲਣ ਦੀ ਜਿੰਮੇਵਾਰੀ ਚੁੱਕ ਲੈਂਦੇ ਹਾਂ ਤਾਂ ਹੌਲੀ ਹੌਲੀ ਸਭ ਕੁਝ ਬਦਲ ਜਾਂਦਾ ਹੈ। ਸੋ ਸਾਨੂੰ ਇਹ ਜਿੰਮੇਵਾਰੀਆਂ ਲਈ ਦੇਸ਼ ਦੇ ਲੋਕਾਂ ਵਿੱਚ ਰਾਜਨੀਤਿਕ ਚੇਤੰਨਤਾ ਲਿਆਉਣੀ ਚਾਹੀਦੀ ਹੈ। ਰਾਜਨੀਤੀ ਨੂੰ ਅਸੀਂ ਪੂਰੀ ਤਰ੍ਹਾਂ ਨਕਰਾਤਮਕ ਵੀ ਨਹੀਂ ਕਹਿ ਸਕਦੇ ਕਿਉਂ ਕਿ ਰਾਜਨੀਤੀ ਵਿੱਚ ਕੁਝ ਏਸੁ ਲੋਕ ਵੀ ਹਨ। ਉਹ ਦੇਸ਼ ਦੀ ਸੇਵਾ ਕਰਨਾ ਚਾਹੁੰਦੇ ਹਨ ਪਰ ਸੰਪੂਰਨ ਢਾਂਚਾ ਇਸ ਤਰ੍ਹਾਂ ਦਾ ਨਹੀਂ ਹੈ ਅਤੇ ਇਹੋ ਕਾਰਨ ਹੈ ਕਿ ਵਿਸ਼ਵ ਦੀ ਰਾਜਨੀਤੀ ਸੰਚਾਰੂ ਰੂਪ ਨਾਲ ਨਹੀਂ ਚਲ ਰਹੀ। ਸੰਪੂਰਨ ਢਾਂਚੇ ਨੂੰ ਬਦਲਣ ਲਈ ਕੁਝ ਕੋ ਲੋਕਾਂ ਨੂੰ ਬਦਲਣ ਲਈ ਮਜ਼ਬੂਤੀ ਨਾਲ ਖੜ੍ਹਾਂ ਹੋ ਕੇ ਸਿਸਟਮ ਖਿਲਾਫ਼ ਲੜਨਾ ਪਵੇਗਾ ਅਤੇ ਇੰਨਾਂ ਲੜ ਰਹੇ ਲੋਕਾਂ ਨਾਲ ਆਮ ਲੋਕਾਂ ਨੂੰ ਵੀ ਚੇਤੰਨ ਕਰਨਾ ਪਵੇਗਾ।ਜਿਸ ਲਈ ਸਹੀ ਆਮ ਲੋਕਾਂ ਵਿੱਚ ਸਹੀ ਬੰਦੇ ਨੂੰ ਪਰਖਣ ਦੀ ਸੋਝੀ ਹੋਣਾ ਬਹੁਤ ਜ਼ਰੂਰੀ ਹੈ।

ਗੁਰੂਆਂ, ਸੰਤਾਂ, ਮਹਾਤਮਾ ਆਦਿ ਨੇ ਰਾਜਨੀਤਿਕ ਪ੍ਰਸਥਿਤੀਆਂ ਬਾਰੇ ਆਪਣਾ ਵਧੇਰੇ ਦ੍ਰਿਸ਼ਟੀਕੋਣ ਪੇਸ਼ ਨਹੀਂ ਕੀਤਾ, ਪਰ ਗੁਰੂ ਨਾਨਕ ਦੇਵ ਜੀ ਦੀ ਬਾਣੀ ਆਸਾਂ ਦੀ ਵਾਰ ਵਿੱਚ ਜਿੱਥੇ ਰਾਜਨੀਤਿਕ ਸਮੱਸਿਆਵਾਂ ਬਾਰੇ ਵਰਨਣ ਕੀਤਾ ਹੈ ਉੱਥੇ ਹੀ ਆਮ ਲੋਕਾਂ ਨੂੰ ਸਮਾਧਾਨ ਲਈ ਪੇਸ਼ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਰਾਜਨੀਤਿਕ ਸਮੱਸਿਆਵਾਂ ਬਾਰੇ ਖੁੱਲ੍ਹ ਕੇ ਟਿੱਪਣੀ ਕੀਤੀ।ਉਨ੍ਹਾਂ ਦੇ ਰਾਜਨੀਤਿਕ ਦ੍ਰਿਸ਼ਟੀਕੋਣਾਂ ਬਾਰੇ ਵੱਖ-ਵੱਖ ਰਾਵਾਂ ਮਿਲਦੀਆਂ ਹਨ। ਜੇ.ਡੀ. ਕਨਿੰਘਮ ਦੇ ਅਨੁਸਾਰ ਗੁਰੂ ਜੀ ਦਾ ਕਾਰਜ ਖੇਤਰ ਧਾਰਮਿਕ ਅਤੇ ਸਦਾਚਾਰਕ ਸੀ, ਰਾਜਨੈਤਿਕ ਸਮਸਿਆਵਾਂ ਸਬੰਧੀ ਉਨ੍ਹਾਂ ਕੋਈ ਸਪੱਸ਼ਟ ਮਤ ਨਹੀਂ ਸੀ।[1] ਡਾ. ਗੋਕਲ ਚੰਦ ਨਾਰੰਗ ਦਾ ਦਾਵਾ ਹੈ ਕਿ ਗੁਰੂ ਗੋਬਿੰਦ

ਸਿੰਘ ਨੇ ਜਿਸ ਤਲਵਾਰ ਨਾਲ ਖਾਲਸੇ ਨੂੰ ਪ੍ਰਤਿਸ਼ਠਾ ਦੇ ਸਿਖਰ ਤੇ ਪਹੁੰਚਾਇਆ ਸੀ, ਉਸ ਲਈ ਫੂਲਾਦ ਗੁਰੂ ਨਾਨਕ ਨੇ ਜੁਟਾਇਆ ਸੀ।[2] ਅਰਥਾਤ ਗੁਰੂ ਨਾਨਕ ਦੇਵ ਜੀ ਨੂੰ ਪੂਰੀ ਰਾਜਨੈਤਿਕ ਚੇਤੰਨਤਾ ਸੀ।ਡਾ. ਜੇ.ਐਸ.ਬੈਂਸ ਅਨੁਸਾਰ ਭਾਵੇਂ ਗੁਰੂ ਨਾਨਕ ਨੇ ਰਾਜ ਦੇ ਮਾਮਲਿਆਂ ਬਾਰੇ ਕੋਈ ਵਿਧੀਵਤ ਵਿਸ਼ਲੇਸ਼ਣ ਨਹੀਂ ਕੀਤਾ, ਪਰ ਫਿਰ ਵੀ ਰਾਜਨੈਤਿਕ ਸੱਤਾ ਪ੍ਰਤਿ ਉਨ੍ਹਾਂ ਦੀ ਪ੍ਰਤਿਕ੍ਰਿਆ ਵਿੱਚੋਂ ਉਨ੍ਹਾਂ ਦੀ ਰਾਜਨੈਤਿਕ ਧਾਰਣਾ ਦਾ ਕੁਝ ਨ ਕੁਝ ਸੰਕੇਤ ਜ਼ਰੂਰ ਮਿਲ ਜਾਂਦਾ ਹੈ।[3]

ਗੁਰੂ ਨਾਨਕ ਦੇਵ ਜੀ ਦੇ ਰਾਜਨੀਤਿਕ ਉਦੇਸ਼ ਅੱਜ ਦੇ ਵਿਸ਼ਵੀਕਰਨ ਤੇ ਵੀ ਪੂਰਨ ਤੌਰ ਤੇ ਢੁੱਕਦੇ ਹਨ। ਪਹਿਲਾਂ ਉਦੇਸ਼ ਹੈ ਕਿ ਸਥਾਈ ਰਾਜ ਦੀ ਹੋਂਦ ਆਮ ਲੋਕਾਂ ਦੇ ਹਿੱਤ ਲਈ ਹੋਣੀ ਚਾਹੀਦੀ ਹੈ ਤੇ ਰਾਜ ਨੂੰ ਕਾਇਮ ਕਰਨ ਲਈ ਆਮ ਲੋਕਾ ਦੀ ਸੋਚ ਨੂੰ ਮਹੱਤਵ ਦੇਣਾ ਬਣਦਾ ਹੈ।

ਦੂਜਾ ਉਦੇਸ਼ ਵਿਸ਼ਵ ਦੀਆਂ ਸਰਕਾਰਾਂ ਅਤੇ ਰਾਜਨੇਤਾਵਾਂ, ਉਨ੍ਹਾਂ ਦੇ ਰਾਜ ਪ੍ਰਬੰਧਾਂ ਅਧਿਕਾਰਾਂ ਦੇ ਕੰਮਾਂ ਦਾ ਇੱਕ ਚਿਤ੍ਰਣ ਹੈ ਜੋ ਗੁਰੂ ਨਾਨਕ ਦੀ ਬਾਣੀ ਅਨੁਸਾਰ ਅਸਲੀਅਤ ਵਿੱਚ ਖੂੰਖਾਰ ਤੇ ਹਿੰਸਕ ਹੈ ਅਤੇ ਰਾਜ ਅਧਿਕਾਰੀ ਲੋਭੀ ਲਾਲਚੀ ਹਨ। ਆਮ ਲੋਕਾਂ ਦਾ ਜਿਉਣਾ ਹਰਾਮ ਕਰਦੇ ਹਨ ਤੇ ਪ੍ਰਜਾ ਦਾ ਨੋਚ ਨੋਚ ਲਹੂ ਪੀਂਦੇ ਹਨ। ਇਹ ਯੁੱਗ ਚਿਤ੍ਰਣ ਪੁਰਾਤਨ ਸਮ੍ਹੇਂ ਵਿੱਚ ਹੀ ਨਹੀਂ ਸੀ ਸਗੋਂ ਆਧੁਨਿਕ ਸਮ੍ਹੇਂ ਦਾ ਵੀ ਹੈ।ਅੱਜ ਸਰਕਾਰਾਂ ਆਪਣੇ ਕਰਤੱਵਾਂ ਦੀ ਜਗ੍ਹਾਂ ਅਨਾਚਾਰ ਨੂੰ ਆਪਣਾ ਬੈਠੇ ਹਨ। ਇਸ ਲਈ ਆਮ ਲੋਕਾਂ ਨੂੰ ਇੰਨ੍ਹਾਂ ਅਨਾਚਾਰੀਆਂ ਵਿਰੁੱਧ ਉੱਠਣਾ ਪੈਣਾ ਤੇ ਆਪਣੇ ਹੱਕਾਂ ਲਈ ਇੱਕਮੁੱਠ ਹੋ ਕੇ ਸੁੱਤੀਆਂ ਸਰਕਾਰਾਂ ਵਿਰੁੱਧ ਆਵਾਜ਼ ਉਠਾਉਣੀ ਪੈਣੀ ਹੈ।

ਤੀਜਾ ਉਪਦੇਸ਼ ਨਾਨਕ ਬਾਣੀ ਵਿੱਚ ਇਹ ਮਿਲਦਾ ਹੈ ਕਿ ਅੱਜ ਦੇ ਵਿਸ਼ਵੀਕਰਨ ਯੁੱਗ ਦੀਆਂ ਸਰਕਾਰਾਂ ਸੱਤਾ ਹਥਿਆਉਣ ਲਈ ਆਮ ਲੋਕਾਂ ਵਿੱਚ ਧਰਮ ਯੁੱਧ, ਦੇਸ਼ ਯੁੱਧ ਆਦਿ ਆਮ ਕਰਵਾਉਂਦੀਆ ਹਨ। ਲੋੜ ਹੈ ਆਮ ਜਨਤਾ ਇੰਨ੍ਹਾਂ ਦੇ ਸੁਆਰਥਾਂ ਨੂੰ ਸਮਝੇ ਅਤੇ ਏਕਤਾ ਵਿੱਚ ਆ ਕੇ ਇਹੋ ਜਿਹੀਆਂ ਸਰਕਾਰਾਂ ਦਾ ਅੰਤ ਕਰੇ ਪਰ ਇਹ ਤਾਂ ਹੀ ਸੰਭਵ ਹੋ ਸਕਦਾ ਜੇ ਮਾਨਵ ਧਰਮ, ਜਾਤ, ਊਚ ਨੀਚ ਦੇ ਭਾਵ ਤੋਂ ਉੱਪਰ ਉੱਠ ਕੇ ਮਾਨਵੀ ਏਕਤਾ ਵਿੱਚ ਵਿਸ਼ਵਾਸ ਕਰੇਗੀ।

ਚੌਥਾ ਉਪਦੇਸ਼ ਆਸਾ ਦੀ ਵਾਰ ਅਨੁਸਾਰ ਸਰਕਾਰਾਂ ਦੀਆਂ ਕੋਝੀਆਂ ਚਾਲਾਂ ਸਮਝਣ ਲਈ ਆਮ ਜਨਤਾ ਨੂੰ ਵਿਨਾਸ਼ ਅਤੇ ਸੰਤਾਪ ਵਿਰੁੱਧ ਯਥਾਰਥ ਤੇ ਨਿਸੰਗ ਚਿਤ੍ਰਣ ਹੋਣਾ ਜ਼ਰੂਰੀ ਹੈ ਜੋ ਆਸਾ ਦੀ ਵਾਰ ਵਿੱਚ ਗੁਰੂ ਨਾਨਕ ਵਰਗੇ ਸ਼ ਨਿਡਰ ਲੋਕ ਰਚਨਾ ਤੋਂ ਹੀ ਸੰਭਵ ਹੈ।

ਗੁਰੂ ਜੀ ਨੇ ਆਪਣੇ ਆਪ ਨੂੰ ਰਾਜਨੀਤੀ ਤੋਂ ਦੂਰ ਨਹੀਂ ਕੀਤਾ ਸਗੋਂ ਯਥਾਰਥਕ ਚਿਤ੍ਰਣ ਪੇਸ਼ ਕਰਦੇ ਹੋਏ ਸਗੋਂ ਆਮ ਲੋਕਾਂ ਨੂੰ ਅਨਿਆਇ, ਦੁਰ ਵਿਵਹਾਰ ਪ੍ਰਤੀ ਜਾਗਰੂਕ ਕੀਤਾ ।

ਅੱਜ ਵਿਸ਼ਵੀਕਰਨ ਯੁੱਗ ਵਿੱਚ ਸਮਾਜ ਬਹੁਤ ਵੱਡੇ ਖੇਤਰ ਵਿੱਚ ਫੈਲਿਆਂ ਹੋਇਆ ਹੈ ੇ ਰਾਜ ਨੀਤੀ ਇਸ ਦਾ ਮੁੱਖ ਧੁਰਾ ਹੈ। ਜੋ ਸਮਾਜ ਨੂੰ ਚਲਾਉਣ ਲਈ ਅਤੇ ਸਾਂਤੀ ਬਣਾਈ ਰੱਖਣ ਲਈ ਬਣਾਇਆ ਗਿਆ ਹੈ ਜਿਸ ਕਰਕੇ ਮਨੁੱਖ ਇਸ ਨਾਲ ਵਧੇਰੇ ਨੇੜਤਾ ਰੱਖਦਾ ਹੈ। ਅੱਜ ਸੰਸਾਰ ਵਿੱਚ ਸੱਤਾ ਦੀ ਪ੍ਰਾਪਤੀ ਲਈ ਹਰ ਕੋਈ ਸੰਘਰਸ਼ ਕਰਦਾ ਅਤੇ ਚਾਲਬਾਜੀਆ ਕਰਦਾ। ਸੱਤਾ ਦੇ ਇਸ ਲਾਲਚ ਕਰਕੇ ਮਨੁੱਖ ਆਪਣੇ ਆਦਰਸਾਂ ਨੂੰ ਵੀ ਭੁੱਲਦਾ ਜਾ ਰਿਹਾ। ਹਰ

ਵਿਅਕਤੀ ਖੁਦ ਨੂੰ ਸਹੀ ਸਾਬਤ ਕਰਨ ਲਈ ਝੂਟੇ ਵਾਅਦੇ ਕਰਨ ਤੋਂ ਵੀ ਕੋਈ ਗੁਰੇਜ਼ ਨਹੀਂ ਕਰਦਾ। ਲੋਕਾਂ ਦੇ ਮਨਾਂ ਵਿੱਚ ਇੱਕ ਦੂਜੇ ਪ੍ਰਤੀ ਨਫ਼ਰਤ ਭਰਦੇ ਆ ਜਿਸ ਨਾਲ ਹਜ਼ਾਰਾਂ ਖ਼ੂਨ ਹੁੰਦੇ ਹਨ ਤੇ ਇਸ ਦਾ ਪ੍ਰਭਾਵ ਮਾਨਵੀ ਜੀਵਨ ਤੇ ਸਾਫ਼ ਦਿਖਦਾ । ਵਿਸ਼ਵੀਕਰਨ ਯੁੱਗ ਵਿੱਚ ਰਾਜਨੀਤੀ ਇੱਕ ਅਜਿਹੀ ਸਹਿ ਬਣ ਗਈ ਜਿਸ ਵਿੱਚ ਛਲ, ਕਪਟ, ਆਦਿ ਸਭ ਚਲਦਾ ਹੈ। ਪਰ ਮਾਨਵ ਜਾਗਰੂਕ ਹੋ ਰਿਹਾ ਅਤੇ ਆਸਾ ਦੀ ਵਾਰ ਵੀ ਜਾਗਰੂਕ ਮਨੁੱਖ ਆਪਣੇ ਅਧਿਕਾਰਾਂ ਲਈ ਖੜਨਾ ਸਿਖਾਏਗੀ ਤੇ ਲੋਕਾਂ ਵਿੱਚ ਜੋ ਅਸਾਂਤੀ ਤੇ ਅਰਾਜਕਤਾ ਦੀ ਭਾਵਨਾ ਫੈਲੀ ਹੋਈ ਹੈ। ਉਸ ਵਿੱਚ ਇਹ ਵਾਰ ਮਾਨਵ ਦੀ ਅਗਵਾਈ ਕਰਨ ਵਿੱਚ ਵਿਸ਼ੇਸ ਸਹਾਈ ਹੋਵੇਗੀ।

**ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥**

**ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥**[1]

ਅੱਜ ਵਿਸ਼ਵੀ ਕਰਨ ਯੁੱਗ ਵਿੱਚ ਸਾਰਾ ਸਮਾਜ ਛਲ ਦਾ ਰੂਪ ਧਾਰਨ ਕਰ ਰਿਹਾ। ਸਰਕਾਰਾਂ ਅਤੇ ਪਰਜਾ ਦੋਵੇ ਅੱਜ ਝੂਠ ਛਲ ਵਿੱਚ ਹਨ। ਇਸ ਸੰਸਾਰ ਵਿੱਚ ਨੇਤਾਵਾਂ ਨੇ ਗਰੀਬਾਂ ਦੇ ਖ਼ੂਨ ਨਾਲ ਬਣਾਏ ਮਹਿਲ, ਸ਼ਮਿਆਨੇ ਸਭ ਛਲ ਦੇ ਰੂਪ ਹਨ ਤੇ ਆਪ ਵੀ ਛਲ ਦੇ ਭੇਸ ਵਿੱਚ ਹਨ। ਇਹ ਨੇਤਾਂ ਲੋਕ ਛਲ ਦੇ ਮੋਹ ਵਿੱਚ ਆਪਣਾ ਫ਼ਾਇਦਾ ਜਿਆਦਾ ਕਰਨ ਵਿੱਚ ਲੱਗੇ ਹੋਏ ਤੇ ਗਰੀਬ ਜਨਤਾ ਜਿਸ ਦੇ ਸਿਰ ਤੇ ਇਹ ਐਸ਼ੋ ਅਰਾਮ ਦੀ ਜਿੰਦਗੀ ਬਸਰ ਕਰਦੇ ਹਨ। ਇਸ ਲਈ ਇਹ ਮਹਿਲ, ਸ਼ਮਿਆਨੇ ਜੋ ਵੇਖਣ ਨੂੰ ਖ਼ੂਬਸੂਰਤ ਜਾਪਦੇ ਹਨ ਉਹ ਅਸਲ ਵਿੱਚ ਹੱਕ ਸੱਚ ਦੀ ਜਗ੍ਹਾਂ ਛਲ ਅਤੇ ਝੂਠ ਨਾਲ ਉਸਾਰੇ ਹੋਏ ਹੁੰਦੇ ਹਨ। ਜਿਸ ਵਿੱਚ ਜਿੰਦਗੀ ਝੂਠੀ ਤੇ ਦਿਖਾਵੇ ਵਾਲੀ ਹੁੰਦੀ ਹੈ ਜੋ ਛਲ ਵਾਂਗ ਰੂਪ ਬਦਲ ਰਹਿੰਦੀ ਹੈ। ਆਸਾ ਦੀ ਵਾਰ ਅਨੁਸਾਰ ਇਹ ਛਲ ਜੋ ਇੰਨ੍ਹਾਂ ਨੇਤਾਵਾਂ ਨੂੰ ਖੁਸ਼ੀ ਦਿੰਦਾ ਉਸ ਦਿਨ ਮਿੱਟੀ ਵਿੱਚ ਮਿਲ ਜਾਵੇਗਾ ਜਦ ਗਰੀਬ ਆਪਣੇ ਹੱਕ ਲਈ ਘੋਲ ਤੇ ਸੰਘਰਸ਼ ਕਰੇਗਾ। ਅੱਜ ਜ਼ਰੂਰਤ ਹੈ ਇਸ ਛਲ ਨੂੰ ਖਤਮ ਕਰਨ ਦੀ ਤੇ ਇਸ ਦਾ ਖਾਤਮਾ ਲੋਕਾਂ ਨੂੰ ਰਾਜਨੀਤਿਕ ਚੇਤੰਨਤਾ ਦੁਆਰਾ ਹੀ ਮਿਲੇਗਾ ਤੇ ਇਹ ਮਾਰਗ ਆਸਾ ਦੀ ਵਾਰ ਵਿੱਚ ਮੌਜੂਦ ਹੈ।

**ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ॥**

**ਨਾਨਕ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ॥**[2]

ਇਹ ਵਿਸ਼ਵੀਕਰਨ ਯੁੱਗ ਵਿੱਚ ਰਾਜਨੀਤੀ ਸਭ ਨੂੰ ਮੋਹਿਤ ਕਰ ਰਹੀ ਹੈ ਜੋ ਸ਼ਹਿਦ ਵਾਂਗ ਮਿੱਠੀ ਲੱਗਦੀ ਹੈ ਪਰ ਇਹ ਮੋਹਿਤ ਰਾਜਨੀਤੀ ਮਾਨਵ ਨੂੰ ਇੱਕ ਦਿਨ ਡੋਬ ਕੇ ਰੱਖ ਦਿੰਦੀ ਹੈ ਜੋ ਪਹਿਲਾਂ ਆਪਣੇ ਜਲਵੇ ਨਾਲ ਵਿਅਕਤੀ ਨੂੰ ਛਲ ਕਪਟ ਵਿੱਚ ਪਾ ਕੇ ਖੁਸ਼ ਦਿੰਦੀ ਹੈ ਤੇ ਬਆਦ ਵਿੱਚ ਦਰ ਦਰ ਠੋਕਰਾਂ ਤੇ ਦੁੱਖ ਵੀ ਦਿੰਦੀ ਹੈ। ਜਿਸ ਨਾਲ ਛਲ ਮਾਨਵ ਨੂੰ ਸ਼ੂਲਾਂ ਵਾਂਗ ਚੁੱਭਦਾ ਹੈ। ਆਸਾ ਦੀ ਵਾਰ ਇਸ ਝੂਠੇ ਸੰਸਾਰ ਤੋਂ ਮਨੁੱਖ ਨੂੰ ਜਾਣੂ ਕਰਵਾਉਂਦੀ ਹੈ ਤੇ ਮਨੁੱਖ

ਨੂੰ ਇਹ ਝੂਠੀ ਜਿੰਦਗੀ ਜੋ ਵੇਖਣ ਨੂੰ ਆਲੀਸ਼ਾਨ ਲੱਗਦੀ ਹੈ ਉਸ ਦੇ ਸੱਚ ਤੋਂ ਜਾਣੂ ਕਰਵਾ ਕੇ ਹੱਕ ਸੱਚ ਲਈ ਖੜ੍ਹਨ ਦਾ ਮਾਰਗ ਸਿਖਾਉਂਦੀ ਹੈ।

**ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥**

**ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥**

**ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥**

**ਗਿਆਨ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ॥**

**ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ॥**

**ਮੂਰਖ ਪੰਡਿਤ ਹਿਕਮਿਤ ਹੁਜਤਿ ਸੰਜੈ ਕਰਹਿ ਪਿਆਰੁ॥**

**ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ॥**

**ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ॥**

**ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ॥**

**ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ॥**[3]

ਵਿਸ਼ਵੀਕਰਨ ਦੇ ਯੁੱਗ ਵਿੱਚ ਅੱਜ ਰਾਜਨੀਤੀ ਦੇ ਸਾਰੇ ਨੇਤਾਵਾਂ ਨੇ ਝੂਠ ਤੇ ਕੁਫ਼ਰ ਦਾ ਦਰਬਾਰ ਸਾਜਿਆ ਹੋਇਆ ਹੈ। ਜਿੱਥੇ ਇਨਸਾਫ਼ ਕਰਨ ਦਾ ਵਿਖਾਵਾ ਰਚਿਆ ਹੋਇਆ ਹੈ ਤੇ ਕਾਨੂੰਨ ਵੀ ਦਿਖਾਵਾ ਬਣਾਇਆ ਹੋਇਆ ਹੈ। ਇਨਸਾਫ਼ ਕਰਨ ਵਾਲੇ ਸਲਾਹਕਾਰ ਵੀ ਵਿਕੇ ਹੋਏ ਨੇ ਤੇ ਪਰਜਾ ਨੂੰ ਇਸ ਅੰਨ੍ਹੇ ਕਾਨੂੰਨ ਵਿੱਚ ਅੰਨ੍ਹੇ ਕੀਤਾ ਪਿਆ ਜਿਸ ਨਾਲ ਆਮ ਲੋਕ ਆਪਣੇ ਇਨਸਾਫ਼ ਖਾਤਰ ਅੱਗ ਦੀ ਚੱਟੀ ਭਰ ਰਹੇ ਹਨ। ਪਰ ਇਨਸਾਫ਼ ਦੀ ਆਸ ਉਨ੍ਹਾਂ ਨੂੰ ਕਿਤੋਂ ਵੀ ਨਹੀਂ ਦਿਖਦੀ। ਇਨਸਾਫ਼ ਦੇਣ ਵਾਲੇ ਗਿਆਨੀ ਲੋਕ ਆਪਣੇ ਐਸ਼ੋ ਅਰਾਮ ਵਿੱਚ ਇੰਨ੍ਹਾਂ ਰੁੱਝੇ ਹੋਏ ਹਨ ਅਤੇ ਵੱਖ-ਵੱਖ ਭੇਸ ਬਣਾ ਕੇ ਆਮ ਲੋਕਾਂ ਨੂੰ ਕਾਨੂੰਨ ਦੇ ਪਾਠ ਸੁਣਾਂਵਦੇ ਹਨ ਤੇ ਨਿਡਰਤਾ ਦੀਆ ਕਹਾਣੀਆਂ ਰਚਦੇ ਹਨ। ਪਰ ਆਪ ਇੰਨ੍ਹਾਂ ਤੇ ਅਮਲ ਕਰਨ ਦੀ ਬਜਾਏ ਆਪਣੇ ਸਵਾਰਥਾਂ ਲਈ ਇੰਨ੍ਹਾਂ ਦੀ ਦੁਰਵਰਤੋਂ ਕਰਦੇ ਹਨ। ਦੂਜੀਆਂ ਨੂੰ ਸੱਚਾਈ ਦੀਆਂ ਦਲੀਲਾਂ ਦੇਣ ਵਾਲੇ ਇਹ ਧਰਮੀ ਨੇਤਾਂ ਖੁਦ ਝੂਠ ਦੀ ਕਮਾਈ ਕਰਨ ਵਿੱਚ ਰੁੱਝੇ ਹੋਏ ਹਨ। ਆਮ ਲੋਕਾਂ ਦੀਆ ਨਜ਼ਰਾਂ ਵਿੱਚ ਇਹ ਨੇਤਾਂ ਇਨਸਾਫ਼ ਲਈ ਵੱਡੇ ਦਾਓਵੇ ਵਾਅਦੇ ਕਰਦੇ ਹਨ ਪਰ ਮਨੋਂ ਨਿਸ਼ਕਾਮ ਦੀ ਜਗ੍ਹਾਂ ਆਪਣੀਆਂ ਵਾਸ਼ਨਾਵਾਂ ਵਿੱਚ ਪੂਰਨ ਤੌਰ ਤੇ ਗਵਾਚੇ ਹੋਏ ਹਨ। ਆਪਣੀਆਂ ਰਾਜਨੀਤਿਕ ਰੋਟੀਆ ਲਈ ਘਰ ਘਾਟ ਛੱਡਣ ਦੇ ਵਿਖਾਵੇ ਵੀ ਕੀਤੇ ਜਾਂਦੇ ਹਨ। ਇੱਥੇ ਰਾਜਨੀਤੀ ਵਿੱਚ ਹਰ ਕੋਈ ਆਪਣੇ ਆਪ ਨੂੰ ਸਿਆਣਾ ਸਾਬਤ ਕਰਨ ਦੀ ਦੌੜ ਵਿੱਚ ਲੱਗੇ ਹੋਏ ਹਨ ਤੇ ਊਣਤਾਈਆ ਨੂੰ ਆਮ ਲੋਕਾਂ ਤੋਂ ਲੁਕਾਉਣ ਲਈ ਕਈ ਮਖੌਟੇ ਪਹਨੇ ਜਾਂਦੇ ਹਨ।ਆਸਾ ਦੀ ਵਾਰ ਅਨੁਸਾਰ ਇਹ ਸਾਨੋਂ ਸੌਂਕਤ ਝੂਠੀ ਇੱਜ਼ਤ ਹੱਕ ਸੱਚ ਸਾਹਮਣੇ ਫਿੱਕੀ ਪੈ

ਜਾਂਦੀ ਹੈ ਜਿਸ ਨਾਲ ਆਦਰ ਵੀ ਫਿਰ ਜੁੜਨੋਂ ਬਹੁਤ ਦੂਰ ਰਹਿ ਜਾਂਦਾ ਹੈ।ਗੁਰੂ ਜੀ ਅਨੁਸਾਰ ਉਹੀ ਵਿਅਕਤੀ ਗਿਆਨਵਾਨ ਹੈ ਜੋ ਇੰਨ੍ਹਾਂ ਕਾਨੂੰਨਾਂ ਦੀ ਸਹੀ ਪਾਲਣਾ ਕਰ ਤੇ ਅੱਜ ਆਮ ਲੋਕਾਂ ਨੂੰ ਰਾਜਨੀਤੀ ਦੀ ਇਸ ਖੇਡ ਵਿੱਚ ਚੇਤੰਨ ਹੋਣ ਲਈ ਕਾਨੂੰਨ ਨੂੰ ਜਾਣਨਾ ਜ਼ਰੂਰੀ ਹੈ ਜੋ ਆਮ ਜਨਤਾ ਦਾ ਜਾਣਨਾ ਹੱਕ ਹੈ।

**ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ॥**

**ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ॥**[4]

ਅੱਜ ਦੇ ਵਿਸ਼ਵੀਕਰਨ ਯੁੱਗ ਵਿੱਚ ਰਾਜਨੀਤੀਕ ਨੇਤਾਂ ਲੱਖਾਂ ਚੌਰੀਆਂ ਕਰਦੇ ਹਨ ਤੇ ਲੱਖਾਂ ਹੀ ਆਪਣੇ ਫ਼ਾਇਦੇ ਲੈਣ ਲਈ ਜਾਰੀਆਂ ਲਾਉਂਦੇ ਹਨ। ਦਿਨ ਰਾਤ ਝੂਠ ਦੇ ਭਰਮ ਵਿੱਚ ਜਿਉਂਦੇ ਹਨ ਤੇ ਆਮ ਜਨਤਾ ਦੇ ਸਾਹਮਣੇ ਬਾਹਰੋਂ ਬਾਹਰ ਉਨ੍ਹਾਂ ਦੇ ਚਾਕਰੀ ਹਮਦਰਦ ਬਣਨ ਦਾ ਦਿਖਾਵਾ ਕਰਦੇ ਹਨ ਪਰ ਅੰਦਰੋਂ ਅੰਦਰੀਂ ਝੂਠ ਤੇ ਮਨ ਵਿੱਚ ਚੌਰ ਰੱਖਦੇ ਹਨ ਭਲਾਈ ਕਰਨ ਦੀ ਬਜਾਏ ਉਨ੍ਹਾਂ ਦੀਆ ਮਿਹਨਤਾਂ ਤੇ ਝਾਕ ਰੱਖਦੇ ਹਨ। ਪਰ ਜਿਸ ਦਿਨ ਆਮ ਲੋਕ ਰਾਜਨੀਤੀ ਪ੍ਰਤੀ ਚੇਤੰਨ ਹੋ ਜਾਣਗੇ ਉਸ ਦਿਨ ਇਹ ਚੌਰੀਆਂ ਯਾਰੀਆਂ ਜੋ ਆਪਣੇ ਐਸ਼ੋ ਆਰਾਮ ਲਈ ਦਿਖਾਵੇ ਬਣਾਏ ਹੋਏ ਹਨ ਉਸ ਸਭ ਦਾ ਵੀ ਖਾਤਮਾ ਹੋ ਜਾਵੇਗਾ।ਆਸਾ ਦੀ ਵਾਰ ਇਸ ਵਿੱਚ ਆਮ ਲੋਕਾਂ ਨੂੰ ਇੰਨ੍ਹਾਂ ਝੂਠੀਆਂ ਯਾਰੀਆਂ ਚੌਰੀਆਂ ਤੋਂ ਆਮ ਲੋਕਾਂ ਨੂੰ ਚੇਤੰਨ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ ਤੇ ਹੱਕ ਸੱਚ ਦਾ ਇੱਕ ਮਾਰਗ ਦੇ ਕੇ ਆਮ ਲੋਕਾਂ ਨੂੰ ਆਪਣੇ ਹੱਕ ਸਰਕਾਰ ਅੱਗੇ ਰੱਖਣ ਦੀ ਇੱਕ ਨਵੀਨ ਸ਼ਕਤੀ ਨੂੰ ਪੇਸ਼ ਹੈ।

**ਕੂੜਿ ਰਾਸਿ ਕੂੜੁ ਵਾਪਾਰੁ॥**

**ਕੂੜੁ ਬੋਲਿ ਕਰਹਿ ਆਹਾਰੁ॥**

**ਸਰਮ ਧਰਮ ਕਾ ਡੇਰਾ ਦੂਰਿ॥**[5]

ਅੱਜ ਰਾਜਨੀਤੀ ਪੂਰਨ ਤੌਰ ਤੇ ਪੂੰਜੀਵਾਦ ਦਾ ਰੂਪ ਧਾਰਨ ਕਰ ਚੁੱਕੀ ਹੈ ਜੋ ਆਮ ਲੋਕਾਂ ਦੀ ਭਲਾਈ ਕਰਨ ਦੀ ਬਜਾਏ ਵਿਸ਼ਵੀਕਰਨ ਦੇ ਵਪਾਰ ਨੂੰ ਵਧੇਰੇ ਤਵੱਜੋਂ ਦਿੰਦੀ ਨਜ਼ਰ ਆ ਰਹੀ ਹੈ। ਇੱਥੇ ਆਮ ਲੋਕਾਂ ਦੀ ਆਵਾਜ਼ ਨੂੰ ਦਬਾ ਕੇ ਪੂੰਜੀਵਾਦੀ ਲੋਕਾਂ ਦੇ ਬੋਲਾਂ ਨੂੰ ਅਹਿਮੀਅਤ ਦਿੱਤੀ ਜਾ ਰਹੀ ਹੈ ਇੱਥੇ ਆਮ ਲੋਕਾਂ ਦੀ ਪੁਕਾਰ ਨੂੰ ਸਾਲਾਂ ਬੱਧੀ ਦਬਾਇਆ ਜਾਂਦਾ ਹੈ । ਜਿਸ ਕਾਰਨ ਅੱਜ ਸਰਮ, ਧਰਮ ਵੀ ਖਤਮ ਹੁੰਦੇ ਜਾ ਰਹੇ ਹਨ । ਪਰ ਗੁਰੂ ਜੀ ਨੇ ਆਮ ਲੋਕਾਂ ਨੂੰ ਆਪਣੇ ਹੱਕਾਂ, ਆਵਾਜਾਂ ਲਈ ਇਸ ਰਾਜਨੀਤੀ ਚੇਤੰਨ ਕਰਨ ਲਈ ਪੂੰਜੀਵਾਦੀਆਂ ਦੇ ਬਨਾਵਟੀ ਚਿਹਰੇ ਆਮ ਲੋਕਾਂ ਸਾਹਮਣੇ ਦਿਖਾ ਹੇ ਹੱਕ ਸੱਚ ਲਈ ਬੋਲਣ ਦੀ ਇੱਕ ਨਵੀਨ ਹੂਕ ਦੇਣ ਦੀ ਕੋਸ਼ੀਸ ਕੀਤੀ ਹੈ।

## ਹਵਾਲੇ ਟਿੱਪਣੀਆਂ

1.A History Of the Sikhs, p.48

2.Trransformation of Sikhism, p.1

3.The Indian Journal Of Political Science (oct-dec 1962), p.309

4. ਪ੍ਰੋਫੈਸਰ ਸਾਹਿਬ ਸ਼ਿੰਘ, ਆਸਾ ਦੀ ਵਾਰ ਸਟੀਕ, ਪੰਨਾ ਨੰ.63-64

5.ਉਹੀ, ਪੰਨਾ ਨੰ.64

6.ਉਹੀ, ਪੰਨਾ ਨੰ.70

7.ਉਹੀ, ਪੰਨਾ ਨੰ.117

8.ਉਹੀ, ਪੰਨਾ ਨੰ.89

## ਸਾਰ

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਆਸਾ ਦੀ ਵਾਰ' ਦੇ ਮਹੱਤਵ ਨੂੰ ਵੱਖ-ਵੱਖ ਦ੍ਰਿਸ਼ਟੀਕੋਣਾ ਤੋਂ ਵਾਚਿਆ ਅਤੇ ਦੇਖਿਆ ਜਾਂਦਾ ਰਿਹਾ ਹੈ।ਵਿਸ਼ਵੀਕਰਨ ਦੇ ਯੁੱਗ ਵਿੱਚ ਰਹਿੰਦੇ ਲੋਕਾਂ ਲਈ ਅਸਾ ਦੀ ਵਾਰ ਮਾਨਸਿਕ ਤਸੱਲੀ ਦਾ ਖਜ਼ਾਨਾ ਹੈ ਤੇ ਸਦਾਚਾਰਕ ਅਸੂਲਾਂ ਦੇ ਸੰਗ੍ਰਹਿ ਦਾ ਇੱਕ ਮਾਡਲ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਤੇ ਵਿਸ਼ਵਾਸ ਰੱਖਣ ਵਾਲਿਆ ਲਈ ਇਹ ਇੱਕ ਅਜਿਹਾ ਤਬਕਾ ਹੈ ਜਿਸ ਵਿੱਚ ਵਿਵਹਾਰਿਕ ਦ੍ਰਿਸ਼ਟੀਕੋਣ ਤੋਂ ਬਾਣੀ ਨੂੰ ਪ੍ਰਸਤੁਤ ਕੀਤਾ ਜਾ ਰਿਹਾ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਆਸਾ ਦੀ ਵਾਰ ਉਨਾਂ ਸਾਰੀਆਂ ਸ਼ਕਤੀਆਂ ਦਾ ਉਹ ਸ੍ਰੋਤ ਹੈ ਜੋ ਵਿਸ਼ਵੀਕਰਨ ਯੁੱਗ ਵਿੱਚ ਰਹਿ ਰਹੇ ਮਾਨਵ ਨੂੰ ਆਪਣਾ ਜੀਵਨ ਸੁਨਹਿਰਾ ਬਣਾਉਣ ਲਈ ਮਦਦ ਕਰਦੀ ਹੈ।

ਆਸਾ ਦੀ ਵਾਰ ਬਾਣੀ ਸਿਰਫ਼ ਸਿੱਖ ਧਰਮ ਅਤੇ ਸਿੱਖ ਚਿੰਤਨ ਲਈ ਹੀ ਨਹੀਂ ਬਲਕਿ ਇਸ ਦਾ ਸੰਦੇਸ਼ ਪੂਰੇ ਵਿਸ਼ਵ ਵਿੱਚ ਰਹਿੰਦੇ ਹਰ ਇੱਕ ਮਾਨਵ ਲਈ ਹੈ। ਧਰਮ ਨੇ ਸਮਾਜ ਅਤੇ ਮਨੁੱਖ ਨੂੰ ਆਪਣੇ ਨਾਲ ਲੈ ਕੇ ਚੱਲਣਾ ਹੈ। ਧਰਮ ਤੇ ਮਨੁੱਖ ਦੇ ਆਪਸੀ ਰਿਸ਼ਤਿਆਂ ਦੀ ਪ੍ਰਸੰਗਿਕਤਾ ਧਾਰਮਿਕ ਕੀਮਤਾਂ ਅਤੇ ਲੋੜਾਂ ਦੀ ਸਹਿਹੋਂਦ ਦਾ ਹੀ ਪ੍ਰਸੰਗ ਹਨ। ਧਰਮ ਨੇ ਮਨੁੱਖ ਨੂੰ ਸਮਾਜਿਕ ਮਾਹੌਲ ਤੋਂ ਬੇਮੁੱਖ ਨਹੀਂ ਕਰਨਾ। ਸਗੋਂ ਮਾਹੌਲ ਤੇ ਸਰਦਾਰੀ ਕਰਨ ਲਈ ਤਿਆਰ ਕਰਨਾ ਹੈ। ਅਜਿਹਾ ਆਤਮ ਅਨੁਭੂਤੀ ਰਾਹੀ ਹੀ ਸੰਭਵ ਹੋ ਸਕਦਾ ਹੈ। ਇਹ ਇੱਕ ਸਮਾਜਿਕ ਸਦੰਰਭ ਹੈ, ਜਿਸ ਨਾਲ ਮਨੁੱਖ ਨੇ ਆਪ ਹੀ ਨਜਿੱਠਣਾ ਹੈ।

ਆਸਾ ਦੀ ਵਾਰ ਦੇ ਇਸ ਸਦੰਰਭ ਵਿੱਚ ਸਾਬਤ ਹੁੰਦਾ ਹੈ ਕਿ ਮਾਨਵ ਨੇ ਜੀਵਨ ਤੇ ਗੁਰਮਤਿ ਨੂੰ ਬੜ੍ਹੇ ਹੀ ਸਾਰਥਿਕਤਾ ਨਾਲ ਪਰਵਾਨ ਕੀਤਾ ਹੈ। ਕਿਉਂ ਕਿ ਇਸ ਰਚਨਾ ਦੀ ਬਣਤਰ ਅਜਿਹੀ ਹੈ, ਜਿਸ ਵਿੱਚ ਮਾਨਵ ਦੇ ਜੀਵਨ ਨੂੰ ਸੁਨਹਿਰੀ ਬਨਾਉਣ ਅਤੇ ਵਿਕਾਸ ਕਰ ਸਕਣ ਦੇ ਸਾਰੇ ਉਦੇਸ਼ ਮੌਜੂਦ ਹਨ, ਪਰ ਇਹ ਉਦੇਸ਼ ਪੂਰਨ ਤੌਰ ਤੇ ਸੁਤੰਤਾ ਨਹੀਂ ਹੋਏ। ਅੱਜ ਵਿਸ਼ਵੀਕਰਨ ਵਿੱਚ ਇੰਨ੍ਹਾਂ ਰੁਕਾਵਟਾਂ ਤੋਂ ਸੁਚੇਤ ਹੋਣ ਵਾਲੀ ਚੇਤਨਾ ਦੀ ਲੋੜ ਹੈ। ਅੱਜ ਦੇ ਵਿਸ਼ਵੀਕਰਨ ਦੇ ਯੁੱਗ ਵਿੱਚ ਸਭ ਤੋਂ ਜ਼ਰੂਰੀ ਹੈ ਕਿ ਮਨੁੱਖ ਨੂੰ ਆਪਣੇ ਲਖਸ਼ ਪ੍ਰਤੀ ਸੁਚੇਤ ਹੋਵੇ ਤੇ ਇਸ ਲਖਸ ਨੂੰ ਗੁਰੂ ਜੀ ਇਨ੍ਹਾਂ ਸ਼ਬਦਾ ਰਾਹੀ ਵੀ ਦਰਸਾਇਆ ਹੈ।

ਭਈ ਪਰਾਪਤਿ ਮਾਨੁਖ ਦੇਹੁਰੀਆ॥

ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥

ਮਨੁੱਖ ਸੰਸਾਰ ਵਿੱਚ ਸਭ ਤੋਂ, ਸ਼੍ਰੇਸਟ ਜੀਵ ਹੈ ਜਿਸ ਲਈ ਲਖਸ਼ ਵਧੇਰੇ ਜ਼ਰੂਰੀ ਹਨ ਅਤੇ ਉਸ ਨੂੰ ਪ੍ਰਾਪਤ ਕਰਨ ਦੇ ਮੁੱਖ ਰੂਪ ਵਿੱਚ ਦੋ ਹੀ ਮਾਰਗ ਹਨ। ਪਹਿਲਾ ਆਸਤਿਕ ਅਤੇ ਦੂਜਾ ਨਾਸਤਿਕ। ਇਸ ਬਾਣੀ ਵਿੱਚ ਆਸਤਿਕ ਬਿਰਤੀ ਵਾਲੇ ਮਨੁੱਖ ਦੇ ਮਾਰਗ ਨੂੰ ਲਿਆ ਹੈ। ਆਸਤਿਕ ਦਾ ਮਾਰਗ ਉਹ ਹੈ ਜੋ ਮਨੁੱਖ ਮਨ ਤੇ ਕਾਬੂ ਪਾ ਲਵੇ ਇਹ ਉਸ ਦੀ ਮੁੱਖ ਨਿਸ਼ਾਨੀ ਹੈ। ਨਾਸਤਿਕ ਮਾਰਗ ਬਾਰੇ ਬਾਣੀ ਦੇ ਮੁੱਢ ਵਿੱਚ ਹੀ ਸ਼ਪੱਸਟ ਕਰ ਦਿੱਤਾ ਹੈ ਕਿ ਆਪ ਗ੍ਰਹਿਣ ਕੀਤੀ ਅਕਲ ਭਾਵ ਚੁਸਤ ਚਲਾਕੀ ਦੇ ਆਸਰੇ ਵਿੱਚ ਰਹਿਣ ਵਾਲੇ ਲੋਕਾਂ ਦਾ ਹਾਲ, ਤਿਲਾਂ ਦੇ ਉਨ੍ਹਾਂ ਬੂਟਿਆਂ

ਵਰਗਾ ਹੁੰਦਾ ਹੈ, ਜਿੰਨ੍ਹਾਂ ਨੂੰ ਕੋਈ ਵੀ ਅਪਣਾਉਣ ਲਈ ਤਿਆਰ ਨਹੀਂ ਹੁੰਦਾ। ਇਹ ਮਾਨਵ ਦੀ ਵਿਅਕਤੀਵਾਦੀ ਸੋਚ ਦੇ ਪ੍ਰਤੀਕਰਮ ਕਰਨ ਦੇ ਸਮਰੱਥ ਹੈ ਤੇ ਇਸ ਸੋਚ ਨੂੰ ਅਧਿਆਤਮਿਕ ਚੇਤਨਾ ਵਿੱਚ ਬਦਲਣ ਦੀ ਜ਼ਰੂਰਤ ਹੈ। ਇਹ ਚੇਤਨਾ ਮਾਨਵੀ ਸੋਚ ਨੂੰ ਆਤਮਿਕ-ਅਨੁਭੂਤੀ ਵਿੱਚ ਤਬਦੀਲ ਕਰਨ ਤੇ ਹੀ ਪ੍ਰਾਪਤ ਹੁੰਦੀ ਹੈ ਤੇ ਪ੍ਰਵਾਨ ਕੀਤੀ ਜਾਂਦੀ ਹੈ। ਜਿਸ ਨੂੰ ਨਾਨਕ ਬਾਣੀ 'ਆਸਾ ਦੀ ਵਾਰ' ਰਾਹੀ ਸਪੱਸ਼ਟ ਕੀਤਾ ਗਿਆ ਹੈ।

'ਆਸਾ ਦੀ ਵਾਰ' ਵਿਚਲੇ ਉਦੇਸ਼ ਮਨੁੱਖ ਨੂੰ ਸੱਚੇ ਮਾਰਗ ਨਾਲ ਪਹਿਚਾਣ ਕਰਵਾ ਕੇ ਸੱਚੀ ਸੁੱਚੀ ਜੀਵਨ ਜਾਂਚ 'ਚ ਆਸਤਿਕ ਬਿਰਤੀ ਵਾਲੇ ਮਨੁੱਖ ਲਈ ਹੈ ਅਤੇ ਇਸ ਦਾ ਪ੍ਰਯੋਜਨ ਜੀਵਨ ਦੀ ਮੁਸ਼ਕਿਲ ਤੋਂ ਮੁਸ਼ਕਿਲ ਮੰਜਲ ਵੱਲ ਵੱਧਣਾ ਹੈ। ਇਹ ਇੱਕ ਅਜਿਹੀ ਜੀਵਨ ਜੁਗਤ ਹੈ ਜੋ ਸੱਚੀ ਮਾਨਵ ਨੂੰ ਸੱਚੀ ਮਾਨਵਤਾ ਨਾਲ ਜਿਉਣ ਦਾ ਬਲ ਬਖਸ਼ਦੀ ਹੈ, ਨਾ ਕਿ ਮਨੁੱਖ ਨੂੰ ਦੇਵਤਾਪਣ ਦਾ ਮਾਰਗ ਦਰਸਾ ਕੇ ਨਿਪੁੰਸ਼ਕਤਾ ਦੀ ਖਾਈ ਵਿੱਚ ਸੁੱਟਦੀ ਹੈ।

ਇਸੇ ਲਈ ਆਸਾ ਦੀ ਵਾਰ ਵਿੱਚ ਮਾਨਵ ਨੂੰ ਸਮਾਜ ਵਿੱਚ ਵਿਚਰਦਾ ਦਰਸਾ ਕੇ, ਉਸ ਨੂੰ ਹਰ ਰੁਕਾਵਟ ਪ੍ਰਤੀ ਮਾਨਵ ਨੂੰ ਚੇਤੰਨ ਕਰਦੀ ਹੈ। ਮਾਨਵ ਨੂੰ ਚੇਤੰਨ ਕੀਤਾ ਕਿ ਉਹ ਧਾਰਮਿਕ ਅਡੰਬਰਾਂ ਦਾ ਸ਼ਿਕਾਰ ਹੋ ਸਕਦਾ ਹੈ, ਹਉਮੈ ਅਤੇ ਮੈਂ ਵਿੱਚ ਆ ਕੇ ਕਿਸੇ ਵੀ ਕੁਰਾਹੇ ਪੈ ਸਕਦਾ ਹੈ ਅਤੇ ਐਸ਼ ਪ੍ਰਸਤੀ ਵਿੱਚ ਰਹਿ ਕੇ ਆਪਣੀ ਦੇਹ ਨੂੰ ਵੀ ਗੁਆ ਰਿਹਾ।ਇਹ ਚੇਤੰਨਤਾ ਵੀ ਪ੍ਰਦਾਨ ਕੀਤੀ ਹੈ ਕਿ ਵਿਸ਼ਵੀ ਜੀਵ ਦੀ ਹੈਸੀਅਤ ਵਿੱਚ ਮਨੁੱਖ ਹਰ ਉਸ ਔਗੁਣ ਦਾ ਸ਼ਿਕਾਰ ਹੋ ਜਾਂਦਾ ਜਿਹੜਾ ਉਸਨੂੰ ਸੋਭਦਾ ਨਹੀਂ ਪਰ ਉਸ ਦਾ ਬਚਣਾ ਵੀ ਸੁਖਾਲਾ ਨਹੀਂ ਹੈ। ਮਨੁੱਖੀ ਜੀਵਨ ਦਾ ਇਹ ਵਾਸਤਵਿਕ ਪ੍ਰਸੰਗ ਮਾਨਵ ਨੂੰ ਚੇਤੰਨ ਕਰਦੀ ਹੈ ਜਿਹੜੀ ਅੱਜ ਦੇ ਵਿਸ਼ਵੀਕਰਨ ਯੁੱਗ ਵਿੱਚ ਮਾਨਵ ਲਈ ਚੈਲੰਜ ਹਨ। ਇਸ ਚੈਲੰਜ ਦੇ ਬਾਵਜੂਦ ਆਸਾ ਦੀ ਵਾਰ ਵਿੱਚ ਮਨੁੱਖ ਨੂੰ ਕਿਤੇ ਵੀ ਨਿਰਾਸ਼ ਹੋਣ ਦੀ ਪ੍ਰਵਾਨਗੀ ਨਹੀਂ ਦਿੰਦੀ ਸਗੋਂ ਚੇਤੰਨ ਕਰਦੀ ਹੈ ਅਤੇ ਮਨੁੱਖ ਲਈ ਕੋਈ ਤਰਸਵਾਨ ਸਥਿਤੀ ਨਾ ਬਣਾ ਕੇ ਉਸ ਵਿੱਚੋਂ ਕਰਾਮਤੀ ਢੰਗ ਸੁਝਾਉ ਪੇਸ਼ ਕੀਤਾ ਹੈ। ਇੱਥੇ ਮਾਨਵ ਦੇ ਜਮੀਰ ਨੂੰ ਜਗਾਇਆ ਅਤੇ ਸੱਚੇ ਮਾਰਗ ਨੂੰ ਦਰਸਾਇਆ ਹੈ ਜਿਹੜਾ ਮਨੁੱਖ ਨੂੰ ਪੂਰਨ ਤੌਰ ਤੇ ਸੰਘਰਸ਼ ਕਰਨ ਦੇ ਸਮਰੱਥ ਬਣਾਉਣ ਦੇ ਕਾਬਿਲ ਬਣਾਉਂਦਾ ਹੈ। ਇਹ ਚੇਤਨਾ ਮਾਨਵ ਲਈ ਉਹ ਸ਼ਕਤੀ ਹੈ ਜੋ ਸੀਮਤ ਗਿਆਨ ਨੂੰ ਅਸੀਮਤ ਸ਼ਕਤੀਆ ਵਿੱਚ ਬਦਲ ਸਕਦੀ ਹੈ। ਪਰ ਇਹ ਮਾਨਵ ਦੇ ਵਸ ਨਹੀਂ, ਸਗੋਂ ਇਹ ਧੁਰ ਹਿਰਦੇ ਅੰਦਰੋਂ ਹੀ ਆਵਾਜ਼ ਜ਼ਰੂਰੀ ਹੈ। ਜਿਸ ਵਿੱਚ ਸਹਿਯੋਗ ਦੀ ਵਧੇਰੇ ਜ਼ਰੂਰਤ ਹੈ ਅਤੇ ਮਨੋਂ ਉੱਠੀ ਇਸ ਆਵਾਜ਼ ਨੂੰ ਹੀ ਆਸਾ ਦੀ ਵਾਰ ਵਿੱਚ ਗੁਰੂ ਕਹਿ ਕੇ ਸੰਬੋਧਿਤ ਕੀਤਾ ਹੈ। ਗੁਰੂ ਦੇ ਮਹੱਤਵ ਤੇ ਉਸ ਦੀ ਅਹਿਮੀਅਤ ਦੇ ਭੇਦ ਬਾਰੇ ਜਾਣਕਾਰੀ ਦਿੰਦੇ ਦੱਸਿਆ ਹੈ ਕਿ ਇਸ ਵਿਸ਼ਵੀਕਰਨ ਵਿੱਚ ਮਨੁੱਖ ਇੱਕ ਸੀਮਾ ਵਿੱਚ ਬੱਝਾ ਹੋਇਆ ਹੈ ਤੇ ਜਿਸ ਕਾਰਨ ਪਰਮਾਤਮਾ ਦੇ ਦੋਹਾਂ ਗੁਣਾਂ ਭਾਵ ਨਿਰਗੁਣ ਅਤੇ ਸਰਗੁਣ ਪ੍ਰਸੰਗ ਨੂੰ ਸਮਝਣ ਤੋਂ ਅਸਮਰਥ ਹੈ। ਇਹ ਸਮਝ ਬੌਧਿਕ ਨਾ ਹੋ ਕੇ ਅਨੁਭਵੀ ਹੁੰਦੀ ਹੈ ਅਤੇ ਇਸ ਪ੍ਰਤੀ ਪੈਦਾ ਹੋਣ ਵਾਲੇ ਵਿਵਾਦਾਂ ਵਾਸਤੇ ਕੇਵਲ ਗੁਰੂ ਹੀ ਸਹਾਈ ਹੋ ਸਕਦਾ ਹੈ। ਗੁਰੂ ਨੇ ਇਹ ਤੱਥ ਦ੍ਰਿੜਾਉਣਾ ਪਰਗਟਾਉਣਾ ਹੁੰਦਾ ਹੈ ਕਿ ਸਮੁੱਚੀ ਰਚਨਾ ਨੂੰ ਰਚਨ ਵਾਲਾ ਪਰਮਾਤਮਾ ਆਪ ਹੀ ਹੈ ਅਤੇ ਉਸ ਨੇ ਆਪ ਹੀ ਨਾਮ ਰੂਪ ਵਿੱਚ ਆਪਣੇ ਆਪ ਨੂੰ ਰਚਨਾ ਨਾਲ ਜੋੜ ਲਿਆ ਹੈ। ਸਰਗੁਣ ਰੂਪ ਵਿੱਚ ਇਹ ਕੁਦਰਤ ਹੀ ਹੈ ਜਿਸ ਵਿੱਚ ਅਕਾਲਪੁਰਖ ਮੌਜੂਦ ਹੈ। ਇਸ ਤਰ੍ਹਾਂ ਪਰਮਾਤਮਾ ਹੀ ਦਾਤਾ ਅਤੇ ਕਰਤਾ ਹੈ। ਪਰਮਾਤਮਾ ਦਾ ਸੰਬੰਧ ਕਿਰਤਮ ਨਾਲ ਅਟੁੱਟ ਹੋਣ ਦੇ ਬਾਵਜੂਦ ਨਿਰਲੇਪਤਾ ਵਾਲਾ ਹੈ। ਜਿਸ ਕਰਕੇ ਪਰਮਾਤਮਾ ਨੂੰ ਤਮਾਸ਼ਾ ਵੇਖਣ 'ਡਿਠੇ ਚਾਉ' ਵਾਲਾ ਪਰਵਾਨ ਕੀਤਾ ਹੈ।

ਮਾਨਵ ਲਈ ਇਹ ਵਿਸ਼ਵਾਸ ਕਰਨਾ ਬਹੁਤ ਜ਼ਰੂਰੀ ਹੈ ਕਿ ਇਹ ਸਾਰੀ ਸ੍ਰਿਸਟੀ ਜੋ ਦਿਖਾਈ ਦਿੰਦੀ ਹੈ ਅਤੇ ਜੋ ਦਿਖ ਤੋਂ ਬਾਹਰ ਹੈ ਇਹ ਉਸ ਪਰਮਾਤਮਾ ਦਾ ਹੀ ਸੱਚਾ ਰੂਪ ਹੈ। ਇਸ ਦਾ ਪ੍ਰਪੱਕ ਸਬੂਤ ਇਹ ਹੈ ਕਿ ਇਹ ਸਾਰੀ ਸ੍ਰਿਸਟੀ ਆਪਣੇ ਆਪ ਵਿੱਚ ਬਿਨਾਂ ਕਿਸੇ ਰੁਕਾਵਟ ਦੇ ਇੱਕ ਨਿਯਮ ਅਨੁਸਾਰ ਚਲ ਰਹੀ ਹੈ। ਇਸ ਵਿੱਚ ਨਾ ਹੀ ਕੋਈ ਅਟਕਲ ਹੈ ਤੇ ਨਾ ਹੀ ਤਰੱਦਦ ਹੈ। ਇਸੇ ਕਾਰਨ ਹੀ ਇਸ ਨੂੰ ਵਿਸਮਾਦ ਦੀ ਅਵਸਥਾ ਨਾਲ ਵਾਚਿਆ ਜਾਂਦਾ ਹੈ। ਜਿਸ ਜੀਵ ਨੂੰ ਪ੍ਰਮਾਤਮਾ ਦੇ ਇਸ ਭੇਦ ਦੀ ਸਮਝ ਆ ਗਈ। ਉਹ ਖੁਦ ਵਿਸਮਾਦ ਜੀਵਨ ਦਾ ਧਾਰਨੀ ਹੋ ਜਾਵੇਗਾ, ਕਿਉਂ ਕਿ ਮਾਨਵ ਅੰਦਰ ਮੋਹ, ਮਾਇਆ, ਲਾਲਚ, ਲੋਭ ਮੁੱਕ ਜਾਵੇਗੀ । ਇਹ ਜੀਵਨ ਦਾ ਸੱਚਾ ਉਦੇਸ਼ ਹੈ। ਇਸ ਉਦੇਸ਼ ਤੇ ਚਲਣਾ ਸੌਖਾ ਹੀ ਨਹੀਂ, ਇਸ ਤੇ ਅਮਲ ਕਰਨਾ ਉਨ੍ਹਾਂ ਹੀ ਮੁਸ਼ਕਿਲ ਹੈ। ਜਿਸ ਤਰ੍ਹਾਂ ਮਾਨਵ ਨੂੰ ਚੇਤੰਨ ਕਰਦਿਆ ਬਾਣੀ ਵਿੱਚ ਦੱਸਿਆ ਹੈ ਕਿ ਪ੍ਰਮਾਤਮਾ ਦੇ ਰਹੱਸ ਦੀ ਸਮਝ ਅਤੇ ਉਸ ਤੇ ਯਕੀਨ ਕਰਨਾ ,ਵੱਡੇ ਭਾਗਾਂ ਤੇ ਸੰਤੁਸਟੀ ਵਾਲੀ ਗੱਲ ਹੈ। ਆਸਾ ਦੀ ਵਾਰ ਵਿੱਚ "ਨਾਨਕ ਬੁਝਣ ਪੂਰੇ ਭਾਗਿ" ਕਹਿ ਕੇ ਸੰਬੋਧਿਤ ਕੀਤਾ ਗਿਆ ਹੈ।

ਪੂਰੇ ਭਾਗਾਂ ਨੂੰ ਪ੍ਰਾਪਤ ਜੀਵ ਦੀ ਨਿਸ਼ਾਨੀ ਦਸਦਿਆਂ ਕਿਹਾ ਹੈ ਕਿ ਉਸ ਅੰਦਰੋਂ ਦੂਈ ਜਾਂ ਦੁਬਿਧਾ ਖਤਮ ਹੋ ਜਾਂਦੀ ਹੈ ਅਤੇ ਸ਼ੈਤਾਨ ਰੂਪੀ ਸ਼ੰਕਾ ਖਤਮ ਹੋ ਜਾਂਦਾ ਹੈ। ਅਜਿਹੇ ਮਨੁੱਖ ਦਾ ਯਕੀਨ ਕਰਤਾਰੀ ਸ਼ਕਤੀ ਦੇ ਇਸ ਭੇਦ ਉੱਪਰ ਬੱਝ ਜਾਂਦੀ ਹੈ ਕਿ ਉਹ ਸਭਨੀ ਥਾਈ ਵਿਦਮਾਨ ਵੀ ਹੈ ਅਤੇ ਸਭ ਚੀਜ਼ਾ ਤੋਂ ਨਿਰਲੇਪ ਵੀ ਹੈ। ਸਮੁੱਚੇ ਦ੍ਰਿਸ਼ਟਮਾਨ ਜਗਤ ਨੂੰ ਪਰਮਾਤਮਾ ਦਾ ਅਸ਼ਚਰਜ ਕੌਤਕ ਪਰਵਾਨ ਕਰਕੇ , ਹੁਕਮ ਵਿੱਚ ਉਪਜਦਾ ਬਿਨਸਦਾ ਦਰਸਾਇਆ ਹੈ। ਸੰਭਾਲ ਦਾ ਸਮੁੱਚਾ ਸੰਦਰਭ ਪਰਮਾਤਮਾ ਨਾਲ ਹੀ ਜੁੜਿਆ ਹੋਇਆ ਹੈ। ਹੁਕਮ ਦੇ ਇਸ ਰਹੱਸ ਪ੍ਰਤਿ ਚੇਤੰਨਤਾ ਇਸ ਬਾਣੀ ਦੇ ਵਿਸ਼ੇ ਵਿੱਚ ਮੌਜ਼ੂਦ ਹੈ।

ਮਾਨਵ ਦੇ ਜੀਵਨ ਵਿੱਚ ਅਧਿਆਤਮਿਕਤਾ ਦਾ ਇੱਕ ਪ੍ਰਮੁੱਖ ਲੱਛਣ ਹੈ। ਜੋ ਮਾਨਵ ਇਸ ਵਿਸ਼ਵੀਕਰਨ ਵਿੱਚ ਰਹਿ ਕੇ ਧਾਰਮਿਕ ਬਿਰਤੀ ਨਾਲ ਜੀਵਨ ਜੀਅ ਰਿਹਾ ਪਰ ਅੰਦਰੋਂ ਸ਼ੰਕਾ ਉਵੇਂ ਹੀ ਰਹੇ ਤਾਂ ਅਜਿਹਾ ਮਨੁੱਖ ਆਪਣਾ ਜੀਵਨ ਬੇਅਰਥ ਕਰ ਰਿਹਾ ਹੈ। ਅਜਿਹਾ ਬੰਦਾ ਓਪਣਾ ਕੋਈ ਮਾਰਗ ਨਹੀਂ ਚੁਣ ਪਾਉਂਦਾ ਅਤੇ ਉਸ ਪ੍ਰਤੀ ਬਾਣੀ ਦੀ ਰਚਨਾ ਦਾ ਫੈਸਲਾ ਇਹ ਹੈ "ਮਨਿ ਅੰਧੈ ਜਨਮੁ ਗਵਾਇਆ।"

ਮਾਨਵ ਲਈ ਇਹ ਗਿਆਨ ਜ਼ਰੂਰੀ ਹੈ ਕਿ ਪਰਮਾਤਮਾ ਇੱਕ ਸਰਬਸ਼ਕਤੀਮਾਨ ਅਤੇ ਸਰਬਵਿਆਪੀ ਹੈ ਜਿਸ ਸ੍ਰਿਸਟੀ ਦੀ ਰਚਨਾ ਵੀ ਇਸ ਸ਼ਕਤੀ ਦੇ ਨਿਯੰਤਰਣ ਹੋ ਕੇ ਚਲਦੀ ਹੈ। ਆਸ਼ਾ ਦੀ ਵਾਰ ਵਿੱਚ ਇਸ ਸਰਬਸ਼ਕਤੀ ਨੂੰ "ਭੈ"ਕਿਹਾ ਗਿਆ ਹੈ। ਜਿਸ ਤੋਂ ਭਾਵ ਹੈ ਕਿ ਇਹ ਨਿਯੰਤਰਣ ਸਰਬਸ਼ਕਤੀ ਕੁਦਰਤ ਦਾ ਇਕ ਅਜਿਹਾ ਅਟੱਲ ਸੱਚ ਤੇ ਨੇਮ ਹੈ ਜਿਸ ਦੇ ਪ੍ਰਭਾਵ ਤੋਂ ਮੁਕਤ ਹੋਣਾ ਮੁਮਕਿਨ ਹੈ। ਸਾਰੀ ਸ੍ਰਿਸਟੀ ਨੂੰ 'ਭੈ' ਵਿੱਚ ਚਲਦਾ ਦੇਖ ਕੇ ਇਹ ਪਤਾ ਲੱਗਦਾ ਹੈ ਕਿ 'ਭੈ' ਵਿੱਚ ਚਲਦਾ ਦੇਖ ਇਹ ਫੈਸਲਾ ਦਿੱਤਾ ਹੈ ਕਿ ਭੈ ਵਿੱਚ ਰਹਿਣਾ ਮਾਨਵ ਦੀ ਸਿਰਜਣਾ ਵਿੱਚ ਨਿਹਿਤ ਗੁਣ ਹੈ। ਕਿਉਂ ਕਿ ਉਸ ਪਰਮ ਪਿਤਾ ਦਾ ਨਿਯਮ ਹੀ ਅਜਿਹਾ ਹੈ ਕਿ ਜਿੰਨ੍ਹਾਂ ਸ਼ਕਤੀਆਂ ਦੀ ਮਨੁੱਖ ਪੂਜਾ ਕਰਦਾ ਹੈ ਉਹ ਵੀ ਪਰਮਾਤਮਾ ਦੇ 'ਭੈ' ਤੋਂ ਪੂਰਨ ਤੌਰ ਮੁਕਤ ਨਹੀਂ ਹਨ।"ਨਿਰਭਉ ਪਰਮਾਤਮ-ਗੁਣ ਹੈ ਅਤੇ ਇਸ ਨੂੰ ਮਨੁੱਖ ਨੇ ਗ੍ਰਹਿਣ ਕਰਨਾ ਹੈ। ਗ੍ਰਹਿਣ ਕਰਨ ਦਾ ਸੰਦਰਭ ਇਸ ਚੇਤੰਨਤਾ ਗਿਆਨ ਨਾਲ ਬੱਝਾ ਹੋਇਆ ਹੈ

ਕਿ ਪਰਮਾਤਮਾ ਹੀ ਕੇਵਕ ਮਾਤਰ ਨਿਰਭਉ ਸਰੂਪ ਹੈ। ਇਸ ਵਿੱਚ ਇੱਕ ਪ੍ਰਮੁੱਖ ਕਥਨ "ਗਲੀਈ ਢੂਢੀਐ" ਅਤੇ ਦੂਜਾ "ਕਥਨਾ ਕਰੜਾ ਸਾਰੁ"ਵਾਲਾ ਹੈ।

ਆਸਾ ਦੀ ਵਾਰ ਵਿੱਚ ਇਸ ਗਿਆਨ ਸਰੂਪ ਨੂੰ ਪੇਸ਼ਕੀਤਾ ਹੋਇਆ ਹੈ ਅਤੇ ਇਸ ਸੱਚ ਦੀ ਸਮਝ ਗੁਰੂ ਦੇ ਅਧੀਨ ਪ੍ਰਵਾਨ ਕੀਤਾ ਗਿਆ ਹੈ।ਇਹ ਬੌਧਿਕਤਾ ਤਕ ਹੀ ਸੀਮਤ ਨਹੀਂ ਸਗੋਂ ਇਸ ਵਿੱਚ ਅਧਿਆਤਮਕ ਗਿਆਨ ਵਿੱਚ ਵੀ ਮਹੱਤਵਪੂਰਨ ਹੈ ਗਿਆਨ ਤਾਂ ਸਤਿ ਹੈ ਜਿਸ ਨੇ ਸਮੁੱਚ ਨੂੰ ਗ੍ਰਹਿਣ ਕਰਨਾ ਹੈ। ਗਿਆਨ ਤਾਂ ਆਤਮ ਦੀ ਅੱਖ ਨਾਲ ਕੀਤਾ ਪਰਤੱਖ ਦੀਦਾਰ ਹੁੰਦਾ ਹੈ। ਇਹ ਤਾਂ ਅੰਤਰ ਆਤਮਾ ਦਾ ਸ਼ਜੀਵਿਆ ਜਾ ਰਿਹਾ ਸਮੁੱਚ ਜੀਵਨ ਹੈ।ਜਿਸ ਨੇ ਆਦਰਸ਼ ਹੋ ਕੇ ਇੱਕ ਰੂਪ ਹੋਣਾ ਹੈ। ਆਸਾ ਦੀ ਵਾਰ ਵਿੱਚ ਗਿਆਨ ਦੇ ਇਸ ਮਹੱਤਵ ਨੂੰ ਦਰਸਾਇਆ ਗਿਆ ਹੈ ਅਤੇ ਇਸ ਸੱਚ ਦੀ ਸਮਝ ਗੁਰੂ ਦੇ ਗਿਆਨ ਨਾਲ ਹੀ ਪਰਵਾਨ ਹੁੰਦੀ ਹੈ। ਇੱਥੇ ਪਰਮਾਤਮਾ ਦੀ ਮਿਹਰ ਸਹਾਈ ਹੁੰਦੀ ਹੈ।ਇਸ ਮਿਹਰ ਸਦਕਾ ਮਨੁੱਖ ਦੀ ਚਲਾਕੀ , ਹਉਮੈਂ, ਲਾਲਚ, ਮੋਹ, ਲੋਭ ਮਿਟਣੀ ਸ਼ੁਰੂ ਹੋ ਜਾਂਦੀ ਹੈ ਅਤੇ ਵਿਸ਼ਵਾਸ ਅਡੋਲ ਪ੍ਰਪੱਕ ਹੋਣ ਦੀ ਸ਼ੁਰੂਆਤ ਹੋ ਜਾਂਦੀ ਹੈ "ਕਿ ਪਰਮਾਤਮ-ਗਿਆਨ ਦੈਵੀ ਸੁਗਾਤ ਹੈ ਅਤੇ ਇਸ ਨੂੰ ਗੱਲਾਂ ਨਾਲ ਪ੍ਰਾਪਤ ਨਹੀਂ ਕੀਤਾ ਜਾ ਸਕਦਾ । ਸਗੋਂ ਇਹ ਤਾਂ ਘਾਲਣਾ ਹੈ ਜਿਸ ਦਾ ਸਿੱਟਾ ਪਰਮਾਤਮਾ ਦੀ ਕਿਰਪਾ ਦੀ ਰੌਸ਼ਨੀ ਵਿੱਚ ਅਵੱਸ ਨਿਕਲਣਾ ਹੈ।

ਹੁਣ ਤੱਕ ਇਹ ਤੱਥ ਸਾਹਮਣੇ ਆਇਆ ਹੈ ਕਿ ਆਸਤਿਕ ਮਨੁੱਖ ਦੀ ਤਿਆਰੀ ਤੇ ਉਸ ਦੇ ਬੰਧਨਾਂ ਦਾ ਵਰਨਣ ਮਹੱਤਵ ਰੱਖਦਾ ਹੈ। ਜਿੰਨ੍ਹਾਂ ਦਾ ਪ੍ਰਭਾਵ ਆਸਤਿਕ ਮਨੁੱਖ ਤੇ ਨਾ ਚਾਹੁਣ ਤੇ ਵੀ ਪੈ ਜਾਂਦਾ ਹੈ। ਕਈ ਵਾਰ ਮਾਨਵ ਮਿਹਨਤ ਅਤੇ ਯਤਨ ਕਰਦਾ ਹੋਇਆ ਹਉਮੈਂ ਦੀ ਭਾਵਨਾ ਵਿੱਚ ਆ ਜਾਂਦਾ ਹੈ ਭਾਵ ਉਹ ਇਸ ਭਰਮ ਵਿੱਚ ਜਿਉਣ ਲੱਗਦਾ ਹੈ ਕਿ ਹਰ ਕੰਮ ਤਰੱਕੀ ਉਸ ਦੁਆਰਾ ਕੀਤੀ ਮਿਹਨਤ ਦੁਆਰਾ ਹੀ ਹੋਈ ਹੈ। ਜਦੋਂ ਕਿ ਇਹ ਅਸਲੀਅਤ ਨਹੀਂ ਹੈ । ਅਸਲੀਅਤ ਤਾਂ ਇਹ ਹੈ ਕਿ ਮਿਹਨਤ ਅਤੇ ਯਤਨ ਸਹੀ ਅਰਥਾ ਵਿੱਚ ਉਹੀ ਹੁੰਦੇ ਹਨ ਜੋ ਪਰਮਾਤਮਾ ਦੀ ਰਜਾ ਵਿੱਚ ਰਹਿ ਕੇ ਨਿਮਰਤਾ ਅਤੇ ਸੰਤੋਖ ਨਾਲ ਕੀਤੇ ਜਾਣ। ਭਉ-ਪਰਮੇਸ਼ਵਰ ਦੀ ਭਗਤੀ ਤੋਂ ਮਿਲਦਾ ਤੇ ਹਉਮੈਂ ਰਹਿਤ ਨਿਰਲੇਪ ਨਿਮਰਤ ਭਾਵਨਾ ਹੈ। ਮਾਨਵ ਇੱਕ ਪੁਤਲੇ ਵਾਂਗ ਹੈ ਜਿਸ ਦਾ ਹਰ ਕਰਮ ਉਸ ਪਰਮਾਤਮਾ ਨਾਲ ਬੱਝਾ ਹੋਇਆ ਹੈ। ਪਰ ਮਾਨਵ ਹਉਮੈਂ ਅਤੇ ਲਾਲਚ ਦਾ ਸ਼ਿਕਾਰ ਹੋ ਸਕਦਾ ਹੈ। ਜਿਸ ਨਾਲ ਧਾਰਮਿਕ ਹਉਮੇ ਸ਼ੁਰੂ ਹੋ ਜਾਂਦੀ ਹੈ ਜੋ ਆਸਤਿਕ ਬਿਰਤੀ ਵਾਲੇ ਇਨਸਾਨ ਲਈ ਬਹੁਤ ਵੱਡਾ ਔਗੁਣ ਹੈ।' ਆਸਾ ਦੀ ਵਾਰ ਵਿੱਚ ਹਉਮੈ ਦਾ ਵਿਸਥਾਰ ਸਹਿਤ ਵਿਸ਼ਲੇਸ਼ਣ ਪੇਸ਼ ਕੀਤਾ ਹੋਇਆ ਹੈ ਅਤੇ ਦੱਸਿਆ ਹੈ ਕਿ ਇਸ ਹਉਮੇ ਤੋਂ ਬਚਣ ਲਈ ਪ੍ਰਭੂ ਦੀ ਸਿਫ਼ਤ ਸਲਾਹ ਦੀ ਭੁੱਖ ਹੋਣੀ ਚਾਹੀਦੀ ਹੈ। ਭੁੱਖ ਆਪਣੇ ਆਪ ਵਿੱਚ ਕਮਜ਼ੋਰੀ ਹੈ ਪ੍ਰੰਤੂ ਇਥੇ ਇਸ ਦਾ ਪ੍ਰਸੰਗ ਬੜ੍ਹਾ ਹੀ ਉਸਾਰੂ ਹੈ ਕਿਉਂ ਕਿ ਇਸ ਭੁੱਖ ਨੇ ਮਨੁੱਖ ਨੂੰ "ਸਚੁ ਨਾਮੁ" ਨਾਲ ਜੋੜ ਕੇ ਰੱਖਣਾ ਹੈ । ਇਹ ਵਿਚਾਰ ਗੁਰੂ ਸਾਹਿਬ ਨੇ ਪਰਚੱਲਤ ਧਾਰਮਿਕ ਰਹਿਤ ਦੇ ਪ੍ਰਸੰਗ ਵਿੱਚ ਪੇਸ਼ ਕੀਤਾ ਹੋਇਆ ਹੈ।

ਧਾਰਮਿਕ ਰਸਮਾਂ ਰਿਵਾਜ ਪਰਮਾਤਮਾ ਦੀ ਪ੍ਰਾਪਤੀ ਲਈ ਵਿਖਾਵੇ ਹਨ। ਇੰਨਾਂ ਵਿਖਾਵਿਆ ਵਿੱਚ ਪੈਣ ਵਾਲਾ ਇਨਸਾਨ ਸੂਖਮ ਬੰਧਨਾਂ ਵਿੱਚ ਬੱਝਾ ਹੋਇਆ ਦਿਖਾਈ ਦਿੰਦਾ ਹੈ ਤੇ ਇੰਨ੍ਹਾਂ ਤੋਂ ਮੁਕਤੀ ਕੇਵਲ ਗੁਰੂ ਦੁਆਰਾ ਹੀ ਹੋ ਸਕਦੀ ਹੈ। ਅਜੋਕੇ ਦੌਰ ਵਿੱਚ ਇਹ ਉਦਾਹਰਨਾਂ ਅੱਜ ਦੇ ਵਿਸ਼ਵੀਕਰਨ ਸਮੇਂ ਵਿੱਚ ਧਾਰਮਿਕ ਅਖੌਤੀ

ਆਗੂਆ ਲਈ ਹੈ ਜੋ ਝੂਠੀ ਸ਼ਾਨ ਵਿੱਚ ਬੱਝੇ ਹੋਏ ਹਨ। ਇੰਨ੍ਹਾਂ ਉਦਾਹਰਨਾਂ ਤੋਂ ਅੱਜ ਦੇ ਧਾਰਮਿਕ ਹਾਲਤ ਵੀ ਉਜਾਗਰ ਹੁੰਦੇ ਹਨ ਤੇ ਨਾਲ ਹੀ ਆਸਤਿਕ ਬਿਰਤੀ ਵਾਲੇ ਇਨਸਾਨ ਲਈ ਅਹਿਮ ਉਦੇਸ਼ ਵੀ ਹੈ ਕਿ ਜਦ ਕੋਈ ਮਨੁੱਖ ਹਉਮੈ, ਲਾਲਚ, ਲੋਭ, ਮੋਹ ਆਦਿ ਦਾ ਸ਼ਿਕਾਰ ਹੋ ਜਾਵੇ ਤਾਂ ਉਸ ਦੀ ਹਾਲਤ "ਬਗਲ ਵਿੱਚ ਛੁਰੀ ਅਤੇ ਮੂੰਹ ਵਿੱਚ ਰਾਮ ਰਾਮ" ਵਾਲੀ ਹੋ ਜਾਣ ਦੀ ਸੰਭਾਵਨਾ ਵਧੇਰੇ ਹੋ ਜਾਂਦੀ ਹੈ।

ਆਸਾ ਦੀ ਵਾਰ ਵਿੱਚ ਸਦਾਰਾਰਕਤਾ ਦਾ ਵਰਨਣ ਕਰਦਿਆ ਹਉਮੈ ਨੂੰ ਵੀ ਉਜਾਗਰ ਕੀਤਾ ਹੈ। ਕਿ ਪਰਮਾਤਮਾ ਦੀ ਤਰਫੋਂ ਵੀ ਸਪੱਸ਼ਟ ਹੁੰਦਾ ਹੈ ਕਿ ਮਾਨਵ ਲਈ ਹਉਮੈ ਕਿਤੇ ਨਾ ਕਿਤੇ ਆਪਣੀ ਮੰਜ਼ਿਲ ਸਰ ਕਰਨ ਲਈ ਜ਼ਰੂਰੀ ਵੀ ਹੈ ਜਿਸ ਨਾਲ ਹਉਮੈ ਸੁਭਾਅ ਦਾ ਅਣਡਿੱਠਾ ਹਿੱਸਾ ਵੀ ਪ੍ਰਤੀਤ ਹੁੰਦਾ ਹੈ। ਇਸ ਨੂੰ ਪੂਰਨ ਤੌਰ ਤੇ ਖਤਮ ਕਰਨ ਦੇ ਇਛੁੱਕ ਰੱਬੀ ਨਾਂ ਦੇ ਵਿਰੋਧੀ ਹਨ। ਅੱਜ ਦੇ ਵਿਸ਼ਵੀਕਰਨ ਯੁੱਗ ਵਿੱਚ ਇਨਸਾਨ ਹਉਮੈ ਨੂੰ ਮਾਰਨ ਦੀ ਧੁਨ ਵਿੱਚ ਸਮਾਜਿਕ, ਸਰੀਰਕ, ਮਾਨਸਿਕ ਪੱਖ ਤੋਂ ਮਰ ਜਾਣਾ ਕੋਈ ਸਿਆਣਪ ਨਹੀਂ ਹੈ। ਹਉਮੈ ਨੂੰ ਖਤਮ ਨਹੀਂ ਕਰਨ ਚਾਹੀਦਾ ਸਗੋਂ ਇਸ ਨੂੰ ਸਹੀ ਮਾਰਗ ਤੇ ਸਿਧਾਨ ਕਰਨਾ ਚਾਹੀਦਾ ਹੈ।ਹਉਮੈ ਦਾ ਸੁਧਰਿਆ ਰੂਪ ਦਾਰੂ ਹੈ,ਜਦ ਕਿ ਅਨਸਿਧਾਈ ਤੇ ਆਪ ਮੁਹਾਰਾ ਹੋਣਾ ਹਉਮੈ ਦਾ ਭੈੜਾ ਰੋਗ ਹੈ।

ਅੱਜ ਦੇ ਇਸ ਵਿਸ਼ਵੀਕਰਨ ਵਿੱਚ ਮਾਨਵ ਨੂੰ ਹਉਮੈ ਦੀ ਜ਼ਰੂਰਤ ਇਸ ਲਈ ਹੈ ਕਿਉਂ ਕਿ ਸਕ੍ਰਿਆ ਅਜਿਹੀ ਸ਼ਕਤੀ ਹੈ ਜੋ ਸਹੀ ਉਦੇਸ਼ ਵਿੱਚ ਵਰਤੀ ਜਾਏ ਤਾਂ ਸਖਸੀਅਤ ਅਤੇ ਆਚਰਨ ਦੀ ਵੱਡੀ ਨੀਂਹ ਹੈ। ਹਉਮੈ ਦਾ ਰੂਪ ਤਦ ਹੀ ਸੁਧਾਰਿਆ ਜਾ ਸਕਦਾ ਜਦੋਂ ਉਸ ਦੀ ਅਗਵਾਈ ਵਿੱਚ ਸਬਰ, ਸੰਤੋਖ, ਸੇਵਾ, ਸਵੇਕਾਬੂ ਸਿਫ਼ਤ ਸਲਾਹ ਆਦਿ ਗੁਣ ਹੋਣੇ ਚਾਹੀਦੇ ਹਨ। ਜੇ ਇਹ ਗੁਣ ਮੌਜੂਦ ਨਹੀਂ ਤਾਂ ਸਮਝੋ ਮਾਨਵ ਧਾਰਮਿਕ ਸੇਵਕ ਹੋ ਕੇ ਵੀ, ਹਉਮੈ ਦਾ ਸ਼ਿਕਾਰ ਹੈ।

ਆਸਾ ਦੀ ਵਾਰ ਵਿੱਚ ਇਹ ਧਾਰਨਾ ਪੇਸ਼ ਕੀਤੀ ਹੋਈ ਹੈ ਕਿ ਹਉਮੈ ਤੇ ਪਰਮਾਤਮਾ ਦਾ ਨਾਮ ਦੋਵੇ ਸਮਾਨਾਂਤਰ ਰੇਖਾਵਾਂ ਹਨ, ਜਿੰਨ੍ਹਾਂ ਦਾ ਮਿਲਾਪ ਮਨੁੱਖੀ ਜਿੰਦਗੀ ਵਿੱਚ ਸੰਭਵ ਨਹੀਂ ਹੈ। ਇਸ ਦ੍ਰਿਸ਼ਟੀਕੋਣ ਤੋਂ ਧਾਰਮਿਕ ਵਿਖਾਵਿਆਂ ਦਾ ਵਰਣਨ ਵੀ ਮਿਲਦਾ ਹੈ। ਅੱਜ ਦੇ ਵਿਸ਼ਵੀਕਰਨ ਯੁੱਗ ਵਿੱਚ ਵੀ ਧਰਮ ਚਿੰਤਨ ਵਿੱਚ ਧਾਰਮਿਕ ਵਿਖਾਵਿਆ ਨੇ ਧਰਮ ਨੂੰ ਕੁਰਾਹੇ ਪਾ ਦਿੱਤਾ ਹੈ ਤੇ ਆਸਾ ਦੀ ਵਾਰ ਅਭਿਵਿਅਕਤ ਹੁੰਦੀ ਹੋਈ ਮਾਨਵ ਨੂੰ ਚੇਤੰਨਤਾ ਦੇ ਮਾਰਗ ਦਰਸਾਉਂਦੀ ਹੈ। ਅਜੋਕੇ ਦੌਰ ਵਿੱਚ ਪ੍ਰਚਲਿਤ ਧਾਰਮਿਕ ਮਰਿਆਦਾ ਨੂੰ ਗੁਰੂ ਜੀ ਨੇ ਮੱਧਕਾਲ ਵਿੱਚ ਹੀ ਸ੍ਰੋਤ ਤੋਂ ਟੁੱਟੀ ਹੋਈ ਪ੍ਰਾਣਰਹਿਤ ਧਾਰਮਿਕ ਰਹਿਤ ਕਹਿ ਦਿੱਤਾ ਸੀ। ਜੋ ਸਮਾਜ ਵਿੱਚ ਭੇਦ, ਭਾਵ, ਹਉਮੈ ਆਦਿ ਪੈਦਾ ਕਰਦਾ ਹੈ ਅਤੇ ਪਰਮਾਤਮਾ ਦੀ ਪ੍ਰਾਪਤੀ ਤੋਂ ਦੂਰ ਹੈ ਇਸ ਲਈ ਇਹ ਨਿੰਦਣਯੋਗ ਹੈ।"ਅਸਲੀਅਤ ਤਾਂ ਇਹ ਹੈ -'ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ।' ਬਖਸ਼ਿਸ -ਪ੍ਰਾਪਤੀ ਤੋਂ ਵਾਂਝੀਆਂ ਸਾਰੀਆਂ ਹੀ ਮਨੁੱਖੀ ਕਾਢਾਂ ਜਾਂ ਕੋਸ਼ਿਸ਼ਾਂ ਵਿਅਰਥ ਹਨ-'ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ'।ਇਸ ਦੀ ਸੋਝੀ ਉਸ ਨੂੰ ਪੈਂਦੀ ਹੈ ,ਜਿਸ ਦੇ ਅੰਦਰ ਪ੍ਰਕਾਸ਼ਮਾਨ ਹੋ ਜਾਂਦਾ ਹੈ। ਵਿਦਿਆ ਵੀ ਉਹੀ ਭਲੀ ਹੈ, ਜੋ ਅੰਦਰਲੇ ਪ੍ਰਕਾਸ਼ ਨੂੰ ਪ੍ਰਜਵਲਤ ਕਰਦੀ ਹੈ ਅਤੇ ਆਮ ਅੰਦੇਸ਼ੇ ਖਤਮ ਕਰਦੀ ਹੋਈ ਹਉਮੈ ਤੋਂ ਮੁਕਤੀ ਦਿਵਾਂਦੀ ਹੈ। ਅਜਿਹਾ ਨਾ ਕਰ ਸਕਣ ਵਾਲੀ ਵਿਦਿਆ ਭੇਖ ਹੈ, ਚੁੰਝ ਚਰਚਾ ਹੈ, ਤੋਤਾ ਰਟਣੀ ਹੈ। ਇਸ ਸਾਰੇ ਪ੍ਰਸੰਗ ਵਿੱਚ ਬਲਵਾਨ ਸੁਰ 'ਮਿਹਰ' ਜਾਂ 'ਨਦਰਿ' ਦੀ ਹੈ। ਲੋੜ ਵਿਸ਼ਵਾਸ , ਸੰਤੁਸ਼ਟਤਾ, ਸੰਤੁਲਨ ਅਤੇ ਸਹਜ

ਪੈਦਾ ਕਰਨ ਦੀ ਹੈ ਓਤੇ ਇਹ ਕੇਵਲ ਬਖਸ਼ਿਸ ਰਾਹੀ ਹੋ ਸਕਦਾ ਹੈ। ਬਖਸ਼ਿਸ ਦਾ ਇਹ ਦ੍ਰਿਸ਼ਟੀਕੋਣ ਹੀ ਨਹੀਂ ਸਗੋਂ ਇਹ ਪਰਵਿਰਤਿਤ ਅਤੇ ਪਾਰਾਗਾਮੀ ਦੀ ਯਥਾਰਥਿਕਤਾ ਦਾ ਚਿਤ੍ਰਣ ਵੀ ਪੇਸ਼ ਕੀਤਾ ਹੋਇਆ ਹੈ।

ਸਦਾਚਾਰਕਤਾ ਬਿਰਤੀ ਵਾਲੇ ਇਨਸਾਨ ਜਿਹੜੇ ਹਉਮੈ ਦੇ ਪ੍ਰਭਾਵ ਅਧੀਨ ਆ ਸਕਦੇ ਹਨ। ਇਸ ਸਬੰਧੀ ਬਾਣੀ ਵਿੱਚ ਇਹ ਸਿੱਟਾ ਮਿਲਦਾ ਹੈ ਕਿ ਜਦੋਂ ਧਰਮ ਤੇ ਯਕੀਨ ਰੱਖਣ ਵਾਲੇ ਹੀ ਅਵਿਸ਼ਵਾਸੀ ਹੋ ਜਾਣ ਤਾਂ ਸੱਚ ਮਾਨਵੀ ਜੀਵਨ ਵਿੱਚੋਂ ਖੁਦ ਹੀ ਕਿਰ ਜਾਂਦਾ ਹੈ ਤੇ ਇਸ ਸੱਚ ਉੱਪਰ ਅੱਜ ਵਿਸ਼ਵੀਕਰਨ ਯੁੱਗ ਵਿੱਚ ਵਿਰਲਾ ਹੀ ਕੋਈ ਵਿਸ਼ਵਾਸ ਕਰਦਾ ਹੈ।

ਇਸ ਦਾ ਮੁੱਖ ਕਾਰਨ ਖਾਹਿਸਾਂ, ਲਾਲਚ, ਮੋਹ, ਐਸ਼ ਅਰਾਮ ਆਦਿ ਇਨਸਾਨ ਤੇ ਇੰਨ੍ਹਾਂ ਹਾਵੀ ਹੈ ਕਿ ਮਾਨਵ ਇੰਨ੍ਹਾਂ ਪਾਪਾ ਦੇ ਮਾਰਗ ਨੂੰ ਹੀ ਆਪਣੇ ਸੁਆਰਥਾ ਲਈ ਮੰਜਲ ਸਮਝ ਲੈਂਦਾ ਹੈ। ਇੰਨ੍ਹਾਂ ਭਾਵਨਾ ਦੀ ਸਮਾਜਿਕ ਪਰਵਾਨਗੀ ਜਿਸ ਕਿਸਮ ਦੀਆਂ ਸਮਾਜਕ ਕਦਰਾਂ ਕੀਮਤਾਂ ਨੂੰ ਬਣਾਇਆ ਹੈ ਉਨ੍ਹਾਂ ਦਾ ਵਰਨਣ ਆਸਾ ਦੀ ਵਾਰ ਵਿੱਚ ਮੌਜੂਦ ਹੈ। ਝੂਠ, ਦਿਖਾਵੇ, ਛਲ, ਭਰਮ ਦਾ ਬੋਲ ਬਾਲਾ ਸੱਚ ਤੇ ਪਰਦਾ ਪਾ ਲੈਂਦਾ ਤੇ ਕੂੜ ਦੀ ਪ੍ਰਧਾਨਤਾ ਹੀ ਪ੍ਰਵਾਨਤ ਨੇਮ ਵਿੱਚ ਦਿਖਣ ਲੱਗ ਪੈਂਦੀ ਹੈ।"ਅਜਿਹੀ ਸਥਿਤੀ ਵਿੱਚ ਰਾਜਾ, ਵਜ਼ੀਰ, ਸਲਾਹਕਾਰ ਓਤੇ ਪਰਜਾ ਸਾਰੇ ਪਾਪ ਓਤੇ ਲਾਲਚ ਨਾਲ ਬੱਝਕੇ ਵਿਚਰਣਾ ਸ਼ੁਰੂ ਕਰ ਦੇਂਦਾ ਹਨ। ਇਸ ਅਵਸਥਾ ਨੂੰ "ਗਿਆਨ ਵਿਹੂਣੀ" ਆਖਿਆ ਹੈ। ਅਜਿਹੇ ਵਾਤਾਵਰਣ ਵਿੱਚ ਧਰਮ ਦੀ ਰਸਾਤਲਤਾ ਅਵਸ਼ਕ ਹੈ। ਇਸ ਵਿਚੋਂ ਭਲੇ ਪੁਰਸ਼ਾਂ ਦੀ ਸੰਗਤ ਹੀ ਕੱਢ ਸਕਦੀ ਹੈ। ਜੀਵਨ ਕਰਮਾਂ ਸੰਦੜਾ ਖੇਤ ਹੈ ਅਤੇ ਇਸ ਵਿੱਚ ਕਰਮਾਂ ਦਏ ਬੀਜ ਉਪਜਦਾ ਹੈ। ਇਹ ਪ੍ਰਾਪਤੀ ਹੈ ਅਤੇ ਇਸ ਦਾ ਪ੍ਰਸੰਗ ਰਹੱਸਾਤਮਕ ਹੈ।ਇਸ ਨੂੰ ਪੂਰਬਲੇ ਜਨਮਾਂ ਨਾਲ ਜੋੜ ਕੇ ਵੀ ਪ੍ਰਸਤੁਤ ਕੀਤਾ ਹੈ। ਅਜਿਹਾ ਮਨੁੱਖ ਨੂੰ ਹੱਥਲ ਕਰਕੇ ਅੰਧਵਿਸ਼ਵਾਸ ਵਲ ਤੋਰਨ ਵਾਸਤੇ ਨਹੀਂ ਸਗੋਂ ਗਿਆਨ ਤੇ ਅਗਿਆਨ ਦੇ ਪ੍ਰਸੰਗ ਵਿੱਚ ਸੇਵਾ ਦੇ ਥਾਇ ਪੈਣ ਅਤੇ ਗੁਆਚ ਜਾਣ ਦੀਆਂ ਸੰਭਾਵਨਾਵਾਂ ਨੂੰ ਪ੍ਰਸਤੁਤ ਕਰਨ ਲਈ ਕੀਤਾ ਹੋਇਆ ਹੈ।

ਆਸਾ ਦੀ ਵਾਰ ਵਿੱਚ ਪ੍ਰਸਤੁਤ ਰਚਨਾ ਤੋਂ ਜਾਪਦਾ ਹੈ ਕਿ ਮਨੁੱਖ ਦੀ ਸਮਰੱਥਤਾ ਕਿੰਤੂ ਤੋਂ ਮੁਕਤ ਨਹੀਂ ਹੋ ਸਕਦੀ। ਸਗੋਂ ਅਕਾਲ ਪੁਰਖ ਦੇ ਸ੍ਰੋਤ ਨਾਲ ਹੀ ਪੂਰਨ ਹੋ ਸਕਦੀ ਹੈ ਅਤੇ ਇਸ ਲਈ ਸਮਰੱਥਤਾ ਦਾ ਵਰਣਨ ਇਸੇ ਪ੍ਰਸੰਗ ਵਿੱਚ ਵਰਣਨ ਕੀਤਾ ਜਾ ਸਕਦਾ ਹੈ ਸਮਰੱਥਾ ਪ੍ਰਾਪਤ ਕਰਨ ਲਈ ਬਾਣੀ ਦੇ ਕੇਂਦਰੀ ਧੁਰੇ ਨਾਲ ਜੁੜਨਾ ਬਹੁਤ ਜ਼ਰੂਰੀ ਹੈ।

ਵਿਸ਼ਵੀਕਰਨ ਦੇ ਇਸ ਯੁੱਗ ਵਿੱਚ ਹਉਮੈਂ ਤੋਂ ਬਚਣ ਲਈ ਨਿਮਰਤਾ ਧਾਰਨ ਕਰਨੀ ਜ਼ਰੂਰੀ ਹੈ। ਆਸਾ ਦੀ ਵਾਰ ਵਿੱਚ ਗੁਰੂ ਜੀ ਦੱਸਦੇ ਹਨ ਕਿ ਮਿਹਨਤ ਦਾ ਕੋਈ ਸਬੂਤ ਨਹੀਂ ਅਤੇ ਨਾ ਹੀ ਇਸ ਲਈ ਕੋਈ ਖਾਸ ਜਾਤ ਹੈ।ਇਸ ਵਿੱਚ ਸੁਭਾ ਤੇ ਨਿਮਰਤਾ ਹੀ ਵਧੇਰੇ ਮਹੱਤਵ ਰੱਖਦੇ ਹਨ ਜੋ ਮਨੁੱਖ ਦੇ ਕਰਮ ਪੱਕੇ ਕਰਦਾ ਆ ਰਿਹਾ ਹੈ। ਅੱਜ ਦੇ ਇਸ ਪੂੰਜੀਵਾਦੀ ਯੁੱਗ ਵਿੱਚ ਹਰ ਇਨਸਾਨ ਨੂੰ ਸੁਭਾਵਕ ਤੌਰ ਤੇ ਅੱਗੇ ਵੱਧਣ ਦੀ ਲੋੜ ਹੈ ਤੇ ਇਸ ਸਥਿਤੀ ਨੂੰ ਆਸਾ ਦੀ ਵਾਰ ਵਿੱਚ ਇਖਲਾਕ ਕਿਹਾ ਹੈ। ਸੰਸਾ, ਮੋਹ, ਲਾਲਚ, ਈਰਖਾ ਆਦਿ ਇਖਲਾਕ ਲਈ ਹੀ ਬਾਧਕ ਹਨ।

ਆਸਾ ਦੀ ਵਾਰ ਬਾਣੀ ਅਨੁਸਾਰ ਅਜੋਕੇ ਵਿਸ਼ਵੀਕਰਨ ਦੌਰ ਵਿੱਚ ਮਾਨਵ ਨੂੰ ਸੱਚ ਤੇ ਪਹਿਰਾ ਦੇਣ ਦੀ ਜ਼ਰੂਰਤ ਹੈ।ਜਿਸ ਨਾਲ ਕਹਿਣੀ ਤੇ ਕਥਨੀ ਵਿੱਚ ਇੱਕਸੁਰਤਾ ਦਾ ਹੋਣਾ ਲਾਜ਼ਮੀ ਹੈ।ਜੋ ਅਜਿਹਾ ਨਹੀਂ ਕਰਦਾ। ਉਸ ਇਨਸਾਨ ਨੂੰ ਧਰਮ, ਸਮਾਜ ਆਦਿ ਵਿੱਚ ਕੋਈ ਇੱਜਤ ਸਮਾਨ ਪ੍ਰਾਪਤ ਨਹੀਂ ਹੁੰਦਾ । ਇਸ ਕਿਸਮ ਦੇ ਪਖੰਡ ਤੇ ਹੀ ਆਸਾ ਦੀ ਵਾਰ ਵਿੱਚ ਕਰੜੀ ਅਲੋਚਨਾ ਕੀਤੀ ਗਈ ਹੈ ਜੋ ਇਸ ਤਰ੍ਹਾਂ ਹੈ "ਮਨਿ ਅੰਧਾ ਨਾਉ ਸਜਾਣੁ।"ਇੱਥੇ ਕੋਈ ਅੰਤਰ ਵਿਰੋਧੀ ਕਾਰਕ ਨਹੀਂ ਹੈ।

ਆਸਾ ਦੀ ਵਾਰ ਵਿਚਲੇ ਵਸਤੂ ਦਾ ਮੁੱਖ ਕੇਂਦਰ ਧਰਮ ਯੁੱਧ ਹੈ ਜੋ ਮਨੁੱਖੀ ਮਨ ਅੰਦਰ ਚਲਦਾ ਰਹਿੰਦਾ ਹੈ। ਇਸ ਪ੍ਰਤੀ ਚੇਤੰਨਤਾ ਮਨੁੱਖ ਅੰਦਰ ਗਿਆਂਨ ਦਾ ਪ੍ਰਕਾਸ਼ਮਾਨ ਪੈਦਾ ਕਰਦੀ ਹੈ। ਬਾਣੀ ਦੇ ਇਸ ਮਾਰਗ ਤੋਂ ਮਾਨਵ ਨੂੰ ਦ੍ਰਿੜਤਾ ਅਤੇ ਵਿਸ਼ਵਾਸ ਨਾਲ ਲਾਲਚ ਤੋਂ ਬਚਾ ਕੇ ਰੱਖਦੀ ਹੈ। ਕਿਉਂ ਕਿ ਧਰਮ ਦੇ ਸੱਚੇ ਮਾਰਗ ਤੇ ਚੱਲਣ ਵਾਲਿਆ ਲਈ ਅੱਜ ਦੇ ਸਮ੍ਹੇਂ ਵਿੱਚ ਬਹੁਤ ਸਮੱਸਿਆਵਾਂ ਦਾ ਘੇਰਾ ਹਨ। ਇੰਨ੍ਹਾਂ ਵਿੱਚੋਂ ਬਾਹਰ ਤਦ ਹੀ ਹੋ ਸਕਦੇ ਹਾਂ ਜੇਕਰ ਪਰਮਾਤਮਾ ਤੇ ਪੂਰਨ ਯਕੀਨ ਹੋਵੇ। ਇਸ ਬਾਣੀ ਵਿੱਚ ਰੱਬ ਦੇ ਭਾਣੇ ਨੂੰ ਅਤੇ ਰਜ਼ਾ ਨੂੰ ਸੰਕਲਪ ਰਾਹੀ ਪ੍ਰਸਤੁਤ ਕੀਤਾ ਹੋਇਆ ਹੈ। ਇਸ ਦਾ ਅਧਿਆਤਮਿਕ ਸੰਦਰਭ "ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰ ਜਾਹਿ" ਦਾ ਪੂਰਨ ਸੰਦੇਸ਼ ਮਿਲਦਾ ਹੈ।

ਮਨੁੱਖ ਨੂੰ ਆਪਣੇ ਹੱਕਾਂ ਲਈ ਜਾਗਰੂਕ ਕਰਨਾ ਤੇ ਰਾਜਨੀਤਿਕ ਮੁੱਲਾਂ ਪ੍ਰਤੀ ਚੇਤੰਨਤਾ ਵੀ ਮਿਲਦੀ ਹੈ। ਆਸਾ ਦੀ ਵਾਰ ਵਿੱਚ ਗੁਰੂ ਨਾਨਕ ਦੇਵ ਜੀ ਨੇ ਰਾਜਨੀਤਿਕ ਹਕੂਮਤ ਦੇ ਚਿਹਰੇ ਤੋਂ ਪਰਦਾ ਹਟਾਇਆ ਅਤੇ ਦੱਸਿਆ ਕਿ ਇੱਕ ਅਸਫ਼ਲ ਰਾਜਨੀਤੀ ਪਰਜਾ ਨੂੰ ਨਾ ਤਾਂ ਨਿਆਂ ਦੇ ਪਾਉਂਦੀ ਹੈ ਨਾ ਹੀ ਸਾਂਤੀ।ਇਸ ਤਰ੍ਹਾਂ ਦੀ ਹਕੂਮਤ ਆਮ ਲੋਕਾਂ ਦੇ ਮਨਾਂ ਵਿੱਚ ਅਨਿਆਂ ਅਤੇ ਅਰਾਜਕਤਾ ਦੀ ਭਾਵਨਾ ਫੈਲਾ ਦਿੰਦੀ ਹੈ ਜਿਸ ਨਾਲ ਅਸ਼ਫਲ ਰਹੇ ਸ਼ਾਸਕਾਂ ਦੀ ਤਸਵੀਰ ਮਿਲਦੀ ਹੈ ਤੇ ਲੋਕਾਂ ਨੂੰ ਜਾਗਰੂਕ ਕਰਨ ਦੇ ਲਈ ਉਦੇਸ਼ ਵੀ ਮਿਲਦਾ ਹੈ।

ਆਸਾ ਦੀ ਵਾਰ ਮਨੁੱਖ ਨੂੰ ਚੇਤੰਨਤਾ ਦਾ ਮਾਰਗ ਬਖਸਦੀ ਹੈ। ਤੇ ਇਸ ਮਾਰਗ ਨਾਲ ਮਨੁੱਖ ਦੇਵੀ ਗੁਣਾਂ ਦਾ ਧਾਰਨੀ ਬਣ ਸਕਦਾ ਹੈ ਬੇਸ਼ੱਕ ਵਿਸ਼ਵੀਕਰਨ ਵਿੱਚ ਮਨੁੱਖ ਨੂੰ ਇੰਨ੍ਹਾਂ ਗੁਣਾਂ ਸਦਕਾ ਕਈ ਰੁਕਾਵਟਾ ਦਾ ਸਾਹਮਣਾ ਕਰਨਾ ਪੈ ਸਕਦਾ। ਪਰ ਸਭ ਤੋਂ ਵੱਡੀ ਰੁਕਾਵਟ ਹਉਮੈ ਹੈ ਜੋ ਗੁਰੂ ਦੀ ਕਿਰਪਾ ਨਾਲ ਦੂਰ ਹੋ ਜਾਂਦੀ ਹੈ ਤੇ ਪਰਮਾਤਮਾ ਦੇ ਭਾਣੇ ਅਤੇ ਰਜ਼ਾ ਨੂੰ ਮੰਨਣਾ ਮਾਨਵ ਦੇ ਸੁਭਾ ਦਾ ਅਹਿਮ ਬਣ ਜਾਂਦਾ ਹੈ।ਜਿਹੜੇ ਇਨਸਾਨ ਹਉਮੇ ਵਿੱਚ ਜਿਉਂਦੇ ਹਨ ਉਨ੍ਹਾਂ ਲਈ ਝੂਠ, ਫਰੇਬ, ਛਲ, ਕਪਟ ਸਭ ਹੈ ਪਰ ਇਹ ਸਭ ਕੁਝ ਸਮ੍ਹੇਂ ਦੀ ਚਮਕ ਦਮਕ ਹੁੰਦੀ ਹੈ, ਅਸਲ ਸੱਚ, ਸਦੀਵੀਂ ਤਾਂ ਪਰਮਾਤਮਾ ਹੈ ਜੋ ਸਦੀਵੀਂ ਹੈ।

ਆਸਾ ਦੀ ਵਾਰ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਿਸ਼ਵ ਵਿੱਚ ਪ੍ਰਚਲਿਤ ਚਿੰਤਨ ਪੱਧਤੀਆਂ ਦੀ ਗੱਲ ਕੀਤੀ ਹੈ। ਜਿੱਥੇ ਧਰਮ ਦਾ ਸੁਧਾਰਿਆ ਹੋਇਆ ਉਸਾਰੂ ਰੂਪ ਪੇਸ਼ ਕੀਤਾ ਹੈ। ਗੁਰੂ ਸਾਹਿਬ ਨੇ ਸਮਾਜ – ਵਿਗਿਆਨੀ ਦੀ ਹੈਸੀਅਤ ਵਿੱਚ ਬਾਣੀ ਨੂੰ ਪੇਸ਼ ਨਹੀਂ ਕੀਤਾ। ਸਗੋਂ ਇਸ ਬਾਣੀ ਦੀ ਸਿਰਜਨਾ ਤਾਂ ਗੁਰੂ ਦੁਆਰਾ ਅਜ਼ਮਤ ਨਿਹਿਤ ਹੈ ਅਤੇ ਰਹੱਸਵਾਦੀ ਅਨੁਭਵ ਦੀ ਸਥਲ ਅਭਿਵਿਅਕਤ ਹੈ। ਧਾਰਮਿਕਤਾ, ਸੰਸਾਰਿਕਤਾ ਵਿੱਚ

ਚਲ ਰਹੀਆਂ ਪਰੰਪਰਕ ਅਤੇ ਯਥਾਰਥਕ ਤੱਥਾਂ ਦਾ ਸਰਵੇਖਣ ਦੇ ਬਾਵਜੂਦ ਵਾਰ ਦਾ ਸਮੁੱਚਾ ਪ੍ਰਭਾਵ ਰਹੱਸਵਾਦੀ ਹੀ ਹੈ।

## ਪੁਸਤਕ ਸੂਚੀ


1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ.
2. ਗੁਰਚਰਨ ਸਿੰਘ, ਗੁਰੂ ਨਾਨਕ ਦੀ ਕਾਵਿ ਕਲਾ, ਪਟਿਆਲਾ,ਪਬਲੀਕੇਸ਼ਨ ਬਿਊਰੋਂ, ਪੰਜਾਬੀ ਯੂਨੀਵਰਸਿਟੀ।2003
3. ਜਸਬੀਰ ਸਿੰਘ, ਗੁਰਮਤਿ ਕਾਵਿ ਸਿਧਾਂਤ ਤੇ ਵਿਹਾਰ, ਪੰਜਾਬੀ ਭਵਨ, ਲੁਧਿਆਣਾ, ਚੇਤਨਾ ਪ੍ਰਕਾਸ਼ਨ।2016
4. ਹਰਚਰਨ ਸਿੰਘ, ਖੋਜ ਪਤ੍ਰਿਕਾ, ਪਟਿਆਲਾ, ਪਬਲੀਕੇਸ਼ਨ ਬਿਊਰੋਂ, ਪੰਜਾਬੀ ਯੂਨੀਵਰਸਿਟੀ।1969
5. ਜਸਮੇਲ ਸਿੰਘ, ਗੁਰੂ ਦਾ ਸੰਕਲਪ, ਪੰਜਾਬੀ ਭਵਨ, ਲੁਧਿਆਣਾ, ਚੇਤਨਾ,ਪ੍ਰਕਾਸ਼ਨ।2016
6. ਸਿੰਗਲ ਧਰਮਪਾਲ, ਪੰਜਾਬੀ ਸਾਹਿਤ ਦਾ ਇਤਿਹਾਸ, ਚੰਡੀਗੜ੍ਹ, ਲੋਕ ਗੀਤ ਪ੍ਰਕਾਸ਼ਨ।2006
7. ਕਾਂਗ, ਅਮਰਜੀਤ ਸਿੰਘ, ਕਾਂਗ ਜਸਪਾਲ ਕੌਰ, ਮਧਕਾਲੀ ਪੰਜਾਬੀ ਸਾਹਿਤ ਵਿਵੇਕ, ਚੰਡੀਗੜ੍ਹ,ਪੰਜਾਬ ਯੂਨੀਵਰਸਿਟੀ।2011
8. ਕਸੇਲ, ਪ੍ਰੀਮਿੰਦਰ ਸਿੰਘ, ਕਿਰਪਾਲ ਸਿੰਘ, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਲੁਧਿਆਣਾ, ਲਾਜਪਤ ਰਾਏ ਮਾਰਕਿਟ। 2011
9. ਬੇਅੰਤ ਕੌਰ, ਸਿੱਖ ਧਰਮ ਸ਼ਾਸਤਰ ਦਾ ਤੱਤ ਸਾਰ, ਪੰਜਾਬੀ ਭਵਨ, ਲੁਧਿਆਣਾ, ਚੇਤਨਾ ਪ੍ਰਕਾਸ਼ਨ।2016
10. ਗੁਰਮਤਿ ਪ੍ਰਕਾਸ਼, ਅੰਮ੍ਰਿਤਸਰ, ਧਰਮ ਪ੍ਰਚਾਰ ਕਮੇਟੀ, ਪ੍ਰਕਾਸ਼ਨ।2011
11. ਭੱਟੀ, ਸੁਰਜੀਤ ਸਿੰਘ, ਵਿਸ਼ਵੀਕਰਨ ਅਤੇ ਸਾਹਿਤ ਚਿੰਤਨ, ਪੰਜਾਬੀ ਭਵਨ, ਲੁਧਿਆਣਾ,ਚੇਤਨਾ ਪ੍ਰਕਾਸ਼ਨ।2016
12. ਭੱਟੀ, ਬਲਵਿੰਦਰਜੀਤ ਕੌਰ, ਸ੍ਰੀ ਗੁਰੂ ਗ੍ਰੰਥ ਸਾਹਿਬ ਸਮਾਜਕ ਸਰੋਕਾਰ, ਪਜੰਾਬੀ ਭਵਨ,ਲੁਧਿਆਣਾ,ਚੇਤਨਾ ਪ੍ਰਕਾਸ਼ਨ ਲੁਧਿਆਣਾ।2016